# ਬਾਰਹਮਾਹਾ
# ਕਤਿਕਿ

***ਸੰਤ ਵਰਿਆਮ ਸਿੰਘ ਜੀ***
***ਬਾਨੀ ਵਿ. ਗੁ. ਰੂ. ਮਿਸ਼ਨ***

*ਕਤਿਕਿ ਕਰਮ ਕਮਾਵਣੇ ਦੋਸੁ ਨ ਕਾਹੂ ਜੋਗੁ॥*
*ਪਰਮੇਸਰ ਤੇ ਭੁਲਿਆਂ ਵਿਆਪਨਿ ਸਭੇ ਰੋਗ॥*
*ਵੇਮੁਖ ਹੋਏ ਰਾਮ ਤੇ ਲਗਨਿ ਜਨਮ ਵਿਜੋਗ॥*
*ਖਿਨ ਮਹਿ ਕਉੜੇ ਹੋਏ ਗਏ ਜਿਤੜੇ ਮਾਇਆ ਭੋਗ॥*
*ਵਿਚੁ ਨ ਕੋਈ ਕਰਿ ਸਕੈ ਕਿਸ ਥੈ ਰੋਵਹਿ ਰੋਜ॥*
*ਕੀਤਾ ਕਿਛੂ ਨ ਹੋਵਈ ਲਿਖਿਆ ਧੁਰਿ ਸੰਜੋਗ॥*
*ਵਡਭਾਗੀ ਮੇਰਾ ਪ੍ਰਭੁ ਮਿਲੈ ਤਾਂ ਉਤਰਹਿ ਸਭਿ ਬਿਓਗ॥*
*ਨਾਨਕ ਕਉ ਪ੍ਰਭ ਰਾਖਿ ਲੇਹਿ ਮੇਰੇ ਸਾਹਿਬ ਬੰਦੀ ਮੋਚ॥*
*ਕਤਿਕ ਹੋਵੈ ਸਾਧਸੰਗੁ ਬਿਨਸਹਿ ਸਭੇ ਸੋਚ॥*

*ਅੰਗ - 135*

ਸਾਧਸੰਗਤ ਜੀ ਗੱਜ ਕੇ ਬੋਲਣਾ ਸਤਿਨਾਮ ਸ੍ਰੀ ਵਾਹਿਗੁਰੂ। ਕਾਰੋਬਾਰ ਸੰਕੋਚਦੇ ਹੋਏ ਆਪ ਦੂਰ-ਦਰਾਜ਼ ਤੋਂ ਗੁਰੂ ਦਰਬਾਰ ਵਿਚ ਪਹੁੰਚੇ ਓਂ। ਚਿੱਤ ਦੀਆਂ ਬਿਰਤੀਆਂ ਜੋ ਮਨ ਨੂੰ ਨਠਾਈ ਫਿਰਦੀਆਂ ਨੇ, ਉਨ੍ਹਾਂ ਨੂੰ ਇਕਾਗਰਤਾ ਦੇ ਘਰ ਲੈ ਕੇ ਜਾਓ। ਨੇਤਰਾਂ ਦੇ ਨਾਲ ਗੁਰੂ ਸਰੂਪ ਦਾ ਦਰਸ਼ਨ ਕਰੋ। ਕੰਨਾਂ ਦੇ ਨਾਲ ਬਾਣੀ ਸਰਵਣ ਕਰੋ। ਬੁੱਧੀ ਦੇ ਨਾਲ ਵਿਚਾਰ ਕਰਕੇ ਹਿਰਦੇ ਵਿਚ ਜਦੋਂ ਅਸੀਂ ਧਾਰਨ ਕਰਾਂਗੇ ਤਾਂ ਪੂਰਾ-ਪੂਰਾ ਫਾਇਦਾ ਜੋ ਗੁਰੂ ਗਰੰਥ ਸਾਹਿਬ ਜੀ ਵਿਚ ਲਿਖਿਆ ਹੈ ਪ੍ਰਾਪਤ ਹੋਵੇਗਾ -

*ਕਈ ਕੋਟਿਕ ਜਗ ਫਲਾ ਸੁਣਿ ਗਾਵਨਹਾਰੇ ਰਾਮ॥*

*ਅੰਗ - 546*

ਸਾਡੇ ਕਰੋੜਾਂ ਪੁੰਨ ਬਣ ਜਾਣਗੇ। ਉਨ੍ਹਾਂ ਪੁੰਨਾਂ ਦਾ ਸਦਕਾ ਦੋ ਚੀਜ਼ਾਂ ਸਾਨੂੰ ਮਿਲ ਜਾਣਗੀਆਂ। ਭਾਗ ਬਣਨਗੇ, ਭਾਗਾਂ ਦੇ ਨਾਲ ਸਾਨੂੰ ਕੁਛ ਪ੍ਰਾਪਤ ਹੋਏਗਾ। ਉਹ ਅਮੁੱਲ ਚੀਜ਼ਾਂ ਨੇ ਕਲਜੁਗ ਦੇ ਸਮੇਂ ਦੇ ਅੰਦਰ।

*ਹਰਿ ਕੀਰਤਿ ਸਾਧ ਸੰਗਤਿ ਹੈ ਸਿਰਿ ਕਰਮਨ ਕੈ ਕਰਮਾ॥*

*ਅੰਗ - 642*

ਸਾਰਿਆਂ ਤੋਂ ਜੋ ਸ਼੍ਰੋਮਣੀ ਕਰਮ ਹਨ - ਇਕ ਤਾਂ ਸਾਧੂ ਦੀ ਸੰਗਤ, ਦੂਜਾ ਹੈ ਹਰੀ ਦਾ ਜਸ। ਇਹ ਐਵੇਂ ਪ੍ਰਾਪਤ ਨਹੀਂ ਹੋਇਆ ਕਰਦੀਆਂ -

*ਕਹੁ ਨਾਨਕ ਤਿਸੁ ਭਇਓ ਪਰਾਪਤਿ*
*ਜਿਸੁ ਪੁਰਬ ਲਿਖੇ ਕਾ ਲਹਨਾ॥* *ਅੰਗ - 642*

ਜਿਹਦੇ ਮਸਤਕ ਦੇ ਵਿਚ ਲੇਖ ਲਿਖਿਆ ਹੋਵੇ ਉਸ ਨੂੰ ਹਰਿਕੀਰਤ ਪ੍ਰਾਪਤ ਹੁੰਦਾ ਹੈ। ਹੋਰ ਨਹੀਂ ਕਿਸੇ ਨੂੰ ਪ੍ਰਾਪਤ ਹੋਇਆ ਕਰਦਾ। ਸੋ ਐਸਾ ਹੈ ਕਿ ਆਪ ਸਾਰੇ ਚਲ ਕੇ ਆਉਂਦੇ ਓਂ, ਪੁੰਨਾਂ ਦਾ ਫਲ ਵਧ ਜਾਂਦਾ ਹੈ, ਉਹਦੇ ਨਾਲ ਗੁਰੂ ਦੀ ਬਾਣੀ ਸਰਵਣ ਕਰਦੇ ਓਂ, ਬੁੱਧੀ ਵਿਚਾਰ ਕਰਦੀ ਹੈ, ਸੋ ਸਾਡਾ ਸਮਾਂ ਪ੍ਰਮੇਸ਼ਰ ਦੀ ਯਾਦ ਵਿਚ ਲਗ ਜਾਂਦਾ ਹੈ। ਜਦੋਂ ਵਾਹਿਗੁਰੂ ਦਾ ਪਿਆਰ ਹਿਰਦੇ ਵਿਚ ਜਾਗ ਪਵੇ, ਫੇਰ ਯਾਦ ਵਧ ਜਾਵੇ, ਉਸ ਵੇਲੇ ਉਸ ਨੂੰ ਸਿਮਰਨ ਕਿਹਾ ਕਰਦੇ ਨੇ। ਜਦੋਂ ਪ੍ਰਮੇਸ਼ਰ ਭੁੱਲ ਜਾਵੇ, ਜੀਵ ਜਿਹੜਾ ਹੈ ਉਹ ਪ੍ਰਮੇਸ਼ਰ ਵਲੋਂ ਪਿੱਠ ਕਰ ਲੈਂਦਾ ਹੈ ਤੇ ਉਹਦਾ ਜਿਹੜਾ ਸਮਾਂ ਹੈ, ਉਹ ਲੇਖੇ ਵਿਚ ਨਹੀਂ ਫੇਰ ਲਗਦਾ। ਉਹ ਐਵੇਂ ਹੀ ਵਿਹਾਅ ਜਾਂਦਾ ਹੈ। ਕੋਈ ਫਾਇਦਾ ਨਹੀਂ ਉਸਨੂੰ ਹੋਇਆ ਕਰਦਾ, ਉਮਰ ਲੰਘ ਜਾਂਦੀ ਹੈ, ਉਮਰ ਲੰਘਣ ਤੋਂ ਬਾਅਦ ਜਦੋਂ ਦਰਗਾਹ ਵਿਚ ਜਾ ਕੇ ਖੜ੍ਹਦਾ ਹੈ, ਕੁਛ ਵੀ ਨਹੀਂ ਪੱਲੇ ਹੋਇਆ ਕਰਦਾ। ਸੋ ਜਨਮ ਆਪਣਾ ਗਵਾ ਕੇ ਚਲਿਆ ਜਾਂਦਾ ਹੈ, ਉਸ ਵੇਲੇ ਜਦੋਂ ਪ੍ਰਮੇਸ਼ਰ ਨੂੰ ਭੁੱਲਦਾ ਹੈ।

ਉਹ ਸ਼ਕਤੀ ਪਿਆਰ ਦੀ ਭਰੀ ਹੋਈ ਜੋ ਸਾਨੂੰ ਦਿੰਦੀ ਹੀ ਦਿੰਦੀ ਹੈ, ਸਾਡੇ ਤੋਂ ਲੈਂਦੀ ਕੁਛ ਨਹੀਂ ਹੈ। ਸੋਹਣਾ ਸਰੀਰ ਦਿਤਾ ਹੈ। ਮਹਾਰਾਜ ਕਹਿੰਦੇ ਤੂੰ ਆਪਣਾ ਆਪ ਦੇਖਦਾ ਹੈਂ ਤੂੰ ਕੀ ਸੀ।

*ਇਸੁ ਪਾਨੀ ਤੇ ਜਿਨਿ ਤੂ ਘਰਿਆ॥* *ਅੰਗ - 913*

ਇਕ ਗੰਦੀ ਬੂੰਦ ਸੀ ਤੂੰ, ਇਕ ਗੰਦੀ ਬੂੰਦ ਦਾ ਕੀੜਾ ਸੀ। ਕਿਹੋ ਜਿਹਾ ਸੁੰਦਰ ਸਰੀਰ ਮਿਲ ਗਿਆ, ਕਿੰਨੀ ਅਕਲ ਮਿਲ ਗਈ, ਕਿੰਨੇ ਸੋਹਣੇ ਨੈਣ ਨਕਸ਼ ਮਿਲ ਗਏ, ਬੁੱਧੀ ਮਿਲ ਗਏ, ਫੇਰ ਉਹ ਤੇਰੇ ਖਾਣ ਵਾਸਤੇ ਪਹਿਲਾਂ ਹੀ ਇੰਤਜ਼ਾਮ ਕਰਦਾ ਹੈ, ਮਾਤਾ ਦੇ ਪੇਟ ਵਿਚ ਉਸ ਨੇ ਆਪੇ ਹੀ ਇੰਤਜ਼ਾਮ ਕਰਿਆ ਹੈ, ਨਾ ਕੋਈ ਦੰਦ ਸੀ, ਨਾ ਕੋਈ ਚੀਜ਼ ਸੀ। ਲੋੜੀਂਦੀਆਂ ਚੀਜ਼ਾਂ ਜਿੰਨੀਆਂ ਵੀ ਨੇ, ਸਾਰੇ ਲੋੜੀਂਦੇ ਪਦਾਰਥ ਉਸ ਥਾਂ ਪਹੁੰਚ ਗਏ। ਉਸ ਤੋਂ ਬਾਅਦ ਫੇਰ ਤੈਨੂੰ ਜਨਮ ਦਿਵਾਇਆ, ਵੱਡਾ ਹੋਇਆ। ਚਾਹੀਦਾ ਤਾਂ ਇਹ ਸੀ ਕਿ ਤੈਨੂੰ ਆਪਣੇ ਆਪ ਦਾ ਪਤਾ ਲਗਦਾ, ਕਿਉਂਕਿ ਬਹੁਤ ਜਨਮ ਲੰਘ ਗਏ -

*ਕਈ ਜਨਮ ਭਏ ਕੀਟ ਪਤੰਗਾ॥*
*ਕਈ ਜਨਮ ਗਜ ਮੀਨ ਕੁਰੰਗਾ॥*
*ਕਈ ਜਨਮ ਪੰਖੀ ਸਰਪ ਹੋਇਓ॥*
*ਕਈ ਜਨਮ ਹੈਵਰ ਬ੍ਰਿਖ ਜੋਇਓ॥*
*ਮਿਲੁ ਜਗਦੀਸ ਮਿਲਨ ਕੀ ਬਰੀਆ॥*
*ਚਿਰੰਕਾਲ ਇਹ ਦੇਹ ਸੰਜਰੀਆ॥* *ਅੰਗ - 176*

ਯਾਦ ਹੈ ਸਾਡੇ ਕਿਸੇ ਦੇ? ਜਦੋਂ ਕਿਤੇ ਬੈਲ ਬਣ ਕੇ ਹਲ ਖਿਚਦੇ ਹੋਵਾਂਗੇ ਤੇ ਕਿਸਾਨ ਡੰਡੇ ਮਾਰਦਾ ਹੋਏਗਾ। ਯਾਦ ਹੈ? ਘੋੜੇ ਬਣੇ ਹੋਵਾਂਗੇ, ਟਾਂਗਿਆਂ ਨਾਲ ਜੁੜੇ

ਹੋਵਾਂਗੇ, ਬੋਝ ਜ਼ਿਆਦਾ ਲੱਦ ਕੇ ਮਾਰਦਾ ਹੀ ਚਲਿਆ ਜਾਏਗਾ, ਉਹ ਵੀ ਭੁੱਲੇ ਹੋਏ ਹਾਂ। ਕੀੜੇ ਮਕੌੜੇ ਬਣੇ ਹੋਵਾਂਗੇ। ਮਹਾਰਾਜ ਕਹਿੰਦੇ ਕਿੰਨੇ ਜਨਮ ਤੂੰ ਕੀੜੇ ਮਕੌੜੇ ਬਣਦਾ ਰਿਹਾ। ਕਿੰਨੇ ਜਨਮ ਤੂੰ ਹਾਥੀ ਵੀ ਬਣਿਆ ਹੈਂ। ਹਰਨ ਵੀ ਬਣਿਆ ਹੈਂ। ਜੰਗਲੀ ਜਾਨਵਰ ਵੀ ਬਣਿਆ ਹੈਂ, ਪਾਣੀ ਦੇ ਜਾਨਵਰ ਵੀ ਬਣਿਆ ਹੈਂ, ਮੱਛੀਆਂ ਆਦਿ। ਬਹੁਤ ਸਮਾਂ ਲੰਘ ਗਿਆ ਤੇ ਤੂੰ ਹੁਣ ਯਾਦ ਕਰਦਾ ਹੈਂ ਇਸ ਚੀਜ਼ ਨੂੰ? ਯਾਦ ਹੈ ਤੇਰੇ? ਭੁੱਲ ਗਿਆ ਇਹ। ਕਿਉਂਕਿ ਮਾਇਆ ਦਾ ਅਸਰ ਪੈ ਗਿਆ। ਮਾਇਆ ਦੇ ਅਸਰ ਨਾਲ ਇਹ ਭੁੱਲ ਚੁਕਿਆ ਹੈ। ਹੋਇਆ ਕੀ ਦੇਖਣ ਵਾਲੀਆਂ ਚੀਜ਼ਾਂ ਜਿਹੜੀਆਂ ਇਹਨੂੰ ਬਾਰ-ਬਾਰ ਧੋਖਾ ਦਿੰਦੀਆਂ ਨੇ। ਉਨ੍ਹਾਂ ਨਾਲ ਤਾਂ ਇਹਦਾ ਪਿਆਰ ਪੈ ਗਿਆ। ਜਿਹੜਾ ਮਿੱਤਰ ਇਹਨੂੰ ਹਰ ਥਾਂ ਦੇ ਉਤੇ ਸਹਾਇਤਾ ਕਰਕੇ ਮਦਦ ਦਿੰਦਾ ਹੈ। ਉਸ ਦਾ ਚਿੱਤ ਚੇਤਾ ਹੀ ਭੁੱਲ ਗਿਆ।

*ਪਹਿਲੈ ਪਿਆਰਿ ਲਗਾ ਥਣ ਦੁਧਿ॥*
*ਦੂਜੈ ਮਾਇ ਬਾਪ ਕੀ ਸੁਧਿ॥ ਅੰਗ - 137*

ਭੁੱਖ ਲੱਗਣ ਲਗ ਗਈ। ਦੁੱਧ ਨਾਲ ਪਿਆਰ ਪੈ ਗਿਆ। ਮਾਂ ਬਾਪ ਦਾ ਪਤਾ ਲਗ ਗਿਆ, ਗੋਦੀ ਚੜ੍ਹਿਆ ਫਿਰਦਾ ਹੈ, ਉਨ੍ਹਾਂ ਦੀ ਸੋਝੀ ਹੋ ਗਈ।

*ਤੀਜੈ ਭਯਾ ਭਾਭੀ ਬੇਬ॥*
*ਚਉਥੈ ਪਿਆਰਿ ਉਪੰਨੀ ਖੇਡ॥ ਅੰਗ - 137*

*ਪੰਜਵੈ ਖਾਣ ਪੀਅਣ ਕੀ ਧਾਤੁ॥*
*ਛਿਵੈ ਕਾਮੁ ਨ ਪੁਛੈ ਜਾਤਿ॥ ਅੰਗ - 137*

ਖਾਣਾ ਪੀਣਾ ਹੀ ਮੁਖ ਬਣਾ ਲਿਆ।

*ਸਤਵੈ ਸੰਜਿ ਕੀਆ ਘਰ ਵਾਸੁ॥ ਅੰਗ - 137*

ਪੈਸੇ ਜੋੜਨੇ ਸ਼ੁਰੂ ਕਰ ਦਿਤੇ, 50-60 ਸਾਲ ਦੀ ਉਮਰ ਹੋ ਗਈ, ਹੁਣ ਕਹਿੰਦਾ ਜੋੜਾਂਗਾ ਪੈਸੇ, ਹੁਣ ਤਕ ਤਾਂ ਜੁੜੇ ਨਹੀਂ। ਜਿਨ੍ਹਾਂ ਵਾਸਤੇ ਜੋੜਦਾ ਹੈ ਪੈਸੇ ਉਹ ਆਖੇ ਨਹੀਂ ਲਗਦੇ। ਫੇਰ ਕ੍ਰੋਧ ਆਉਂਦਾ ਹੈ, ਬਣਦਾ ਕੁਛ ਵੀ ਨਹੀਂ।

*ਅਠਵੈ ਕ੍ਰੋਧਿ ਹੋਆ ਤਨ ਨਾਸੁ॥*
*ਨਾਵੈ ਧਉਲੇ ਉਭੇ ਸਾਹ॥*
*ਦਸਵੈ ਦਧਾ ਹੋਆ ਸੁਆਹ॥ ਅੰਗ - 137*

ਨੱਬੇ ਸਾਲ ਦੀ ਉਮਰ ਹੋ ਗਈ ਹਿਲਜੁਲ ਹੁੰਦਾ ਨਹੀਂ ਹੈ ਤੇ ਉਭੇ ਸਾਹ ਲੈਂਦਾ ਹੈ ਕਿ ਮੈਂ ਵੀ ਕਦੇ ਤਕੜਾ ਸੀ। ਜੀਅ ਕਰਦਾ ਹੈ ਕਿ ਦੌੜਾਂ ਭੱਜਾਂ, ਖਾ ਲਵਾਂ ਚੀਜ਼। ਕਿਉਂਕਿ ਅੱਗੇ ਸਰੀਰ ਜਵਾਬ ਦੇਈ ਬੈਠਾ ਹੈ। ਅਖੀਰ ਸੁਆਹ ਬਣ ਕੇ ਉਡ ਜਾਂਦਾ ਹੈ। ਆਹ ਹਸਤੀ ਹੈ ਮਨੁੱਖ ਦੀ। ਚਾਹੇ ਛੋਟਾ ਹੋਵੇ, ਚਾਹੇ ਵੱਡਾ ਹੋਵੇ।

ਸੋ ਇਸ ਤਰ੍ਹਾਂ ਦੇ ਨਾਲ ਮਹਾਰਾਜ ਕਹਿੰਦੇ ਤੂੰ ਨਾ ਗਲਤੀ ਖਾ ਗਿਆ, ਧੋਖਾ ਖਾ ਗਿਆ। ਜਿਹੜਾ ਵਾਹਿਗੁਰੂ ਤੇਰੇ ਨਾਲ ਸੀ -

*ਜਹ ਜਹ ਪੇਖਉ ਤਹ ਹਜੂਰਿ ਦੂਰਿ ਕਤਹੁ ਨ ਜਾਈ॥*
*ਅੰਗ - 677*

ਇਹਨੂੰ ਮੰਨ ਲਈਏ ਆਪਾਂ ਗੁਰੂ ਦੀ ਗੱਲ ਨੂੰ। ਮੰਨਣ ਵਾਸਤੇ ਹੀ ਅਸੀਂ ਗੁਰੂ ਦੀ ਸਿੱਖੀ ਧਾਰਨ ਕੀਤੀ ਹੈ ਨਾ। ਗੁਰੂ ਕਹਿੰਦਾ ਹੈ ਕਿ ਜਿਥੇ ਵੀ ਤੂੰ ਦੇਖਦਾ ਹੈਂ ਤੇਰੇ ਨਾਲ ਹੈ। ਦੂਰ ਜਾਂਦਾ ਹੀ ਨਹੀਂ ਉਹ, ਅੰਦਰ ਵੀ ਤੇਰੇ ਨਾਲ ਹੈ, ਜਦੋਂ ਪਾਠ ਕਰਦਾ ਹੈਂ ਜਦ ਵੀ ਤੇਰੇ ਨਾਲ ਹੁੰਦਾ ਹੈ। ਜਦੋਂ ਬੁਰੇ ਖਿਆਲ ਤੈਨੂੰ ਆ ਕੇ ਘੇਰ ਲੈਂਦੇ ਨੇ, ਫੇਰ ਵੀ ਉਹ ਸਾਖੀ ਰੂਪ ਵਿਚ ਦੇਖਦਾ ਰਹਿੰਦਾ ਹੈ ਕਿ ਇਹ ਕੀ ਕਰਨ ਲਗ ਗਿਆ। ਫੇਰ ਇਹ ਜੀਵ ਦੇ ਉਧਾਰ ਵਾਸਤੇ ਆਪਣੇ ਪਿਆਰਿਆਂ ਨੂੰ ਕਹਿੰਦਾ ਹੈ, ਤੁਸੀਂ ਜਾਓ ਇਨ੍ਹਾਂ ਵਰਗਾ ਰੂਪ ਧਾਰੋ, ਇਨ੍ਹਾਂ ਬੰਦਿਆਂ ਨੂੰ ਸਮਝਾਓ, ਇਹ ਬਹੁਤ ਦੁਖੀ ਹੋਣਗੇ। ਇਨ੍ਹਾਂ ਨੂੰ ਪਤਾ ਨਹੀਂ ਹੈ ਕਿ ਪ੍ਰਮੇਸ਼ਰ ਨੂੰ ਭੁੱਲ ਕੇ ਕੀ ਹੁੰਦਾ ਹੈ। ਮੈਂ ਇਨ੍ਹਾਂ ਦੇ ਵਿਚ ਰਹਿੰਦਾ ਹਾਂ, ਸਭ ਕੁਛ ਦਿੰਦਾ ਹਾਂ। ਪਰ ਇਹ ਜੀਵ ਸਦਾ ਹੀ ਦੁਸ਼ਮਣਾਂ ਦੇ ਨਾਲ ਵਾਹ ਪਾਉਂਦਾ ਹੈ।

*ਸੰਗਿ ਸਹਾਈ ਸੁ ਆਵੈ ਨ ਚੀਤਿ॥*
*ਜੋ ਬੈਰਾਈ ਤਾ ਸਿਉ ਪ੍ਰੀਤਿ॥ ਅੰਗ - 267*

ਜਿਹੜੇ ਵੈਰ ਕਰਨ ਵਾਲੇ ਨੇ ਉਹ ਬੜੇ ਪਿਆਰੇ ਲਗਦੇ ਨੇ। ਮੋਹ ਕਿੰਨਾ ਪਿਆਰਾ ਲਗਦਾ ਹੈ। ਮੇਰਾ-ਮੇਰਾ ਕਰਦਾ ਹੈ, ਮੇਰਾ ਦੋਹਤਾ, ਮੇਰਾ ਭਾਣਜਾ, ਮੇਰਾ ਪੁੱਤਰ, ਮੇਰੀ ਧੀ, ਮੇਰਾ ਮਕਾਨ, ਮੇਰਾ ਫਲਾਣਾ-ਮੇਰਾ ਫਲਾਣਾ, ਉਹਦੇ ਵਿਚ ਐਸਾ ਫਸਿਆ ਹੁੰਦਾ ਹੈ ਬੁਰੀ ਤਰ੍ਹਾਂ ਦੇ ਨਾਲ, ਨਿਕਲ ਨਹੀਂ ਸਕਦਾ ਤੇ ਨਾ ਨਿਕਲਣ ਕਰਕੇ ਇਹਦਾ ਜਨਮ ਜਿਹੜਾ ਹੈ ਇਹ ਲੰਘਿਆ ਚਲਿਆ ਜਾਂਦਾ ਹੈ। 24000 ਹਜ਼ਾਰ ਸੁਆਸ ਰੋਜ਼ ਲੰਘ ਜਾਂਦੇ ਨੇ, ਧੋਖਾ ਖਾ ਜਾਂਦਾ ਹੈ ਇਹ, ਵੈਰੀਆਂ ਨੇ ਇਹਨੂੰ ਭਰਮਾ ਲਿਆ। ਲੋਭ ਨਾਲ ਪਿਆਰ ਪਾਉਂਦਾ ਹੈ, ਕ੍ਰੋਧ ਪਿਆਰਾ ਲਗਦਾ ਹੈ ਇਸਨੂੰ, ਸਰੀਰ ਦੇ ਅੰਦਰ ਆਉਣ ਦਿੰਦਾ ਹੈ, ਕਾਮ ਨਾਲ ਪਿਆਰ ਪਾਉਂਦਾ ਹੈ। ਮਹਾਰਾਜ ਕਹਿੰਦੇ ਇਹ ਤਾਂ ਤੇਰੇ ਸਰੀਰ ਨੂੰ ਖਾ ਜਾਣਗੇ, ਖਤਮ ਕਰ ਦੇਣਗੇ, ਗਾਲ ਦੇਣਗੇ।

*ਕਾਮੁ ਕ੍ਰੋਧੁ ਕਾਇਆ ਕਉ ਗਾਲੈ॥*
*ਜਿਉ ਕੰਚਨ ਸੋਹਾਗਾ ਢਾਲੈ॥ ਅੰਗ - 932*

ਗਾਲਦੇ ਵੀ ਐਉਂ ਨੇ ਜਿਵੇਂ ਸੋਨਾ ਢਲਦਾ ਨਹੀਂ ਹੈ, ਜਦ ਸੁਹਾਗਾ ਪਾ ਦਿੰਦੇ ਨੇ, ਉਸੇ ਵੇਲੇ ਢਲਣਾ ਸ਼ੁਰੂ ਹੋ ਜਾਂਦਾ ਹੈ। ਸੋ ਇਹਦੀ ਇਨ੍ਹਾਂ ਨਾਲ ਮਿਤਰਤਾ ਹੈ, ਲੋਭ ਨਾਲ ਮਿਤਰਤਾ ਹੈ, ਮੋਹ ਨਾਲ ਮਿਤਰਤਾ ਹੈ, ਕ੍ਰੋਧ ਨੂੰ ਬਹੁਤ ਚੰਗਾ ਜਾਣਦਾ ਹੈ, ਆਸ਼ਾਵਾਂ ਹਨ, ਵਾਸ਼ਨਾਵਾਂ ਹਨ, ਸਾਰਿਆਂ ਦੇ ਨਾਲ ਪਿਆਰ ਪਾਇਆ ਹੋਇਆ ਹੈ।

*ਜੋ ਬੈਰਾਈ ਤਾ ਸਿਉ ਪ੍ਰੀਤਿ॥ ਅੰਗ - 267*

ਪੜ੍ਹਿਆ ਲਿਖਿਆ ਬੰਦਾ ਵਿਚਾਰ ਕਰਦਾ ਹੈ ਕਿ ਹੈਂ ਗਲਤ ਪ੍ਰੀਤ ਪਾ ਲਈ ਅਸੀਂ ਤਾਂ। ਮਹਾਰਾਜ ਕਹਿੰਦੇ ਇਹਦੇ ਵਿਚ ਭੁੱਲਿਆ ਪਿਆ ਹੈ।

*ਬਲੂਆ ਕੇ ਗ੍ਰਿਹ ਭੀਤਰਿ ਬਸੈ॥*
*ਅਨਦ ਕੇਲ ਮਾਇਆ ਰੰਗਿ ਰਸੈ॥* *ਅੰਗ - 267*

ਬਾਲੂ ਰੇਤੇ ਦਾ ਘਰ ਪਾ ਕੇ ਉਤੇ ਸ਼ਤੀਰ ਪਾਏ ਹੋਏ ਨੇ। ਉਹਨੇ ਉਡ ਜਾਣਾ ਹੈ, ਥੱਲੇ ਆ ਕੇ ਮਰ ਜਾਣਾ ਹੈ ਇਹਨੇ। ਮਾਇਆ ਦੇ ਰੰਗਾਂ ਵਿਚ ਰਚਿਆ ਪਿਆ ਹੈ। ਪ੍ਰਮੇਸ਼ਰ ਤੋਂ ਬਗੈਰ ਜਿੰਨਾ ਕੁਛ ਦਿਸਦਾ ਹੈ, ਜਿੰਨਾ ਕੁਛ ਸੁਣਦਾ ਹੈ ਇਹਨੂੰ ਮਾਇਆ ਕਹਿੰਦੇ ਨੇ। ਇਹਦੇ ਸਾਰੇ ਰੰਗਾਂ 'ਚ ਰਚਿਆ ਪਿਆ ਹੈ। ਖਿਚਦੀ ਹੈ ਮਾਇਆ ਇਸਨੂੰ ਆਪਣੇ ਵਲ ਨੂੰ।

*ਦ੍ਰਿੜੁ ਕਰਿ ਮਾਨੈ ਮਨਹਿ ਪ੍ਰਤੀਤਿ॥* *ਅੰਗ - 136*

ਦ੍ਰਿੜ੍ਹ ਕਰਕੇ ਇਹ ਮਨ ਦੇ ਵਿਚ ਪ੍ਰਤੀਤੀ ਆ ਗਈ ਇਹਦੇ ਕਿ ਮੈਂ ਸੰਸਾਰ ਤੋਂ ਨਹੀਂ ਜਾਣਾ। ਸੰਸਾਰ 'ਚੋਂ ਤਾਂ ਹੋਰ ਹੀ ਲੋਕ ਜਾਂਦੇ ਨੇ। ਮੈਂ ਕਦੇ ਬੁੱਢੇ ਨਹੀਂ ਹੋਣਾ, ਮੈਂ ਸਦਾ ਜਵਾਨ ਰਹਿਣਾ ਹੈ, ਮੈਂ ਤਾਂ ਕਿਸੇ ਦਾ ਮੁਹਥਾਜ ਨਹੀਂ ਹੋਣਾ, ਮੈਂ ਤਾਂ ਆਪ ਹੀ ਸਾਰਾ ਕੁਛ ਕਰਨਾ ਹੈ। ਮਹਾਰਾਜ ਕਹਿੰਦੇ ਇਹਨੂੰ ਯਾਦ ਨਹੀਂ ਆਉਂਦਾ –

*ਕਾਲੁ ਨ ਆਵੈ ਮੂੜੇ ਚੀਤਿ॥* *ਅੰਗ - 267*

ਜਾਣ ਦਾ ਇਸਨੂੰ ਪਤਾ ਨਹੀਂ ਲਗਦਾ, ਜੇ ਜਾਣ ਦਾ ਪਤਾ ਲਗ ਜਾਏ।

*ਜਿਨੀ ਚਲਣੁ ਜਾਣਿਆ ਸੇ ਕਿਉ ਕਰਹਿ ਵਿਥਾਰ॥*
*ਅੰਗ - 787*

ਉਹ ਫੇਰ ਗਲਤ ਗੱਲਾਂ ਨਹੀਂ ਕਰਦੇ। ਜਿਹਨੂੰ ਪਤਾ ਹੈ ਚਲੇ ਜਾਣਾ ਹੈ ਤੇ ਉਥੇ ਜਾ ਕੇ ਤਾਂ ਲੇਖੇ ਦੇਣੇ ਪੈਣੇ ਨੇ।

*ਬੈਰ ਬਿਰੋਧ ਕਾਮ ਕ੍ਰੋਧ ਮੋਹ॥*
*ਝੂਠ ਬਿਕਾਰ ਮਹਾ ਲੋਭ ਧ੍ਰੋਹ॥*
*ਇਆਹੂ ਜੁਗਤਿ ਬਿਹਾਨੇ ਕਈ ਜਨਮ॥*
*ਨਾਨਕ ਰਾਖਿ ਲੇਹੁ ਆਪਨ ਕਰਿ ਕਰਮ॥ਅੰਗ - 268*

ਆਹ ਮਾੜੀਆਂ ਚੀਜ਼ਾਂ ਮਹਾਰਾਜ ਨੇ ਦੱਸ ਗਿਣੀਆਂ ਨੇ। ਇਨ੍ਹਾਂ ਦੇ ਵਿਚ ਫਸਿਆ ਪਿਆ ਹੈ। ਇਨ੍ਹਾਂ ਨਾਲ ਪਿਆਰ ਪਾ ਕੇ, ਜਦ ਵੀ ਵਾਰੀ ਆ ਕੇ ਫੇਰ ਮਨੁੱਖ ਬਣਿਆ ਹੈ, ਉਹ ਲੰਘ ਜਾਂਦਾ ਹੈ, ਸਫਲਾ ਨਹੀਂ ਹੁੰਦਾ। ਫੇਰ ਸੋਝੀ ਜਿਸਨੂੰ ਆਉਂਦੀ ਹੈ, ਉਹ ਅਰਦਾਸ ਕਰਦਾ ਹੈ ਕਿ ਹੇ ਪ੍ਰਭੂ ਹੁਣ ਮੈਨੂੰ ਰੱਖ ਲੈ। ਮਹਾਰਾਜ ਕਹਿੰਦੇ ਫਿਰਦੇ–ਫਿਰਦੇ–ਫਿਰਦੇ, ਚੱਕਰ ਖਾਂਦੇ–ਖਾਂਦੇ ਦੇ, ਕਿਤੇ ਭਾਗ ਬਣ ਜਾਣ ਤੇ ਇਹਨੂੰ ਪ੍ਰਾਪਤ ਹੋ ਜਾਵੇ ਸਾਧਸੰਗ। ਫੇਰ ਇਹਨੂੰ ਸੋਝੀ ਪੈ ਜਾਂਦੀ ਹੈ –

*ਕਬਹੂ ਸਾਧਸੰਗਤਿ ਇਹੁ ਪਾਵੈ॥*
*ਉਸੁ ਅਸਥਾਨ ਤੇ ਬਹੁਰਿ ਨ ਆਵੈ॥*
*ਅੰਤਰਿ ਹੋਇ ਗਿਆਨ ਪਰਗਾਸੁ॥*
*ਉਸੁ ਅਸਥਾਨ ਕਾ ਨਹੀ ਬਿਨਾਸੁ॥* *ਅੰਗ - 278*

ਜਦੋਂ ਗਿਆਨ ਦਾ ਪ੍ਰਕਾਸ਼ ਹੋ ਗਿਆ, ਕਰਮ ਰੁਕ ਗਏ। ਉਹ ਅਸਥਾਨ ਫੇਰ ਗਿਰਦਾ ਨਹੀਂ ਹੈ, ਬਾਕੀ ਸਭ ਗਿਰ ਜਾਂਦੇ ਨੇ।

*ਮਨ ਤਨ ਨਾਮਿ ਰਤੇ ਇਕ ਰੰਗਿ॥*
*ਸਦਾ ਬਸਹਿ ਪਾਰਬ੍ਰਹਮੁ ਕੈ ਸੰਗਿ॥* *ਅੰਗ - 278*

ਉਹ ਐਨਾ ਪ੍ਰਮੇਸ਼ਰ ਦੇ ਨੇੜੇ ਹੋ ਜਾਂਦਾ ਹੈ ਕਿ ਪਛਾਣਿਆ ਨਹੀਂ ਜਾਂਦਾ।

*ਜਿਉ ਜਲ ਮਹਿ ਜਲੁ ਆਇ ਖਟਾਨਾ॥*
*ਤਿਉ ਜੋਤੀ ਸੰਗਿ ਜੋਤਿ ਸਮਾਨਾ॥* *ਅੰਗ - 278*

ਜੋਤ ਦੇ ਵਿਚ ਰਲ ਜਾਂਦਾ ਹੈ, ਜਿਵੇਂ ਪਾਣੀ 'ਚ ਪਾਣੀ ਰਲ ਜਾਂਦਾ ਹੈ। ਹੋਏਗਾ ਕੀ ਫੇਰ –

*ਮਿਟਿ ਗਏ ਗਵਨ ਪਾਏ ਬਿਸ੍ਰਾਮ॥*
*ਨਾਨਕ ਪ੍ਰਭ ਕੈ ਸਦ ਕੁਰਬਾਨ॥* *ਅੰਗ - 278*

ਜਿਹੜਾ ਚੱਕਰ ਗਲ ਵਿਚ ਪਿਆ ਹੋਇਆ ਸੀ ਉਹ ਹਟ ਗਿਆ। ਸੋ ਇਸ ਚੀਜ਼ ਦਾ ਇਹਨੂੰ ਨਾ ਪਤਾ ਹੋਣ ਕਰਕੇ ਮੂਰਖ ਬਣਿਆ ਹੋਇਆ ਹੈ। ਕਿਹੋ ਜਿਹਾ ਕੰਮ ਕਰਦਾ ਹੈ। ਘਰ ਬਰਬਾਦ ਹੋ ਰਿਹਾ ਹੈ ਸਾਮ੍ਹਣੇ ਮੂਰਖ ਦੇ। ਜੇ ਉਹਨੂੰ ਕਹੋ ਕਿ ਤੂੰ ਸ਼ਰਾਬ ਨਾ ਪੀ। ਕਦੇ ਵੀ ਨਹੀਂ ਹਟਦਾ। ਕਿਉਂਕਿ ਮੂਰਖ ਹੈ, ਮੂਰਖ ਆਪਣੀ ਅਕਲ ਨੂੰ ਵੱਧ ਗਿਣਦਾ ਹੈ ਸਭ ਨਾਲੋਂ ਕਿ ਮੇਰੇ ਵਰਗਾ ਕੋਈ ਅਕਲਮੰਦ ਨਹੀਂ। ਇਹ ਤਾਂ ਐਵੇਂ ਦੁਨੀਆਂ ਤੁਰੀ ਫਿਰਦੀ ਹੈ।

ਸਾਧਸੰਗਤ ਦੇ ਤਾਂ ਨੇੜੇ ਦੀ ਨਹੀਂ ਲੰਘਦਾ। ਇਹਦੇ ਅੰਦਰ ਜਿਹੜਾ ਨਾਮ ਰਤਨ ਹੈ ਉਹਦਾ ਤਾਂ ਇਹ ਤਿਆਗ ਕਰ ਦਿੰਦਾ ਹੈ। ਜਿਹੜੀਆਂ ਚੀਜ਼ਾਂ ਰਤਨ ਦੇ ਉਲਟ ਨੇ, ਕੋਈ ਵੀ ਭਾਅ ਜਿਨ੍ਹਾਂ ਦਾ ਨਹੀਂ ਮਿਲਦਾ, ਕੌਡੀਆਂ ਨੇ, ਉਨ੍ਹਾਂ ਦੇ ਢੇਰ ਲਾਉਣੇ ਸ਼ੁਰੂ ਕਰ ਦਿੰਦਾ ਹੈ।

*ਰੇ ਮੂੜੇ ਲਾਹੇ ਕਉ ਤੂੰ ਢੀਲਾ ਢੀਲਾ*
*ਤੋਟੇ ਕਉ ਬੇਗਿ ਧਾਇਆ॥* *ਅੰਗ - 402*

ਜਿਥੋਂ ਲਾਹਾ ਮਿਲਣਾ ਹੈ ਉਥੋਂ ਤਾਂ ਢਿੱਲ ਕਰੀ ਜਾਂਦਾ ਹੈ। ਜਿਥੇ ਘਾਟਾ ਹੈ ਉਥੇ ਦੌੜਿਆ ਹੀ ਚਲਿਆ ਜਾਂਦਾ ਹੈ। ਕਹਿੰਦੇ ਮੂਰਖ ਹੈ। ਕੌਡੀਆਂ ਦੇ ਬੋਝੇ ਚੁੱਕ ਲਏ। ਬੇਅੰਤ ਕੁਇੰਟਲ ਕੌਡੀਆਂ ਹੋਣ ਤਾਂ ਇਕ ਰਤਨ ਉਸ ਤੋਂ ਜ਼ਿਆਦਾ ਕੀਮਤੀ ਹੁੰਦਾ ਹੈ। ਕਹਿੰਦੇ ਮੂਰਖ ਹੈ ਇਹ ਬੰਦਾ।

*ਰਤਨੁ ਤਿਆਗਿ ਕਉਡੀ ਸੰਗਿ ਰਚੈ॥*
*ਸਾਚੁ ਛੋਡਿ ਝੂਠ ਸੰਗਿ ਮਚੈ॥*
*ਜੋ ਛਡਨਾ ਸੁ ਅਸਥਿਰੁ ਕਰਿ ਮਾਨੈ॥*
*ਜੋ ਹੋਵਨੁ ਸੋ ਦੂਰਿ ਪਰਾਨੈ॥*
*ਛੋਡਿ ਜਾਇ ਤਿਸ ਕਾ ਸ੍ਰਮੁ ਕਰੈ॥*
*ਸੰਗਿ ਸਹਾਈ ਤਿਸੁ ਪਰਹਰੈ॥*
*ਚੰਦਨੁ ਲੇਪੁ ਉਤਾਰੈ ਧੋਇ॥*
*ਗਰਧਬ ਪ੍ਰੀਤਿ ਭਸਮ ਸੰਗਿ ਹੋਇ॥*
*ਅੰਧ ਕੂਪ ਮਹਿ ਪਤਿਤ ਬਿਕਰਾਲ॥*
*ਨਾਨਕ ਕਾਢਿ ਲੇਹੁ ਪ੍ਰਭ ਦਇਆਲ॥* *ਅੰਗ - 267*

ਜਿਹੜਾ ਨਾਮ ਰਤਨ ਹੈ ਉਹਨੂੰ ਤਾਂ ਛੱਡ ਦਿੰਦਾ ਹੈ, ਜਿਹੜੀਆਂ ਕੌਡੀਆਂ ਨੇ ਉਨ੍ਹਾਂ ਨਾਲ ਰਚਿਆ ਫਿਰਦਾ ਹੈ। ਸੱਚ ਵਾਹਿਗੁਰੂ ਨੂੰ ਛੱਡ ਕੇ ਜਿਹੜੀ ਝੂਠੀ ਦੁਨੀਆਂ ਹੈ ਉਹਦੇ ਵਿਚ ਘੁਲਿਆ ਹੋਇਆ ਹੈ। ਪ੍ਰਮੇਸ਼ਰ ਦਾ ਕਦੇ ਧਿਆਨ ਤਕ ਨਹੀਂ ਇਹਨੂੰ ਆਉਂਦਾ। ਸੰਸਾਰ ਛੱਡ ਜਾਣਾ ਹੈ, ਕੋਠੀਆਂ ਪਾਉਂਦਾ ਹੈ, ਗਹਿਰੀਆਂ ਨੀਹਾਂ ਰਖਦਾ ਹੈ, ਉਹਨੂੰ ਕਹਿੰਦਾ ਹੈ ਕਿ ਨਹੀਂ ਛੱਡਣਾ ਇਹ ਪੱਕੀ ਚੀਜ਼ ਹੈ। ਕਾਲ ਸਭ ਦੇ ਸਿਰ ਤੇ ਨਗਾਰਾ ਵਜਾ ਰਿਹਾ ਹੈ। ਇਹ ਕਹਿੰਦਾ ਹੈ ਕਿ ਦੁਨੀਆਂ ਤੇ ਆ ਰਿਹਾ ਹੈ, ਮੈਨੂੰ ਨਹੀਂ ਉਹ ਕਾਲ ਕੁਛ ਕਹਿ ਸਕਦਾ। ਦਿਨ ਰਾਤ ਖਪਦਾ ਹੈ ਜਿਹੜੀ ਚੀਜ਼ ਛੱਡ ਜਾਣੀ ਹੈ। ਜੇ ਕਹੋ ਕਿ ਭਾਈ ਤੂੰ ਨਾਮ ਜਪ ਲਿਆ ਕਰ। ਕਹਿੰਦਾ ਮੈਨੂੰ ਤਾਂ ਵਿਹਲ ਹੀ ਨਹੀਂ ਹੈ। ਬਾਣੀ ਪੜ੍ਹ ਲਿਆ ਕਰ। ਕਹਿੰਦਾ ਜੀ, ਫੁਰਸਤ ਹੀ ਨਹੀਂ ਹੈ। ਇਹ ਤੇਰੇ ਨਾਲ ਜਾਣਾ ਹੈ, ਜਿਹੜੀਆਂ ਚੀਜ਼ਾਂ ਦੇ ਵਿਚ ਤੂੰ ਪਿਆ ਹੋਇਆ ਹੈਂ, ਉਹ ਤਾਂ ਤੇਰੀਆਂ ਇਥੇ ਹੀ ਰਹਿ ਜਾਣੀਆਂ ਨੇ, ਨਾਲ ਕੋਈ ਨਹੀਂ ਜਾਣੀ। ਨਾ ਕੋਠੀਆਂ ਜਾਣੀਆਂ ਨੇ, ਨਾ ਬੈਂਕ ਬੈਲੰਸ ਜਾਣੇ ਨੇ, ਨਾ ਕੋਈ ਹੋਰ ਚੀਜ਼ ਨਾਲ ਜਾਣੀ ਹੈ, ਬਾਲ-ਬੱਚਾ ਕੋਈ ਨਹੀਂ ਜਾਣਾ। ਉਹਦੇ ਨਾਲ ਤਾਂ ਤੂੰ ਰਚਿਆ ਮਿਚਿਆ ਪਿਆ ਹੈਂ, ਜਿਹੜੇ ਪ੍ਰਮੇਸ਼ਰ ਨੇ ਨਾਲ ਜਾਣਾ ਹੈ ਤੂੰ ਉਹਦਾ ਕਦੇ ਧਿਆਨ ਤਕ ਨਹੀਂ ਕਰਦਾ। ਜਿਹੜਾ ਵਾਹਿਗੁਰੂ ਹਰ ਵਕਤ ਨਾਲ ਰਹਿੰਦਾ ਹੈ, ਉਹਨੂੰ ਲਾਹ ਕੇ ਪਰ੍ਹੇ ਕਰ ਦਿੰਦਾ ਹੈ ਕਿ ਮੇਰਾ ਨਹੀਂ ਤੂੰ ਕੁਛ ਲਗਦਾ। ਕਹਿੰਦੇ ਇਹਦਾ ਹਾਲ ਤਾਂ ਇਹ ਹੈ ਜਿਵੇਂ ਗਧਾ ਹੈ ਉਹਨੂੰ ਨੁਹਾ ਕੇ ਉਤੇ ਚੰਦਨ ਦੀ ਮਾਲਿਸ਼ ਕਰ ਦਿਓ, ਸੁਗੰਧੀਆਂ ਆਉਣ ਲਗ ਜਾਣ। ਜਦੋਂ ਛੱਡ ਦਿਓਂਗੇ, ਨੱਠ ਕੇ ਜਾ ਕੇ ਸੁਆਹ ਦੇ ਵਿਚ ਲਿਟ ਜਾਏਗਾ। ਕਿਉਂਕਿ ਉਹਨੂੰ ਪਤਾ ਨਹੀਂ ਹੈ ਕਿ ਚੰਦਨ ਕੀ ਚੀਜ਼ ਹੁੰਦੀ ਹੈ, ਸੁਗੰਧੀ ਕੀ ਹੁੰਦੀ ਹੈ। ਉਸ ਦਾ ਪਿਆਰ ਹੀ ਭਸਮ ਨਾਲ ਹੈ। ਇਸੇ ਤਰ੍ਹਾਂ ਜਿਹੜਾ ਬੰਦਾ ਪ੍ਰਮੇਸ਼ਰ ਤੋਂ ਬੇਮੁਖ ਹੋਇਆ ਹੋਇਆ ਹੈ। ਉਹਦਾ ਕੌਡੀਆਂ ਨਾਲ ਪਿਆਰ ਪਿਆ ਹੋਇਆ ਹੈ। ਅੰਨ੍ਹੇ ਖੂਹ ਦੇ ਵਿਚ ਪਤਿਤ ਹੋ ਕੇ, ਵਿਕਰਾਲ, ਬੁਰੀ ਸ਼ਕਲ ਦਾ ਹੋ ਕੇ ਗਿਰਿਆ ਪਿਆ ਹੈ। ਮਹਾਰਾਜ ਕਹਿੰਦੇ, ਹੇ ਪ੍ਰਭੂ ਤੂੰ ਕ੍ਰਿਪਾ ਕਰ, ਐਹੋ ਜਿਹੇ ਪੁਰਸ਼ਾਂ ਨੂੰ ਵੀ ਕੱਢ ਲੈ।

ਸੋ ਜੀਵ ਇਸ ਤਰ੍ਹਾਂ ਮਾੜੇ ਕਰਮ ਕਰਦਾ ਹੈ। ਫੇਰ ਜੰਮਦਾ ਹੈ, ਮਰਦਾ ਹੈ। ਜਦੋਂ ਫੇਰ ਦੁਖ ਪ੍ਰਾਪਤ ਹੁੰਦੇ ਨੇ, ਫੇਰ ਔਖਾ ਹੁੰਦਾ ਹੈ। ਫੇਰ ਬਾਕੀਆਂ ਨੂੰ ਦੋਸ਼ ਦਿੰਦਾ ਹੈ ਕਿ ਮੈਂ ਤਾਂ ਕੁਛ ਕੀਤਾ ਹੀ ਨਹੀਂ, ਫਲਾਣੇ ਨੇ ਮੇਰੇ ਨਾਲ ਨਜਾਇਜ਼ ਕਰੀ ਹੈ। ਮਹਾਰਾਜ ਕਹਿੰਦੇ ਨੇ ਤੇਰੇ ਨਾਲ ਨਜਾਇਜ਼ ਕੋਈ ਨਹੀਂ ਹੁੰਦੀ, ਇਹ ਤਾਂ ਤੂੰ ਕਰਮ ਕਰੇ ਨੇ, ਉਨ੍ਹਾਂ ਦਾ ਤੂੰ ਫਲ ਭੋਗਦਾ ਹੈਂ। ਕਿਸੇ ਨੂੰ ਦੋਸ਼ ਨਾ ਦੇ।

***ਦਦੈ ਦੋਸੁ ਨ ਦੇਊ ਕਿਸੈ ਦੋਸੁ ਕਰੰਮਾ ਆਪਣਿਆ॥***
***ਜੋ ਮੈ ਕੀਆ ਸੋ ਮੈ ਪਾਇਆ ਦੋਸੁ ਨ ਦੀਜੈ ਅਵਰ ਜਨਾ॥***

***ਅੰਗ - 433***

ਜਦੋਂ ਪ੍ਰਮੇਸ਼ਰ ਨੂੰ ਭੁੱਲ ਕੇ ਜੀਵਨ ਬਤੀਤ ਕਰਦਾ ਹੈ। ਮਾੜੀਆਂ ਚੀਜ਼ਾਂ ਦੇ ਨਾਲ ਪਿਆਰ ਕਰਦਾ ਹੈ, ਫੇਰ ਕਰਮ ਬੀਜੇ ਜਾਂਦੇ ਨੇ। ਆਦਮੀ ਜੋ ਕੁਛ ਵੀ ਕਰਦਾ ਹੈ, ਚੰਗਾ ਕਰੇ, ਮੰਦਾ ਕਰੇ, ਇਹਨੂੰ ਕਰਮ ਕਹਿੰਦੇ ਨੇ। ਚਾਹੇ ਚੰਗਾ ਕਰਦਾ ਹੈ ਤਾਂ ਵੀ ਇਹਦਾ ਫਲ ਮਿਲਣਾ ਹੈ, ਮੰਦਾ ਕਰਦਾ ਹੈ ਤਾਂ ਵੀ ਫਲ ਮਿਲਣਾ ਹੈ। ਕਰਮਾਂ ਨੇ ਫਲ ਦੇਣਾ ਹੀ ਦੇਣਾ ਹੈ। ਕੋਈ ਦੁਨੀਆਂ ਦੀ ਤਾਕਤ ਨਹੀਂ ਹੈ, ਜਿਹੜੀ ਕਰਮਾਂ ਦੇ ਫਲ ਤੋਂ ਬਚਾ ਲਵੇ।

ਮਹਾਰਾਜ ਇਸ ਮਹੀਨੇ ਦੇ ਵਿਚ ਸਾਨੂੰ ਇਕ ਬੜੀ ਹੀ ਜ਼ਰੂਰੀ ਗੱਲ ਸਮਝਾਉਂਦੇ ਨੇ ਸਾਰੀਆਂ ਤਾਂ ਸਮਝਣ ਦਾ ਸਮਾਂ ਨਹੀਂ ਹੈ। ਇਕ ਗੱਲ ਸਮਝ ਲਓ। ਜੇ ਇਕ ਸਮਝ ਲਈ ਤਾਂ ਸਾਡਾ ਰਸਤਾ ਸਹੀ ਹੋ ਜਾਏਗਾ। ਮਹਾਰਾਜ ਕਹਿੰਦੇ ਨੇ –

***ਕਤਿਕਿ ਕਰਮ ਕਮਾਵਣੇ ਦੋਸੁ ਨ ਕਾਹੂ ਜੋਗੁ॥***

***ਅੰਗ - 135***

ਆਹ ਮਾਨਸ ਸਰੀਰ ਧਾਰ ਕੇ ਤੂੰ ਕਰਮ ਕਰਦਾ ਹੈਂ। ਇਨ੍ਹਾਂ ਦਾ ਜਦੋਂ ਫਲ ਭੋਗੇਂਗਾ ਫੇਰ ਤੂੰ ਕਿਸੇ ਨੂੰ ਦੋਸ਼ ਨਾ ਦੇਈਂ। ਜੇ ਲੱਤਾਂ ਤੋੜੇਂਗਾ ਕਿਸੇ ਦੀਆਂ ਜੰਮਦੇ ਦੀਆਂ ਲੱਤਾਂ ਟੁਟੀਆਂ ਹੋਣਗੀਆਂ। ਦੁਖੀ ਹੋ ਜਾਏਗਾ। ਜੇ ਕਿਸੇ ਦੀਆਂ ਅੱਖਾਂ ਭੰਨੇਂਗਾ, ਜੰਮਦੇ ਦੀਆਂ ਅੱਖਾਂ ਅੰਨ੍ਹੀਆਂ ਹੋਣਗੀਆਂ। ਮਾੜੇ ਕਰਮ ਕਰੇਂਗਾ ਸਮਾਂ ਪਾ ਕੇ ਫਲ ਜ਼ਰੂਰ ਮਿਲੇਗਾ। ਕੋਈ ਕਰਮ ਐਸਾ ਨਹੀਂ ਜਿਹੜਾ ਲੰਘ ਜਾਵੇ, ਕਿਉਂਕਿ ਵਾਹਿਗੁਰੂ ਦਾ ਐਸਾ ਹੀ ਹਿਸਾਬ ਹੈ। ਜਿਵੇਂ ਕੰਪਿਊਟਰ ਦੀ ਬਾਤ-ਚੀਤ ਹੁੰਦੀ ਹੈ। ਇਸੇ ਤਰ੍ਹਾਂ ਵਾਹਿਗੁਰੂ ਦਾ ਹਿਸਾਬ-ਕਿਤਾਬ ਸਹੀ ਚਲਦਾ ਹੈ।

ਇਕ ਵਾਰੀ ਭਾਈ ਦਇਆ ਸਿੰਘ ਜੀ ਨੂੰ ਗੁਰਸਿੱਖਾਂ ਨੇ ਪੁਛਿਆ ਕਿ ਮਹਾਰਾਜ, ਇਹ ਕਰਮ ਕਿਵੇਂ ਕੰਮ ਕਰਦੇ ਨੇ। ਗੁਰੂ ਦਸਵੇਂ ਪਾਤਸ਼ਾਹ ਦੇ ਸਾਮ੍ਹਣੇ ਇਹ ਸਵਾਲ ਕੀਤਾ ਸੀ। ਮਹਾਰਾਜ ਕਹਿਣ ਲੱਗੇ, ਭਾਈ ਦਇਆ ਸਿੰਘਾ! ਤੇਰੇ ਤੇ ਮੇਰੇ ਵਿਚ ਕੋਈ ਫਰਕ ਨਹੀਂ। ਤੂੰ ਉਤਰ ਦੇਹ। ਉਸ ਵੇਲੇ ਭਾਈ ਦਇਆ ਸਿੰਘ ਜੀ ਕਹਿਣ ਲੱਗੇ, ਖਾਲਸਾ ਜੀ! ਤੁਸੀਂ ਧਿਆਨ ਪੂਰਵਕ ਬਚਨ ਸਰਵਣ ਕਰੋ ਤੇ ਜਿਸ ਤਰ੍ਹਾਂ ਦੀ ਬੁੱਧੀ ਮੈਨੂੰ ਮਹਾਰਾਜ ਜੀ ਨੇ ਬਖਸ਼ੀ ਹੈ ਉਨ੍ਹਾਂ ਦਾ ਮੈਂ ਆਪ ਦੇ ਪਾਸ ਜ਼ਿਕਰ ਕਰਾਂਗਾ।

ਤਿੰਨ ਤਰ੍ਹਾਂ ਦੇ ਕਰਮ ਹੋਇਆ ਕਰਦੇ ਨੇ। ਇਕ ਤਾਂ ਉਹ ਕਰਮ ਹੁੰਦੇ ਨੇ ਜਿਨ੍ਹਾਂ ਨੂੰ ਸੰਚਿਤ ਕਰਮ ਕਹਿੰਦੇ ਨੇ। ਉਹ ਹੁੰਦੇ ਨੇ ਜਿਹੜੇ ਕਰਮ ਅਸੀਂ ਕਰਮ ਕਰੀ ਜਾਂਦੇ ਹਾਂ, ਕਰੀ ਜਾਂਦੇ ਹਾਂ। ਕਰਦਿਆਂ-ਕਰਦਿਆਂ ਉਮਰ ਲੰਘਾ ਦਿਤੀ। ਫਲ ਸਾਨੂੰ ਅਜੇ ਮਿਲਿਆ ਨਹੀਂ ਕਿਸੇ ਦਾ। ਨਾ ਚੰਗੇ ਦਾ ਮਿਲਿਆ ਹੈ, ਨਾ ਮਾੜੇ ਦਾ ਮਿਲਿਆ ਹੈ। ਉਹ ਜਮਾਂ ਹੁੰਦੇ ਤੁਰੇ ਜਾਂਦੇ ਨੇ। ਫੇਰ ਅਸੀਂ ਅਗਲੇ ਜਨਮ 'ਚ ਕਰ ਲਏ, ਉਨ੍ਹਾਂ ਦਾ ਫੇਰ ਫਲ ਨਹੀਂ ਮਿਲਿਆ, ਉਹ ਵੀ ਜਮ੍ਹਾਂ ਹੋ ਜਾਣਗੇ, ਇਨ੍ਹਾਂ ਨੂੰ ਸੰਚਿਤ ਕਰਮ ਕਹਿੰਦੇ ਨੇ। ਦੂਸਰੇ ਹੁੰਦੇ

ਨੇ ਕਿਰਿਆਮਾਨ ਕਰਮ। ਜਿਹੜੇ ਅਸੀਂ ਰੋਜ਼ ਕਰਦੇ ਹਾਂ, ਜਦੋਂ ਅਸੀਂ ਕਰਮ ਕਰਕੇ ਹਟ ਜਾਂਦੇ ਹਾਂ। ਹੁਣ ਤੁਸੀਂ ਆਪਣੇ ਘਰਾਂ ਤੋਂ ਆਏ ਓਂ, ਕਰਮ ਕੀ ਕਰਿਆ ਹੈ, ਕੋਈ ਸਵਾਰੀ ਤੇ ਚੜ੍ਹ ਕੇ ਆ ਗਿਆ, ਕੋਈ ਪੈਦਲ ਚਲ ਕੇ ਆ ਗਿਆ, ਪੈਦਲ ਚੱਲਣ ਵਾਲੇ ਨੇ ਹਰ ਕਦਮ ਦਾ ਫਲ ਇਕ ਜਗ ਦਾ ਖੱਟ ਲਿਆ। ਉਹ ਜਿਹੜਾ ਕਰਮ ਤੁਸੀਂ ਹੁਣੇ ਹੀ ਕਰਕੇ ਹਟੇ ਓਂ, ਉਹਦਾ ਫਲ ਜਿਹੜਾ ਮਿਲਣਾ ਹੈ ਉਹ ਜਮ੍ਹਾਂ ਹੋ ਗਿਆ। ਸੰਚਿਤ ਕਰਮ, ਜਿਥੇ ਸਟੋਰ ਹੈ ਕਰਮਾਂ ਦਾ ਉਹਦੇ ਵਿਚ ਜਾ ਕੇ ਜਮ੍ਹਾਂ ਹੋ ਗਿਆ। ਜਦ ਤੁਸੀਂ ਕਰ ਰਹੇ ਸੀ, ਉਹਨੂੰ ਕਿਰਿਆਮਾਨ ਕਰਮ ਕਹਿੰਦੇ ਨੇ। ਹੁਣ ਤੁਸੀਂ ਸਤਿਸੰਗ ਕਰ ਰਹੇ ਓ। ਚਿਤ ਬਿਰਤੀਆਂ ਇਕਾਗਰ ਕਰਕੇ ਜਿਹੜਾ ਸੁਣਦਾ ਹੈ ਉਹ ਕਿਰਿਆਮਾਨ ਕਰਮ ਕਰ ਰਿਹਾ ਹੈ। ਹੁਣ ਥੋੜ੍ਹੀ ਦੇਰ ਨੂੰ ਜਦੋਂ ਅਰਦਾਸ ਹੋ ਜਾਏਗੀ। ਇਹਨੇ ਸੰਚਿਤ ਕਰਮ ਬਣ ਜਾਣਾ ਹੈ, ਜਮ੍ਹਾ ਹੋ ਜਾਣਾ ਹੈ ਸਾਡੇ ਖਾਤੇ 'ਚ। ਤੀਸਰਾ ਕਰਮ ਹੁੰਦਾ ਹੈ ਜਿਹਨੂੰ ਪਰਾਲਬਧ ਕਰਮ ਕਹਿੰਦੇ ਨੇ। ਪਰਾਲਬਧ ਕਰਮ ਉਹ ਹੁੰਦਾ ਹੈ ਜਿਸ ਵਕਤ ਅਸੀਂ ਸੰਸਾਰ 'ਚ ਆਉਂਦੇ ਹਾਂ, ਉਸ ਵੇਲੇ ਸਾਨੂੰ ਕਰਮਾਂ ਦਾ ਫਲ ਦੇਣ ਵਾਸਤੇ ਕਰਮ ਤਿਆਰ ਹੁੰਦੇ ਨੇ। ਤਿਆਰ ਹੋ ਕੇ ਜਿਵੇਂ ਭੱਥੇ ਦੇ ਵਿਚੋਂ ਤੀਰ ਕੱਢ ਕੇ ਕਮਾਨ ਦੇ ਉਤੇ ਚਾੜ੍ਹ ਲਈਏ, ਉਥੋਂ ਫੇਰ ਛੱਡ ਦੇਈਏ ਜ਼ੋਰ ਦੇ ਨਾਲ। ਸੌ ਦੋ ਸੌ ਤੀਰ ਛੱਡ ਦਿਤਾ। ਐਸ ਤਰ੍ਹਾਂ ਦੇ ਨਾਲ ਉਹ ਕਰਮਾਂ ਦੇ ਤੀਰ ਛੁੱਟ ਜਾਂਦੇ ਨੇ। ਛੁਟੇ ਹੋਇਆਂ ਦਾ ਫਲ ਫੇਰ ਸਾਨੂੰ ਸਾਰੀ ਜ਼ਿੰਦਗੀ 'ਚ ਭੋਗਣਾ ਪੈਂਦਾ ਹੈ। ਉਹ ਉਸ ਦਿਨ ਹੀ ਛੱਡ ਦਿਤੇ ਜਾਂਦੇ ਨੇ, ਇਹ ਨਹੀਂ ਕਿ ਕੁਛ ਹੁਣ ਛੱਡ ਦਿਤੇ, ਜਾਂ ਪਹਿਲਾਂ ਛੱਡ ਦਿਤੇ। ਜਦੋਂ ਅਸੀਂ ਸੰਸਾਰ ਵਿਚ ਭੇਜੇ ਜਾਂਦੇ ਹਾਂ, ਉਸੇ ਵੇਲੇ ਨਿਰੰਕਾਰ ਕਰਮਾਂ ਨੂੰ ਛੱਡ ਦਿੰਦਾ ਹੈ। ਉਹਦੇ ਨਾਲ ਕੀ ਹੁੰਦਾ ਹੈ, ਇਕ ਤਾਂ ਇਹਨੂੰ ਮਿਲਦਾ ਹੈ ਜਾਤ, ਕਿਸ ਥਾਂ ਦੇ ਉਤੇ ਇਹ ਪੈਦਾ ਹੋਏਗਾ। ਦੇਸ਼ ਮਿਲਦਾ ਹੈ, ਕਿਹੜੇ ਦੇਸ਼ ਵਿਚ ਇਹ ਪੈਦਾ ਹੋਏਗਾ। ਕਿਹੜੇ ਦੇਸ਼ ਵਿਚ ਇਹਨੂੰ ਦੁਖ ਜ਼ਿਆਦਾ ਮਿਲਣਗੇ, ਕਿਹੜੇ 'ਚ ਸੁਖ ਜ਼ਿਆਦਾ ਮਿਲਣਗੇ। ਸੁਖਾਂ ਦਾ ਫਲ ਭੋਗੇਗਾ, ਉਸ ਦੇਸ਼ ਵਿਚ ਚਲਿਆ ਜਾਏਗਾ ਜਿਥੇ ਸਹਿਜ ਸੁਭਾਅ ਸੁਖ ਮਿਲਦੇ ਨੇ। ਜੇ ਦੁਖਾਂ ਦਾ ਹੋਏਗਾ ਤਾਂ ਜੰਗਲਾਂ ਵਿਚ ਪੈਦਾ ਹੋ ਜਾਏਗਾ, ਅਫਰੀਕਾ ਵਰਗਿਆਂ 'ਚ। ਭਾਰਤ ਵਰਸ਼ 'ਚ ਪੈਦਾ ਹੋ ਜਾਏਗਾ, ਬੰਗਲਾ ਦੇਸ਼ 'ਚ ਪੈਦਾ ਹੋ ਜਾਏਗਾ। ਸ਼ਮਾਲੀਲੈਂਡ 'ਚ ਚਲਿਆ ਜਾਏਗਾ, ਨਾ ਖਾਣ ਨੂੰ ਮਿਲੇ, ਨਾ ਪੀਣ ਨੂੰ ਮਿਲੇ, ਬਹੁਤ ਦੁਖੀ ਹੋ ਜਾਂਦੇ ਨੇ। ਮਾਰ-ਮਾਰ ਪਸ਼ੂ ਖਾਏਗਾ। ਬੁਰਾ ਹਾਲ ਹੋ ਜਾਏਗਾ। ਮੁੜ ਕੇ ਫੇਰ ਕਰਮ ਕਰ ਦਏਗਾ, ਫੇਰ ਫਸ ਜਾਏਗਾ। ਉਹਨੂੰ ਥਾਂ ਮਿਲਦਾ ਹੈ ਕਿ ਕਿਥੇ ਇਹਨੂੰ ਪੈਦਾ ਕੀਤਾ ਜਾਵੇ। ਕਿਸ ਖਾਨਦਾਨ 'ਚ ਪੈਦਾ ਕੀਤਾ ਜਾਵੇ। ਕਿਸ ਜਾਤੀ 'ਚ ਪੈਦਾ ਕੀਤਾ ਜਾਵੇ। ਕਿਹੋ ਜਿਹੀ ਕਿਰਤ ਇਹਨੂੰ ਦਿਤੀ ਜਾਵੇ। ਦੂਸਰਾ ਹੋਇਆ ਕਰਦਾ ਹੈ ਕਿ ਇਹਨੂੰ ਦੁਖ ਤੇ ਸੁਖ ਭੋਗਣ ਵਾਸਤੇ ਕਿਹੋ ਜਿਹਾ ਥਾਂ ਦਿਤਾ ਜਾਵੇ ਤੇ ਕਿਹੋ ਜਿਹੇ ਰਿਸ਼ਤੇਦਾਰ ਦਿਤੇ ਜਾਣ। ਕਿਹੋ ਜਿਹਾ ਇਹਨੂੰ ਰਿਜ਼ਕ ਦਿਤਾ ਜਾਵੇ। ਅਗਲੀ ਚੀਜ਼ ਹੁੰਦੀ ਹੈ, ਭੋਗ। ਜ਼ਿੰਦਗੀ ਗੁਜ਼ਾਰਨ ਵਾਸਤੇ ਇਹਨੂੰ ਕਪੜੇ, ਖਾਣ ਪੀਣ ਨੂੰ, ਘਰ ਮਿਲਣਾ ਇਹ ਸਾਰੀਆਂ ਚੀਜ਼ਾਂ ਦੇ ਜੋ ਭੋਗ ਹਨ, ਇਹਨੂੰ ਕਿਹੋ ਜਿਹੇ ਮਿਲਣੇ ਚਾਹੀਦੇ ਨੇ। ਪਰਾਲਬਧ ਕਰਮ ਦੇ ਨਾਲ ਬਣਦੀਆਂ ਨੇ ਇਹ ਚੀਜ਼ਾਂ। ਪਰਾਲਬਧ ਕਰਮ ਲੈ ਕੇ ਇਹ ਸੰਸਾਰ ਦੇ ਵਿਚ ਆ ਜਾਂਦਾ ਹੈ, ਹੁਣ ਉਹ ਕਰਮ ਭੋਗਣੇ ਪੈਂਦੇ ਨੇ। ਤਿੰਨ ਚੀਜ਼ਾਂ ਮਿਲਣ ਤਾਂ ਕਰਮ ਠਹਿਰਦਾ ਹੈ, ਨਹੀਂ ਠਹਿਰਦਾ ਨਹੀਂ। ਇਕ ਤਾਂ ਅਵਿਦਿਆ ਮਿਲੇ। ਅਗਿਆਨ ਜਿਹਨੂੰ ਕਹਿੰਦੇ ਨੇ। ਇਕ ਮਿਲ ਜਾਵੇ ਇਹਨੂੰ ਅੰਤਸ਼ਕਰਣ। ਇਕ ਚੇਤਨ ਮਿਲ ਜਾਵੇ, ਇਕ ਆਤਮਾ ਮਿਲੇ। ਅੰਤਸ਼ਕਰਣ, ਅਵਿਦਿਆ, ਆਤਮਾ ਮਿਲ ਗਈ ਜਦੋਂ ਤਿੰਨੋ ਇਕੱਠੇ ਹੋ ਜਾਂਦੇ ਨੇ, ਭਾਂਡਾ ਬਣ ਜਾਂਦਾ ਹੈ। ਜਿਵੇਂ ਪਾਣੀ ਤੇ ਮਿੱਟੀ ਦਾ ਡਲਾ ਹੈ, ਜਦੋਂ ਪਾਤਰ ਬਣ ਜਾਂਦਾ ਹੈ ਫੇਰ ਉਹ ਸੰਭਾਲ ਲੈਂਦਾ ਹੈ ਚੀਜ਼ਾਂ ਨੂੰ। ਇਸੇ ਤਰ੍ਹਾਂ ਨਾਲ ਜਦੋਂ ਅੰਤਸ਼ਕਰਣ ਦੇ ਨਾਲ ਅਗਿਆਨ ਆ ਜਾਂਦਾ ਹੈ ਤੇ ਚੇਤਨ ਆਤਮਾ ਆ ਜਾਂਦੀ ਹੈ। ਫੇਰ ਅੰਤਸ਼ਕਰਣ ਦਾ ਭਾਂਡਾ ਜਿਹੜਾ ਹੈ ਉਹ ਕਰਮਾਂ ਨੂੰ ਸੰਭਾਲ ਲੈਂਦਾ ਹੈ। ਇਸ ਤਰ੍ਹਾਂ ਕਰਮ ਲੈ ਕੇ ਸੰਸਾਰ ਵਿਚ ਆਉਂਦਾ ਹੈ। ਉਨ੍ਹਾਂ ਕਰਮਾਂ ਦਾ ਫਲ ਭੋਗਣਾ ਹੀ ਪੈਂਦਾ ਹੈ। ਚਾਹੇ ਕਿਹੋ ਜਿਹਾ ਹੀ ਬੰਦਾ ਹੋਵੇ। ਕਰਮਾਂ ਦਾ ਨਾਸ਼ ਨਹੀਂ ਹੁੰਦਾ।

***ਭੋਗੇ ਬਿਨ ਭਾਗੇ ਨਹੀ ਕਰਮ ਗਤੀ ਬਲਵਾਨ।***

ਚਾਹੇ ਵੱਡੇ ਆਏ ਨੇ ਈਸ਼ਵਰ ਕੋਟੀ ਦੇ, ਚਾਹੇ ਜੀਵ ਕੋਟੀ ਦੇ ਆਏ ਨੇ, ਚਾਹੇ ਕੋਈ ਬੰਦਾ ਆਇਆ ਹੈ, ਕਰਮ ਲੈ ਕੇ ਆਇਆ ਹੈ ਸੰਸਾਰ ਦੇ ਅੰਦਰ। ਕਰਮਾਂ ਨੂੰ ਭੋਗਣਾ ਹੀ ਭੋਗਣਾ ਹੈ। ਜਦੋਂ ਭੋਗਦਾ ਹੈ, ਦੁਖ ਹੁੰਦਾ ਹੈ, ਫੇਰ ਦੂਸਰਿਆਂ ਨੂੰ ਦੋਸ਼ ਦਿੰਦਾ ਹੈ ਕਿ ਫਲਾਣੇ ਨੇ ਮੇਰੇ ਨਾਲ ਐਉਂ ਕਰੀ। ਤੇਰੇ ਨਾਲ ਕੋਈ ਨਹੀਂ ਕੁਛ ਕਰਦਾ। ਮਹਾਰਾਜ ਕਹਿੰਦੇ –

***ਕਿਤਕਿ ਕਰਮ ਕਮਾਵਣੇ ਦੋਸੁ ਨ ਕਾਹੂ ਜੋਗੁ॥***

***ਅੰਗ - 135***

ਕਿਸੇ ਨੂੰ ਕਾਹਨੂੰ ਦੋਸ਼ ਦਿੰਦਾ ਹੈ। ਸੋ ਕਹਿੰਦੇ ਨੇ ਕਿ ਕਰਮਾਂ ਦਾ ਕਿਵੇਂ ਕਰੀਏ, ਅਸੀਂ ਐਵੇਂ ਜਿਵੇਂ ਬੰਨ੍ਹੇ ਜਾਵਾਂਗੇ। ਮਹਾਰਾਜ ਕਹਿੰਦੇ, ਨਹੀਂ ਤੁਹਾਡੇ ਹੱਕ ਵਿਚ ਹੈ। ਜੇ ਤੁਸੀਂ ਕਰਮਾਂ ਦਾ ਨਾਸ਼ ਕਰਨਾ ਚਾਹੋਂ ਕਰ ਸਕਦੇ ਓਂ। ਪਰਾਲਬਧ ਕਰਮ ਤਾਂ ਨਹੀਂ, ਉਹ ਤਾਂ ਤੀਰ ਛੁਟ ਚੁੱਕੇ ਨੇ। ਉਹ ਤਾਂ ਭੋਗਣੇ ਪੈਣੇ ਨੇ, ਪਰ ਬੇਅੰਤ ਕਰਮ ਕਰੋੜਾਂ ਕਰਮ ਤੁਹਾਡੇ ਅੰਦਰ ਜਮ੍ਹਾਂ ਪਏ ਨੇ। ਜਿਨ੍ਹਾਂ ਦਾ ਅਗਲੇ ਜਨਮ ਵਿਚ ਜਾ ਕੇ ਫਲ ਭੋਗਣਾ ਹੈ, ਬਕਰੇ ਖਾਧੇ ਨੇ। ਫੇਰ ਕੀ ਹੋਏਗਾ? ਬਕਰੇ ਬਣ ਕੇ ਆਪਣਾ ਗਲ ਕਟਾਉਣਾ ਪਏਗਾ।

***ਕਬੀਰ ਖੂਬੁ ਖਾਨਾ ਖੀਚਰੀ ਜਾ ਮਹਿ ਅੰਮ੍ਰਿਤੁ ਲੋਨੁ॥***
***ਹੇਰਾ ਰੋਟੀ ਕਾਰਨੇ ਗਲਾ ਕਟਾਵੈ ਕਉਨੁ॥***

***ਅੰਗ - 1277***

ਹੇਰਾ ਕਹਿੰਦੇ ਨੇ ਸ਼ਿਕਾਰ ਮਾਰ ਕੇ ਲਿਆ ਕੇ ਰੋਟੀਆਂ ਖਾਣੀਆਂ। ਕਹਿੰਦੇ ਅੱਜ ਤੂੰ ਮਾਰੇਂਗਾ, ਕੱਲ੍ਹ ਨੂੰ ਉਹ ਤੈਨੂੰ ਮਾਰੇਗਾ। ਇਹ ਤਾਂ ਭੋਗਣਾ ਪੈਣਾ ਹੈ। ਹੁਣ ਇਹ ਟਲ ਵੀ ਸਕਦਾ ਹੈ ਕਿਸੇ ਤਰ੍ਹਾਂ? ਇਹ ਟਲ ਤਾਂ ਸਕਦਾ ਹੈ, ਜਿਸ ਤਰ੍ਹਾਂ ਦੇ ਨਾਲ ਕੋਈ ਕੋਠਾ ਭਰਿਆ ਹੋਵੇ ਦਾਣਿਆਂ ਦਾ, ਉਹਦੇ ਵਿਚ ਸਾਰੇ ਕਿਸਮ ਦੇ ਬੀਜ ਹੋਣ, ਸਰ੍ਹੋਂ ਵੀ ਪਈ ਹੋਵੇ, ਮੱਕੀ ਵੀ ਪਈ ਹੋਵੇ, ਬਾਜਰਾ ਵੀ ਪਿਆ ਹੋਵੇ, ਚਰ੍ਹੀ ਵੀ ਪਈ ਹੋਵੇ, ਕਣਕ ਵੀ ਪਈ ਹੋਵੇ, ਬਰਸੀਨ ਵੀ ਪਿਆ ਹੈ, ਆਲੂਆਂ ਦਾ ਬੀਜ ਵੀ ਪਿਆ ਹੈ। ਉਸ ਕੋਠੇ ਨੂੰ ਜੇ ਅੱਗ ਲਗ ਜਾਵੇ ਫੇਰ ਉਹ ਬੀਜ ਭੁਆਂਤੇ ਜਾਂਦੇ ਨੇ, ਫੇਰ ਹਰੇ ਨਹੀਂ ਹੁੰਦੇ। ਕੋਈ ਵੀ ਹਰਾ ਨਹੀਂ ਹੁੰਦਾ, ਝੁਲਸੇ ਜਾਂਦੇ ਨੇ। ਇਸੇ ਤਰ੍ਹਾਂ ਅੰਤਸ਼ਕਰਣ ਦੇ ਵਿਚ ਜਿਹੜੇ ਸਾਡੇ ਕਰਮ ਪਏ ਨੇ ਨਾ, ਜਿਹੜੇ ਹੁਣ ਤੋਂ ਅਸੀਂ ਹਜ਼ਾਰ ਸਾਲ ਨੂੰ ਭੋਗਣੇ ਨੇ, ਕੀ ਪਤਾ ਲੱਖ ਸਾਲ ਨੂੰ ਭੋਗਣੇ ਨੇ ਉਹ ਜੇ ਗਿਆਨ ਹੋ ਜਾਵੇ ਏਸੇ ਜਨਮ ਦੇ ਅੰਦਰ, ਤਾਂ ਉਹ ਅੰਤਸ਼ਕਰਣ ਦੇ ਕਰਮ ਜਿਹੜੇ ਨੇ ਉਹ ਜਲ ਜਾਂਦੇ ਨੇ। ਫੇਰ ਕਿਰਿਆਮਾਨ ਕਰਮ ਜਿਹੜੇ ਕਰਦਾ ਹੈ, ਉਹ ਅੰਤਸ਼ਕਰਣ ਵਿਚ ਫੇਰ ਚਲੇ ਜਾਂਦੇ ਨੇ। ਉਹ ਐਉਂ ਜਲਦੇ ਨੇ ਜਦੋਂ ਗਿਆਨ ਹੋ ਗਿਆ, ਦੇਹ ਹੰਗਤਾ ਹਟ ਜਾਂਦੀ ਹੈ ਕਿ ਮੈਂ ਦੇਹ ਨਹੀਂ ਹੈਗਾ। ਮੈਂ ਕੁਛ ਨਹੀਂ ਕਰ ਰਿਹਾ। ਕੋਈ ਕੰਮ ਨਹੀਂ ਮੈਂ ਕਰ ਰਿਹਾ, ਨਾ ਚੰਗਾ ਕਰ ਰਿਹਾ ਹਾਂ, ਨਾ ਮਾੜਾ ਕਰ ਰਿਹਾ ਹਾਂ, ਹੋ ਰਿਹਾ ਹੈ। ਇਹ ਬਿਰਤੀ ਜਦੋਂ ਗਿਆਨ ਦੀ ਪਰਪੱਕ ਹੋ ਜਾਂਦੀ ਹੈ ਉਸ ਵੇਲੇ ਜਿਹੜੇ ਕਿਰਿਆਮਾਨ ਕਰਮ ਨੇ ਉਹ ਫਲ ਦੇਣ ਤੋਂ ਹਟ ਜਾਂਦੇ ਨੇ। ਉਹ ਜਮ੍ਹਾਂ ਨਹੀਂ ਹੋਇਆ ਕਰਦੇ।

*ਕਰਮ ਕਰਤ ਹੋਵੈ ਨਿਹਕਰਮ॥* *ਅੰਗ - 274*

ਕਰਮ ਕਰਦਾ ਹੋਇਆ ਨਿਹਕਰਮ ਰਹੇ। ਜੇ ਇਹ ਕਹੇ ਕਿ ਮੈਂ ਸੇਵਾ ਕਰਦਾ ਹਾਂ, ਮੈਂ ਇਹ ਕੰਮ ਕਰਦਾ ਹਾਂ, ਮੈਂ ਨਾ ਹੋਵਾਂ ਤਾਂ ਆਹ ਕੰਮ ਹੋਵੇਗਾ ਹੀ ਨਹੀਂ। ਫੇਰ ਤਾਂ ਬੰਨ੍ਹਿਆ ਹੋਇਆ ਹੈ, ਫੇਰ ਨਹੀਂ ਉਹ ਛੁਟ ਸਕਦਾ। ਐਨੀ ਕੁ ਗੱਲ ਹੈ ਸਮਝ 'ਚ ਆਉਣ ਵਾਲੀ। ਕਰਮਾਂ ਤੋਂ ਛੁਟਕਾਰਾ ਨਹੀਂ ਕੋਈ ਪਾ ਸਕਦਾ, ਕਰਮਾਂ ਕਰਕੇ ਆਹ ਸੰਸਾਰ ਤੁਰਿਆ ਹੀ ਜਾਂਦਾ ਹੈ, ਨਾ ਇਹ ਕਰਮ ਖਤਮ ਹੋਣ, ਨਾ ਇਹ ਸੰਸਾਰ ਖਤਮ ਹੋਵੇ। ਅਨਾਦੀ ਕਾਲ ਤੋਂ ਤੁਰਿਆ ਹੋਇਆ ਸੰਸਾਰ ਚਲਦਾ ਹੀ ਰਹਿੰਦਾ ਹੈ। ਸੋ ਜੋ ਬੀਜ ਦਿੰਦਾ ਹੈ ਉਹ ਵਢਣਾ ਹੀ ਪੈਂਦਾ ਹੈ। ਫੇਰ ਮਹਾਰਾਜ ਕਹਿੰਦੇ ਕਾਹਦਾ ਇਤਰਾਜ਼ ਕਰਦਾ ਹੈਂ ਪਿਆਰਿਆ! ਭੋਗ ਲੈ ਇਹਨੂੰ।

*ਜੇਹਾ ਬੀਜੈ ਸੋ ਲੁਣੈ ਕਰਮਾ ਸੰਦੜਾ ਖੇਤੁ॥*

*ਅੰਗ - 134*

ਇਹ ਤਾਂ ਜਦੋਂ ਬੀਜਦਾ ਹੈਂ ਤਾਂ ਧਿਆਨ ਨਾਲ ਬੀਜ ਕਿ ਮੈਂ ਕੀ ਬੀਜ ਰਿਹਾ ਹਾਂ। ਸੋ ਇਹ ਕਰਮ ਜਿਹੜੇ ਨੇ ਇਹ ਜਿਹੋ ਜਿਹੇ ਬੀਜੇਂਗਾ, ਉਹੋ ਜਿਹੇ ਤੈਨੂੰ ਵੱਢਣੇ ਪੈਣਗੇ। ਇਨ੍ਹਾਂ ਦਾ ਖਾਤਮਾ ਕਦੋਂ ਹੋਏਗਾ, ਜਦੋਂ ਤੇਰੇ 'ਚੋਂ ਹਉਮੈ ਦਾ ਨਾਸ਼ ਹੋ ਜਾਏਗਾ। ਜਿੰਨੀ ਦੇਰ ਤੂੰ ਆਪਣੇ ਆਪ ਨੂੰ ਦੇਹ ਸਮਝਦਾ ਹੈਂ। ਦੇਹ ਦੇ ਕਰਮ ਤੈਨੂੰ ਚਿੰਬੜੇ ਹੀ ਰਹਿਣੇ ਨੇ। ਜਦੋਂ ਤੈਨੂੰ ਆਤਮ ਗਿਆਨ ਹੋ ਜਾਏਗਾ ਕਿ ਮੈਂ ਦੇਹ ਨਹੀਂ ਹਾਂ, ਮੈਂ ਪੰਜ ਗਿਆਨ ਇੰਦਰੇ ਨਹੀਂ ਹਾਂ, ਮੈਂ ਪੰਜ ਪ੍ਰਾਣ ਵੀ ਨਹੀਂ ਹਾਂ, ਮੈਂ ਮਨ ਵੀ ਨਹੀਂ ਹਾਂ, ਮੈਂ ਬੁੱਧੀ ਵੀ ਨਹੀਂ, ਮੈਂ ਅੰਤਸ਼ਕਰਣ ਵੀ ਨਹੀਂ ਹਾਂ, ਮੈਂ 'ਮੈਂ' ਵੀ ਨਹੀਂ ਹਾਂ। ਜਦੋਂ ਮੈਂ 'ਮੈਂ' ਤੋਂ ਉਪਰ ਹੋ ਜਾਏਗਾ ਉਸ ਵੇਲੇ ਹਉਮੈ ਦਾ ਨਾਸ਼ ਹੋ ਜਾਂਦਾ ਹੈ। ਜਿੰਨੀ ਦੇਰ ਤਕ ਇਹ ਹਉਮੈ ਦੇ ਵਿਚ ਹੈ ਓਨੀ ਦੇਰ ਤਕ ਹਉਮੈ ਦੇ ਕਰਮਾਂ ਨੇ ਫਲ ਦੇਣਾ ਹੀ ਦੇਣਾ ਹੈ। ਚੰਗਿਆਂ ਨੇ ਵੀ ਦੇਣਾ ਹੈ, ਮਾੜਿਆਂ ਨੇ ਵੀ ਦੇਣਾ ਹੈ। ਹਥਕੜੀ ਸੋਨੇ ਦੀ ਵੀ ਬੁਰੀ ਹੈ, ਹਥਕੜੀ ਲੋਹੇ ਦੀ ਵੀ ਬੁਰੀ ਹੈ। ਇਕੋ ਜਿਹੀਆਂ ਨੇ, ਦੋਵੇਂ ਬੰਨ੍ਹ ਕੇ ਰੱਖ ਲੈਂਦੀਆਂ ਨੇ। ਸੋ ਮਹਾਰਾਜ ਕਹਿੰਦੇ ਪਿਆਰਿਓ! ਜਿੰਨਾ ਚਿਰ ਤੁਹਾਡੇ ਅੰਦਰ ਦੇਹ ਹੰਗਤਾ ਹੈ, ਅਹੰ ਮਮਤਾ ਹੈ, ਅਹੰ ਦੇਹ ਜਿੰਨਾ ਚਿਰ ਕਹਿੰਦੇ ਓਂ। ਕੌਣ ਹੈ ਜਿਹੜਾ ਦੇਹ ਨਹੀਂ ਕਹਿੰਦਾ, ਆਪਣਾ ਆਪ। ਕੋਈ ਵਿਰਲਾ ਹੈ ਆਤਮਦਰਸ਼ੀ ਪੁਰਸ਼ ਜਿਹੜਾ ਆਪਣੇ ਆਪ ਨੂੰ ਆਤਮਾ ਸਮਝ ਕੇ ਉਸ ਪਾਸੇ ਟਿਕਿਆ ਹੋਇਆ ਹੈ। ਬਾਕੀ ਤਾਂ ਕੀ ਸੰਸਾਰ, ਕੀ ਪ੍ਰਚਾਰਕ, ਕੀ ਗਾਉਣ ਵਾਲੇ, ਕੀ ਕਥਾ ਕਰਨ ਵਾਲੇ, ਸਭ ਆਪਣੇ ਆਪ ਨੂੰ ਦੇਹ ਸਮਝਦੇ ਨੇ। ਜਿੰਨਾ ਚਿਰ ਦੇਹ ਸਮਝਦੇ ਨੇ, ਓਨਾਂ ਚਿਰ ਛੁਟਕਾਰਾ ਨਹੀਂ ਹੁੰਦਾ।

*ਹਉਮੈ ਏਹਾ ਜਾਤਿ ਹੈ ਹਉਮੈ ਕਰਮ ਕਮਾਹਿ॥*
*ਹਉਮੈ ਏਈ ਬੰਧਨਾ ਫਿਰਿ ਫਿਰਿ ਜੋਨੀ ਪਾਹਿ॥*

*ਅੰਗ - 466*

ਸੋ ਇਸ ਤਰ੍ਹਾਂ ਜਿੰਨਾਂ ਚਿਰ ਮੈਂ ਹੈ ਇਹਦੇ ਅੰਦਰ, ਓਨਾ ਚਿਰ ਇਹਨੇ ਜੰਮਣਾ ਮਰਨਾ ਜ਼ਰੂਰ ਹੀ ਹੈ, ਹਟ ਨਹੀਂ ਸਕਦਾ। ਜੰਮੇਗਾ, ਮਰੇਗਾ ਕਰਮਾਂ ਦਾ ਫਲ ਭੋਗੇਗਾ। ਹਉਮੈਂ ਤੋਂ ਜਿਹੜਾ ਉਤੇ ਹੁੰਦਾ ਹੈ ਉਹ ਹੁਕਮ ਵਿਚ ਚਲਦਾ ਹੈ, ਜਿਵੇਂ ਪ੍ਰਮੇਸ਼ਰ ਦਾ ਹੁਕਮ ਹੈ ਉਸੇ ਤਰ੍ਹਾਂ ਹੋਣਾ ਹੈ। ਉਹਦੀ ਕੋਈ ਪਲੈਨਿੰਗ ਨਹੀਂ ਹੋਇਆ ਕਰਦੀ, ਪਲੈਨਿੰਗ ਵੀ ਹੁਕਮ 'ਚ ਕਰਦਾ ਹੈ। ਸੋ ਜਦੋਂ ਤਕ ਹਉਮੈ ਦਾ ਨਾਸ਼ ਨਹੀਂ ਹੁੰਦਾ, ਅਹੰ ਭਾਵ ਨਹੀਂ ਇਹਦੇ ਵਿਚੋਂ ਜਾਂਦਾ, ਹੰਗਤਾ ਤੇ ਮਮਤਾ ਨਹੀਂ ਮਰਦੀ। ਇਹਨੂੰ ਕਰਮਾਂ ਨੇ ਬੰਨ੍ਹ ਕੇ ਹੀ ਰਖਣਾ ਹੈ ਤੇ ਫਲ ਭੋਗਣਾ ਹੀ ਪੈਣਾ ਹੈ।

ਗੁਰੂ ਗ੍ਰੰਥ ਸਾਹਿਬ ਜੀ ਦੇ ਅੰਦਰ ਇਕ ਭਗਤ ਸਧਨਾ ਜੀ ਦਾ ਨਾਮ ਆਉਂਦਾ ਹੈ। ਆਪ ਪਹਿਲਾਂ ਰਾਜਸਥਾਨ ਦੇ ਵਿਚ ਰਹਿਣ ਵਾਲੇ ਸੀ। ਕਸਾਈ ਦਾ ਕੰਮ ਸੀ। ਬੜਾ ਹੀ ਮਾੜਾ ਕਿੱਤਾ, ਜਾਨਵਰ ਮਾਰਨੇ, ਮਾਰ ਕੇ ਉਨ੍ਹਾਂ ਦਾ ਮਾਸ ਵੇਚਣਾ, ਗੁਜ਼ਾਰਾ ਕਰਨੀ, ਨਖਿੱਧ ਸਾਰੇ ਕੰਮਾਂ ਤੋਂ ਭੈੜਾ ਕੰਮ ਹੈ ਜਾਨਵਰ ਮਾਰ ਕੇ ਵੇਚਣ ਦਾ। ਕਿੰਨੀਆਂ ਜਾਨਾਂ ਲੈ ਲਈਆਂ, ਪੇਟ ਦੇ ਵਾਸਤੇ। ਲੇਕਿਨ ਇਹਦੇ ਕੋਈ ਸੰਸਕਾਰ ਚੰਗੇ ਸੀ, ਜਦੋਂ ਕਿਤੇ ਵਿਹਲਾ ਹੋਣਾ ਦੂਰ ਬੈਠ ਕੇ ਸੰਗਤ ਵਿਚ ਨਾਲੇ ਤਾਂ ਆਪਣੇ ਕਰਮਾਂ ਨੂੰ ਕੋਸੀ ਜਾਣਾ, ਜਾਤ

ਨੂੰ ਕੋਸਣਾ ਕਿ ਹੇ ਪ੍ਰਭੂ! ਮੈਨੂੰ ਐਸੀ ਜਾਤ ਦਿਤੀ ਹੈ, ਐਸਾ ਕਿੱਤਾ ਮੇਰੇ ਹਵਾਲੇ ਕਰਿਆ ਹੈ ਕਿ ਮੈਂ ਪਾਪ ਤੇ ਪਾਪ ਕਰਦਾ ਚਲਿਆ ਜਾਂਦਾ ਹਾਂ ਤੇ ਮੇਰਾ ਵੀ ਕਦੇ ਉਧਾਰ ਹੋਏਗਾ? ਕਦੇ-ਕਦੇ ਇਹ ਸੰਗਤ ਵਿਚ ਵੀ ਚਲਿਆ ਜਾਂਦਾ ਸੀ ਤੇ ਮਨ ਦੇ ਅੰਦਰ ਕੋਈ ਪ੍ਰੇਰਨਾ ਆਉਂਦੀ ਸੀ ਕਿ ਮਨਾ! ਬੜਾ ਖੋਟਾ ਕੰਮ ਕਰ ਰਿਹਾ ਹੈਂ। ਲੇਖੇ ਦੇਣੇ ਪੈਣਗੇ, ਕੀ ਜਵਾਬ ਦਏਂਗਾ ਉਥੇ ਜਾ ਕੇ, ਫੇਰ ਤਾਂ ਬਹੁਤ ਸ਼ਰਮਿੰਦਾ ਹੋਣਾ ਪਵੇਗਾ।

*ਐਸਾ ਕੰਮੁ ਮੂਲੇ ਨ ਕੀਚੈ ਜਿਤੁ ਅੰਤਿ ਪਛੋਤਾਈਐ॥*

*ਅੰਗ - 918*

ਪਛਤਾਉਣਾ ਪਏਗਾ। ਅੱਜ ਉਸ ਨਗਰ ਦੇ ਅੰਦਰ ਪੂਰਨ ਮਹਾਂਪੁਰਸ਼ ਜਿਨ੍ਹਾਂ ਨੇ ਨਿਰੰਕਾਰ ਜੀ ਦੀ ਪਛਾਣ ਕੀਤੀ ਹੋਈ ਸੀ, ਉਹ ਆ ਗਏ ਤੇ ਸਤਿਸੰਗ ਹੋ ਰਿਹਾ ਸੀ। ਇਹ ਮਾਸ ਵੇਚਣ ਵਾਸਤੇ ਟੋਕਰਾ ਲੈ ਕੇ ਜਾ ਰਿਹਾ ਸੀ। ਇਹਦੇ ਕੰਨ ਦੇ ਵਿਚ ਆਵਾਜ਼ ਪੈਂਦੀ ਹੈ ਉਸ ਵੇਲੇ ਧਿਆਨ ਦੇ ਨਾਲ ਸੁਣਿਆ ਤਾਂ ਆਵਾਜ਼ ਸਮਝ ਵਿਚ ਆ ਗਈ।

*ਸਿਮਰਨੁ ਭਜਨੁ ਦਇਆ ਨਹੀ ਕੀਨੀ*
*ਤਉ ਮੁਖਿ ਚੋਟਾ ਖਾਹਿਗਾ॥* *ਅੰਗ - 1106*

ਸਾਰਾ ਸ਼ਬਦ ਸੁਣਿਆ ਕਿ ਲੇਖੇ ਦੇਣੇ ਪੈਣਗੇ। ਜਮਦੂਤ ਫੜ ਕੇ ਲੈ ਜਾਣਗੇ, ਉਥੇ ਕੀ ਮੂੰਹ ਦਿਖਾਵੇਂਗਾ। ਕੀ ਉਥੇ ਜਵਾਬ ਦੇਵੇਂਗਾ, ਬੜਾ ਮੁਸ਼ਕਲ ਹੋ ਜਾਵੇਗਾ। ਮਾਸ ਦਾ ਟੋਕਰਾ ਸਿਰ ਤੇ ਹੈ ਤੇ ਫਸਲਾਂ ਵਿਚੋਂ ਜਾਂਦੇ ਨੇ ਮਹਾਤਮਾ ਤੋਂ, ਜੋ ਬੈਠੇ ਸਨ ਕਿਸੇ ਦਰਖਤ ਦੇ ਥੱਲੇ, ਇਹ ਆਵਾਜ਼ ਸੁਣੀ ਤੇ ਨਾਲ ਦੀ ਨਾਲ ਭਾਵ ਦੇ ਵਿਚ ਲੀਨ ਹੋ ਕੇ, ਸੁਧ ਬੁੱਧ ਭੁੱਲ ਗਈ, ਗਿਰ ਗਿਆ ਧਰਤੀ ਤੇ, ਇੱਲ੍ਹਾਂ ਗਿਲਜਾਂ ਘੁੰਮਣ ਲਗ ਗਈਆਂ, ਸੰਤਾਂ ਨੇ ਕਿਸੇ ਨੇ ਦੇਖਿਆ ਸੀ ਕਹਿਣ ਲੱਗੇ, ਇਥੇ ਇਕ ਪ੍ਰੇਮੀ ਟੋਕਰਾ ਲਈਂ ਖੜ੍ਹਾ ਸੀ, ਨਜ਼ਰ ਨਹੀਂ ਆਉਂਦਾ? ਇਹ ਬੇਹੋਸ਼ ਹੋ ਕੇ ਗਿਰ ਗਿਆ। ਉਸ ਵੇਲੇ ਮਹਾਤਮਾ ਦਇਆ ਦੇ ਘਰ ਵਿਚ ਆਏ, ਕੀ ਦੇਖਦੇ ਕਿ ਬੰਦਾ ਗਿਰਿਆ ਪਿਆ ਹੈ। ਸਾਵਧਾਨ ਕਰਿਆ, ਕਹਿਣ ਲੱਗੇ ਪਿਆਰਿਆ! ਕੀ ਗੱਲ? ਕਹਿਣ ਲੱਗਿਆ, ਮਹਾਰਾਜ! ਨਾ ਤਾਂ ਮੈਂ ਸਿਮਰਨ ਹੀ ਕਰਿਆ ਹੈ, ਵਾਹਿਗੁਰੂ ਦੀ ਯਾਦ ਮੇਰੇ ਹਿਰਦੇ ਵਿਚ ਟਿਕਦੀ ਨਹੀਂ ਹੈ। ਕਿਉਂਕਿ ਮੇਰਾ ਕਿੱਤਾ ਬੜਾ ਮਾੜਾ ਹੈ, ਜਾਨਵਰ ਮਾਰਨੇ, ਉਨ੍ਹਾਂ ਦੇ ਮਾਸ ਤਿਆਰ ਕਰਕੇ ਵੇਚਣਾ ਤਾਂ ਮੇਰੀ ਉਪਜੀਵਕਾ ਚਲਦੀ ਹੈ। ਭਜਨ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ, ਨਾ ਸਾਨੂੰ ਵਿਹਲ ਹੈ, ਨਾ ਸਾਡੀ ਬੁੱਧੀ ਹੈ, ਦਇਆ ਦਾ ਸਵਾਲ ਹੀ ਨਹੀਂ। ਦਇਆ ਹੋਵੇ ਤਾਂ ਮੈਂ ਜਾਨਵਰ ਕਿਉਂ ਮਾਰਾਂ। ਤੇ ਮੈਨੂੰ ਨਕਸ਼ਾ ਯਾਦ ਆ ਗਿਆ ਦਰਗਾਹ ਦਾ ਕਿ ਮੇਰਾ ਕੀ ਹਾਲ ਹੋਏਗਾ ਉਥੇ ਜਾ ਕੇ। ਲੇਖੇ ਦੇਣੇ ਪੈਣਗੇ, ਫੇਰ ਤਾਂ ਬਹੁਤ ਔਖਾ ਹੋ ਜਾਏਗਾ।

ਸੋ ਮਹਾਤਮਾ ਦੇ ਮਨ 'ਚ ਦਇਆ ਆਈ, ਕਹਿਣ ਲੱਗੇ, ਤੇਰੇ ਨਾਉਂ ਕੀ ਹੈ? ਕਹਿਣ ਲੱਗਿਆ, ਮੈਨੂੰ ਸਧਨਾ ਕਹਿੰਦੇ ਨੇ।

ਮਹਾਤਮਾ ਨੇ ਭਜਨ ਦੀ ਜੁਗਤੀ ਦੱਸ ਦਿਤੀ ਕਿ ਤੂੰ ਕਿੱਤਾ ਹੋਰ ਕਰ ਲੈ ਤੇ ਭਜਨ ਕਰਿਆ ਕਰ। ਇਸ ਤਰ੍ਹਾਂ ਨਾਮ ਜਪਣ ਲਗ ਗਿਆ, ਬਹੁਤ ਪਿਆਰ ਦੇ ਨਾਲ ਪ੍ਰਮੇਸ਼ਰ ਵਲ ਨੂੰ ਵਧਿਆ। ਅਖੀਰ ਵੈਰਾਗ ਆ ਗਿਆ, ਸੰਗਤ ਕਰਨ ਲਗ ਗਿਆ, ਸੰਗਤਾਂ ਆਉਣ ਲਗ ਗਈਆਂ। ਕਿੱਤਾ ਛੱਡ ਦਿਤਾ ਇਹਨੇ। ਅੱਜ ਇਹਦੇ ਮਨ ਵਿਚ ਆਇਆ ਕਿ ਮੈਂ ਜਗਨਨਾਥ ਦੀ ਯਾਤਰਾ ਕਰਾਂ। ਚਲਦਾ-ਚਲਦਾ ਜਿਸ ਵਕਤ ਇਕ ਮੰਜ਼ਲ ਰਹਿ ਗਿਆ, ਜਗਰਨਾਥ ਦਾ ਮੰਦਰ। ਉਸ ਵੇਲੇ ਰਾਤ ਨੂੰ ਇਕ ਦਰਖਤ ਦੇਖਿਆ ਤੇ ਉਹਦੇ ਥੱਲੇ ਚੌਂਤਰਾ ਸੀ, ਉਹਨੂੰ ਸਾਫ ਕੀਤਾ ਤੇ ਰਾਤ ਵਿਸ਼ਰਾਮ ਕਰਨ ਵਾਸਤੇ ਆਪਣਾ ਆਸਣ ਵਿਛਾ ਲਿਆ। ਭੁੰਞੇ ਹੀ ਭੂਮ ਆਸਣ ਕਰਕੇ ਚੌਂਤਰੇ ਦੇ ਉਤੇ ਲੰਮਾ ਪੈ ਗਿਆ। ਉਥੇ ਹੀ ਸਾਮ੍ਹਣੇ ਕੋਈ ਇਸਤਰੀ ਸੀ, ਰੰਗ ਰੂਪ ਉਸ ਦਾ ਦੇਖਿਆ ਤੇ ਮਨ ਵਿਚ ਮਾੜੇ ਖਿਆਲ ਪੈਦਾ ਹੋ ਗਏ। ਜਿਸ ਵਕਤ ਰਾਤ ਟਿਕ ਗਈ ਉਸ ਵੇਲੇ ਇਹਦੇ ਕੋਲ ਆਈ ਤੇ ਆਪਣੀ ਮੰਦ ਵਾਸ਼ਨਾ ਜ਼ਾਹਰ ਕਰੀ। ਕਹਿਣ ਲੱਗਿਆ, ਬੀਬਾ! ਤੂੰ ਤਾਂ ਵਿਆਹੁਤਾ ਇਸਤਰੀ ਹੈਂ, ਐਹੋ ਜਿਹੇ ਮਾੜੇ ਖਿਆਲ ਤੈਨੂੰ ਆਉਣੇ ਨਹੀਂ ਚਾਹੀਦੇ। ਉਸੇ ਵੇਲੇ ਵਾਪਸ ਚਲੀ ਗਈ ਜਾ ਕੇ ਸਿਰ ਵੱਢ ਕੇ ਆਪਣੇ ਆਦਮੀ ਦਾ ਲਿਆ ਕੇ ਸਧਨੇ ਦੇ ਕੋਲ ਰੱਖ ਦਿਤਾ। ਕਹਿਣ ਲੱਗੀ, ਲੈ ਜਿਹਦਾ ਤੈਨੂੰ ਡਰ ਸੀ ਉਹ ਮੈਂ ਖਤਮ ਕਰ ਦਿਤਾ। ਉਸ ਵੇਲੇ ਇਹਦੇ ਮਨ ਵਿਚ ਬਹੁਤ ਵਿਚਾਰ ਪੈਦਾ ਹੋ ਗਈ ਕਿ ਮਨਾ! ਮੈਂ ਤਾਂ ਪਾਪ ਅੱਗੇ ਹੀ ਬਹੁਤ ਕੀਤੇ ਹੋਏ ਨੇ ਤੇ ਅੱਗੇ ਪਾਪ ਦਾ ਦਰਵਾਜ਼ਾ ਫੇਰ ਖੁਲ੍ਹ ਰਿਹਾ ਹੈ। ਜਵਾਬ ਦੇ ਦਿਤਾ ਉਸ ਨੂੰ ਕਿ ਨਾ ਭੈਣ! ਐਹੋ ਜਿਹੇ ਕੰਮ ਨਹੀਂ ਕਰੀਦੇ। ਜਦੋਂ ਉਸ ਇਸਤਰੀ ਨੇ ਦੇਖਿਆ ਕਿ ਇਹ ਤਾਂ ਮੰਨਦਾ ਹੀ ਨਹੀਂ ਉਸ ਵੇਲੇ ਰੌਲਾ ਪਾ ਦਿਤਾ, ਰੌਲਾ ਪਾ ਕੇ ਕਹਿ ਦਿਤਾ ਕਿ ਮੇਰਾ ਆਦਮੀ ਇਸ ਬੰਦੇ ਨੇ ਮਾਰ ਦਿਤਾ, ਆਹ ਦੇਖੋ ਸਿਰ ਪਿਆ ਇਹਦੇ ਕੋਲ ਤੇ ਮੇਰੇ ਵਲ ਬੁਰੀ ਨਿਗ੍ਹਾ ਕਰਦਾ ਸੀ। ਮੈਨੂੰ ਜਬਰਦਸਤੀ ਲਿਜਾਣਾ ਚਾਹੁੰਦਾ ਸੀ। ਰਾਜੇ ਦੇ ਪੇਸ਼ੀ ਹੋ ਗਈ, ਰਾਜੇ ਨੇ ਸਾਰੀ ਗੱਲ ਸੁਣੀ। ਬਥੇਰਾ ਇਸ ਨੇ ਕਿਹਾ ਕਿ ਇਸ ਨੇ ਇਸ ਤਰ੍ਹਾਂ ਕਰਿਆ ਹੈ। ਨਹੀਂ ਕੋਈ ਬਾਤ ਬਣੀ। ਅਖੀਰ ਰਾਜੇ ਨੇ ਹੁਕਮ ਦੇ ਦਿਤਾ ਕਿ ਇਹਦੇ ਦੋਵੇਂ ਹੱਥ ਕੱਟ ਦਿਓ ਅਤੇ ਇਸ ਨੂੰ ਨੀਂਹ ਵਿਚ ਚਿਣ ਦਿਓ। ਜਦੋਂ ਹੱਥ ਕੱਟਣ ਲੱਗੇ, ਉਸ ਵੇਲੇ ਇਹ ਪ੍ਰਮੇਸ਼ਰ ਦੇ ਕੋਲ ਅਰਦਾਸਾਂ ਕਰਦਾ ਹੈ ਕਿ ਹੇ ਪ੍ਰਭੂ ਕ੍ਰਿਪਾ ਕਰ, ਮੇਰੀ ਤੂੰ ਰਾਖੀ ਕਰ। ਬਾਰ-ਬਾਰ ਅਰਦਾਸਾਂ ਕਰਦਾ ਹੈ। ਹੱਥ ਕੱਟ ਦਿਤੇ, ਉਸ ਤੋਂ ਬਾਅਦ ਬੁਨਿਆਦ ਦੇ ਵਿਚ ਚਿਣਨਾ ਸ਼ੁਰੂ ਹੋ ਗਿਆ। ਜਦੋਂ ਗੋਡਿਆਂ ਤੱਕ ਬੁਨਿਆਦ ਆ ਗਈ, ਉਸ ਵੇਲੇ ਅਰਦਾਸਾਂ ਕਰਦਾ ਹੈ ਕਿ ਹੇ ਪ੍ਰਭੂ ਤੂੰ ਮੇਰੀ ਰਾਖੀ ਕਰ। ਬਹੁੜਦਾ ਕਿਉਂ ਨਹੀਂ ਤੂੰ, ਤੈਨੂੰ ਤਾਂ ਪਤਾ ਹੈ ਕਿ ਮੈਂ ਸੱਚਾ

ਹਾਂ। ਮੈਂ ਤੇਰੇ ਦਰਸ਼ਨ ਕਰਨ ਵਾਸਤੇ ਆਇਆ ਹਾਂ। ਅਕਾਸ਼ਬਾਣੀ ਹੋਈ ਕਿ ਸਧਨਿਆ! ਤੇਰੇ ਨਾਲ ਕੋਈ ਗੱਲ ਨਜਾਇਜ਼ ਨਹੀਂ ਹੋ ਰਹੀ। ਇਹ ਤਾਂ ਤੇਰੇ ਕਰਮ ਜਿਹੜੇ ਨੇ ਉਹ ਫਲ ਭੁਗਤਾ ਰਹੇ ਨੇ। ਨਜਾਇਜ਼ ਨਹੀਂ ਕੁਛ ਵੀ ਹੋ ਰਿਹਾ, ਮੈਂ ਕੁਛ ਨਹੀਂ ਕਰ ਰਿਹਾ। ਇਹ ਤੂੰ ਦੋਸ਼ ਕਿਉਂ ਦਿੰਦਾ ਹੈਂ, ਇਹ ਤੂੰ ਕਰਮ ਐਸੇ ਕੀਤੇ ਨੇ, ਜਿਹਦਾ ਤੈਨੂੰ ਫਲ ਭੋਗਣਾ ਹੀ ਪੈਣਾ ਹੈ। ਕਰਮ ਫਲ ਦਿਤੇ ਤੋਂ ਬਗੈਰ ਜਾਇਆ ਨਹੀਂ ਕਰਦੇ।

***ਦਦੈ ਦੋਸੁ ਨ ਦੇਊ ਕਿਸੈ ਦੋਸੁ ਕਰੰਮਾ ਆਪਣਿਆ॥***
***ਜੋ ਮੈ ਕੀਆ ਸੋ ਮੈ ਪਾਇਆ ਦੋਸੁ ਨ ਦੀਜੈ ਅਵਰ ਜਨਾ॥***

***ਅੰਗ - 433***

ਕਹਿੰਦੇ ਸਧਨਿਆਂ! ਪਿਆਰਿਆ ਇਹ ਤਾਂ ਤੇਰੇ ਕਰਮ ਫਲ ਦੇ ਰਹੇ ਨੇ। ਮੈਂ ਤਾਂ ਕੁਛ ਨਹੀਂ ਕਰ ਰਿਹਾ। ਕਰਮਾਂ ਦਾ ਫਲ ਤਾਂ ਤੈਨੂੰ ਭੋਗਣਾ ਹੀ ਪੈਣਾ ਹੈ। ਸਧਨਾ ਬੇਨਤੀਆਂ ਕਰਦਾ ਹੈ, ਹੇ ਪ੍ਰਭੂ! ਤੂੰ ਮੇਰੀ ਰਾਖੀ ਕਰ, ਮੈਨੂੰ ਬਚਾ ਇਸ ਵੇਲੇ। ਮੈਨੂੰ ਕੰਧ ਦੇ ਵਿਚ ਚਿਣਿਆ ਜਾ ਰਿਹਾ ਹੈ। ਮੈਂ ਕੋਈ ਕਸੂਰ ਨਹੀਂ ਕਰਿਆ। ਆਵਾਜ਼ ਆਉਂਦੀ ਹੈ, ਸਧਨਿਆਂ! ਤੇਰਾ ਕਸੂਰ। ਤੂੰ ਕਰਮ ਕੀਤਾ ਹੈ ਉਹਦਾ ਫਲ ਤੂੰ ਭੁਗਤ ਰਿਹਾ ਹੈਂ।

ਕਹਿਣ ਲੱਗਿਆ, "ਮੈਂ ਕਿਹੜਾ ਕਰਮ ਕਰਿਆ ਹੈ?"

ਮੈਂ ਤਾਂ ਕੁਛ ਕਰਿਆ ਨਹੀਂ, ਠੀਕ ਹੈ ਮੈਂ ਜਾਨਵਰ ਤਾਂ ਮਾਰੇ ਨੇ। ਪਰ ਮੇਰਾ ਉਹ ਕਰਮ ਦੱਸੋ, ਪ੍ਰਭੂ ਜੋ ਮੈਂ ਕਰਿਆ ਹੈ। ਕਹਿਣ ਲੱਗੇ, ਤੂੰ ਪਿਛਲੇ ਜਨਮ ਦੇ ਅੰਦਰ ਇਕ ਮਹਾਤਮਾ ਸੀ ਤੇ ਮੋਨੀ ਸੀ, ਬੋਲਦਾ ਨਹੀਂ ਸੀ ਹੁੰਦਾ।ਇਹ ਜਿਹੜੀ ਇਸਤਰੀ ਹੈ ਇਹ ਗਊ ਸੀ। ਇਹ ਜਿਹੜਾ ਇਹਦਾ ਪਤੀ ਹੈ ਇਹ ਕਸਾਈ ਸੀ। ਕਸਾਈ ਨੇ ਗਊ ਮੁੱਲ ਲੈ ਲਈ ਤੇ ਜਦੋਂ ਇਹ ਜਾ ਰਿਹਾ ਸੀ, ਰੱਸਾ ਬੰਨਿਆ ਹੋਇਆ ਸੀ ਗਲ ਵਿਚ। ਮਾਰਨ ਵਾਸਤੇ ਲਿਜਾ ਰਿਹਾ ਸੀ, ਗਊਕਸ਼ੀ ਜਿਥੇ ਹੁੰਦੀ ਹੈ। ਗਊ ਨੇ ਝਟਕਾ ਮਾਰਿਆ ਤੇ ਰੱਸਾ ਤੁੜਾ ਕੇ ਨੱਠ ਗਈ। ਇਹਦੀਆਂ ਅੱਖਾਂ ਤੋਂ ਓਹਲੇ ਹੋ ਗਈ। ਇਹ ਟੋਲਦਾ-ਟੋਲਦਾ ਜਦੋਂ ਤੇਰੇ ਕੋਲ ਆਇਆ। ਤੈਨੂੰ ਪੁਛਿਆ ਕਿ ਸੰਤ ਜੀ, ਇਥੇ ਗਊ ਆਈ ਹੈ। ਤੂੰ ਦੇਖਿਆ ਸੀ ਕਿ ਉਹਦੇ ਹੱਥ ਵਿਚ ਛੁਰਾ ਸੀ, ਮਾਰਨ ਵਾਲਾ। ਤੂੰ ਉਸ ਵੇਲੇ ਵਿਚਾਰ ਨਾ ਕਰਿਆ ਕਿ ਮੈਂ ਗਊ ਦੀ ਜਾਨ ਬਚਾ ਦੇਵਾਂ। ਤੂੰ ਮੋਨੀ ਸੀਗਾ। ਤੂੰ ਦੋਵੇਂ ਹੱਥ ਜੋੜ ਕੇ, ਮੋਢੇ ਦੇ ਪਿਛਲੇ ਪਾਸੇ ਵਲ ਨੂੰ ਕਰ ਦਿਤੇ ਕਿ ਮੇਰੇ ਪਿਛਲੇ ਪਾਸੇ ਹੈ। ਉਹ ਪਿਛਲੇ ਪਾਸੇ ਟੋਏ 'ਚ ਲੁਕੀ ਹੋਈ ਸੀ, ਉਥੋਂ ਉਹਨੇ ਫੜ ਲਈ, ਫੜ ਕੇ ਉਹਦਾ ਗਲ ਵੱਢ ਦਿਤਾ। ਜਿਥੇ ਉਹ ਮਾਰੀ ਸੀ, ਉਥੇ ਨਾਲ ਹੀ ਗੰਗਾ ਵਹਿੰਦੀ ਸੀ, ਕੋਲ ਹੀ ਨੇੜੇ ਜਿਹੇ ਸਾਧੂਆਂ ਦਾ ਆਸ਼ਰਮ ਸੀ, ਜੋ ਸਾਧੂ ਇਸ਼ਨਾਨ ਕਰਦੇ ਸੀ, ਉਹ ਜਿਹੜਾ ਜਲ ਸੀ, ਇਕ ਡੂੰਘ ਦੇ ਵਿਚ ਪੈਂਦਾ ਜਾਂਦਾ ਸੀ ਤੇ ਮੀਂਹ ਪਿਆ, ਉਹ ਪਾਣੀ ਰਲ ਗਿਆ, ਉਸ ਪਾਣੀ ਦੇ ਨਾਲ, ਉਹ ਪਾਣੀ ਜਿਹੜਾ ਮਹਾਂਪੁਰਸ਼ਾਂ ਦੇ ਇਸ਼ਨਾਨ ਵਾਲਾ ਸੀ, ਉਹ ਆ ਕੇ ਇਨ੍ਹਾਂ ਦੋਹਾਂ ਦੇ ਸਰੀਰਾਂ ਨੂੰ ਲਗ ਗਿਆ। ਗਊ ਨੂੰ ਵੀ ਲਗ ਗਿਆ, ਇਹ ਕਸਾਈ ਜਿਹੜਾ ਸੀ ਇਹਨੂੰ ਇਧਰੋਂ ਸ਼ੇਰ ਨਿਕਲ ਕੇ ਮਾਰ ਗਿਆ। ਜਲ ਦੀ ਪਵਿਤਰਤਾ ਕਰਕੇ ਇਹ ਦੋਵੇਂ ਸਰੀਰ ਜਿਹੜੇ ਸੀ ਮਨੁੱਖ ਜਾਮੇ 'ਚ ਪੈ ਗਏ। ਕਰਮ ਜਿਹੜਾ ਸੀ ਛੇਤੀ ਭੁਗਤਣ ਲਗ ਗਏ। ਤੂੰ ਵੀ ਸਧਨਿਆ! ਸਰੀਰ ਛੱਡ ਦਿਤਾ, ਹੁਣ ਤੇਰਾ ਫਲ ਤੈਨੂੰ ਮਿਲ ਗਿਆ, ਇਨ੍ਹਾਂ ਦਾ ਫਲ ਇਹਨੂੰ ਮਿਲ ਗਿਆ। ਗਊ ਦਾ ਸਿਰ ਉਹਨੇ ਵਢਿਆ ਸੀ, ਇਹਨੇ ਕਸਾਈ (ਆਪਣੇ ਪਤੀ) ਦਾ ਸਿਰ ਵੱਢ ਦਿਤਾ। ਤੂੰ ਦੋਵੇਂ ਹੱਥ ਐਉਂ ਕਰੇ ਸੀ, ਤੇਰੇ ਦੋਵੇਂ ਹੱਥ ਕੱਟੇ ਗਏ। ਉਸ ਵੇਲੇ ਸਧਨੇ ਨੇ ਕਿਹਾ, ਹੇ ਪ੍ਰਭੂ, ਮੈਂ ਤੇਰੀ ਭਗਤੀ ਕਰਦਾ ਹਾਂ ਤੇ ਤੂੰ ਸਾਰਿਆਂ ਦੀ ਰਾਖੀ ਕਰਦਾ ਹੈਂ। ਤੂੰ ਜਿਹੜੇ ਵੱਡੇ-ਵੱਡੇ ਭੇਖੀ ਲੋਕ ਨੇ, ਪਾਖੰਡ ਕਰਨੇ ਵਾਲੇ ਨੇ, ਮੈਂ ਸੁਣਿਆ ਹੈ ਸੰਤਾਂ ਦੇ ਮੁਖਾਰਬਿੰਦ ਤੋਂ ਕਿ ਤੂੰ ਉਨ੍ਹਾਂ ਦੀ ਵੀ ਆ ਕੇ ਪੈਜ ਰਖਦਾ ਹੈਂ ਤੇ ਮੈਂ ਤਾਂ ਤੇਰਾ ਸੱਚਮੁੱਚ ਭਗਤ ਹਾਂ, ਤੂੰ ਮੈਨੂੰ ਜਾਣਦਾ ਹੈਂ ਕਿ ਮੈਂ ਤੈਨੂੰ ਪਿਆਰ ਕਰਦਾ ਹਾਂ। ਤੂੰ ਮੇਰੀ ਕਿਉਂ ਨਹੀਂ ਇਸ ਵੇਲੇ ਰਾਖੀ ਕਰਦਾ।

ਪਾਤਸ਼ਾਹ! ਮੈਂ ਇਕ ਕਥਾ ਸੁਣੀ ਹੈ -

***ਨ੍ਰਿਪ ਕੰਨਿਆ ਕੇ ਕਾਰਨੈ ਇਕੁ ਭਇਆ ਭੇਖਧਾਰੀ॥***
***ਕਾਮਾਰਥੀ ਸੁਆਰਥੀ ਵਾ ਕੀ ਪੈਜ ਸਵਾਰੀ॥***

***ਅੰਗ - 858***

ਇਕ ਕੋਈ ਰਾਜਾ ਸੀ ਉਸ ਦੀ ਲੜਕੀ ਵਿਸ਼ਨੂੰ ਜੀ ਦੀ ਭਗਤੀ ਕਰਦੀ ਸੀ। ਉਥੇ ਇਕ ਰਾਜ ਕੰਮ ਕਰਨ ਜਾਇਆ ਕਰਦਾ ਸੀ। ਲੜਕੀ ਉਸ ਨੇ ਦੇਖੀ, ਉਸ ਤੇ ਮੋਹਿਤ ਹੋ ਗਿਆ। ਦਿਨ ਰਾਤ ਉਹਦਾ ਧਿਆਨ ਕਰੀ ਜਾਇਆ ਕਰੇ। ਇਸਨੂੰ ਪਤਾ ਲਗ ਗਿਆ ਕਿ ਇਹ ਲੜਕੀ ਆਪਣੇ ਪਿਤਾ ਨੂੰ ਇਹ ਕਹਿੰਦੀ ਹੈ ਕਿ ਮੈਂ ਤਾਂ ਵਿਸ਼ਨੂੰ ਜੀ ਨਾਲ ਸ਼ਾਦੀ ਕਰਾਉਣੀ ਹੈ, ਦੁਨੀਆਂ ਦੇ ਕਿਸੇ ਬੰਦੇ ਨਾਲ ਨਹੀਂ ਕਰਾਉਣੀ। ਇਹਦਾ ਇਕ ਮਿੱਤਰ ਸੀ, ਉਸ ਨਾਲ ਗੱਲ ਕਰੀ। ਉਹ ਕਹਿਣ ਲੱਗਿਆ, ਮੈਂ ਤੈਨੂੰ ਇਕ ਉਡਣ ਖਟੋਲਾ ਬਣਾ ਦਿੰਦਾ ਹਾਂ ਤੇ ਕਲਾ ਦੇ ਨਾਲ ਤੇਰੀਆਂ ਦੋ ਬਾਹਾਂ ਚੱਲਣ ਵਾਲੀਆਂ ਬਣਾ ਦਿੰਦਾ ਹਾਂ। ਤੂੰ ਰੂਪ ਧਾਰ ਲੈ, ਮਹਿਲਾਂ ਤੇ ਜਾ ਉਤਰ। ਫੇਰ ਮੁੜ ਕੇ ਆ ਜਾਈਂ ਆਪਣੀਆਂ ਬਾਹਾਂ ਲਾ ਲਈਂ, ਪੈਦਲ ਚਲ ਪਈਂ। ਐਸ ਤਰ੍ਹਾਂ ਕੰਮ ਤੇਰਾ ਬਣ ਜਾਏਗਾ।

ਇਸ ਤਰ੍ਹਾਂ ਉਸ ਨੇ ਕਰਿਆ, ਉਪਰ ਆ ਕੇ ਜਦੋਂ ਉਤਰਿਆ। ਆਵਾਜ਼ ਦਿਤੀ ਉਸ ਲੜਕੀ ਦੇ ਮਹਿਲਾਂ ਤੇ ਆ ਕੇ ਕਿ ਮੈਂ ਆ ਗਿਆ ਹਾਂ, ਤੇਰੀ ਸ਼ਰਧਾ ਪੂਰੀ ਕਰਨ। ਬੜੀ ਖੁਸ਼ ਹੋਈ, ਆਪਣੇ ਪਿਤਾ ਨੂੰ ਬੁਲਾ ਲਿਆ ਕਿ ਵਿਸ਼ਨੂੰ ਜੀ ਆ ਗਏ ਨੇ ਤੇ ਹੁਣ ਮੇਰੀ ਸ਼ਾਦੀ ਇਨ੍ਹਾਂ ਨਾਲ ਕਰ ਦਿਓ। ਬੜਾ ਸਤਿਕਾਰ ਹੋਇਆ। ਬਹੁਤ ਬਚਨ ਕਰਦਾ ਹੈ, ਭੇਸ ਧਾਰਿਆ ਹੋਇਆ ਹੈ ਵਿਸ਼ਨੂੰ ਜੀ ਦਾ ਤੇ ਗਰੁੜ

ਦੇ ਉਤੇ ਚੜ੍ਹ ਕੇ ਆ ਗਿਆ। ਉਸ ਵੇਲੇ ਪਿਤਾ ਕਹਿਣ ਲੱਗਿਆ ਕਿ ਮਹਾਰਾਜ! ਮੇਰੀ ਲੜਕੀ ਦਾ ਇਹ ਪ੍ਰਣ ਸੀ ਕਿ ਤੁਹਾਡੇ ਨਾਲ ਸ਼ਾਦੀ ਕਰਾਉਣੀ ਹੈ। ਕਹਿਣ ਲੱਗੇ, ਠੀਕ ਹੈ ਮੈਂ ਤਾਂ ਪਿਆਰ ਦਾ ਬੰਨ੍ਹਿਆ ਹੋਇਆ, ਜਿਥੇ ਮੈਨੂੰ ਕੋਈ ਯਾਦ ਕਰਦਾ ਹੈ, ਮੈਂ ਜਾਂਦਾ ਹਾਂ। ਪਰ ਹੁਣ ਇਹ ਹੈ ਕਿ ਸ਼ਾਦੀ ਦੇਵ ਰੂਪ ਵਿਚ ਤਾਂ ਹੋਣੀ ਨਹੀਂ, ਮਨੁੱਖ ਰੂਪ ਵਿਚ ਹੋਏਗੀ। ਸੋ ਤੁਸੀਂ ਕਲ੍ਹ ਨੂੰ ਤਿਆਰੀ ਕਰ ਲਓ, ਮੈਂ ਮਨੁੱਖ ਰੂਪ ਵਿਚ ਆ ਜਾਵਾਂਗਾ। ਐਨੇ ਵਜੇ ਮੈਂ ਪਹੁੰਚ ਜਾਵਾਂਗਾ। ਉਸੇ ਤਰ੍ਹਾਂ ਕਰਿਆ, ਉਹ ਜੋ ਗਰੁੜ ਦਾ ਉਡਣ ਖਟੋਲਾ ਸੀ, ਉਹਨੂੰ ਚਾਬੀ ਨਾਲ ਉਡਾਇਆ ਤੇ ਆ ਕੇ ਘਰ ਬਾਹਾਂ ਲਾਹ ਦਿਤੀਆਂ।

ਮਨੁੱਖ ਜਾਮਾ ਰੱਖ ਲਿਆ, ਉਹਦੇ ਨਾਲ ਆ ਕੇ ਸ਼ਾਦੀ ਕਰਾ ਲਈ ਤੇ ਆ ਕੇ ਰਹਿਣਾ ਸ਼ੁਰੂ ਕਰ ਲਿਆ। ਰਾਜਾ ਬੜਾ ਭਗਤ ਸੀ, ਦਿਨ ਰਾਤ ਅਰਾਧਨਾ ਕਰਦਾ ਹੈ। ਲੜਕੀ ਜਿਹੜੀ ਹੈ ਉਹ ਵੀ ਵਿਸ਼ਨੂੰ ਜੀ ਜਾਣ ਕੇ ਬਹੁਤ ਪਿਆਰ ਕਰਦੀ ਹੈ। ਹੁੰਦੇ-ਹੁੰਦੇ ਰਾਜੇ ਦੇ ਮਨ 'ਚ ਆਇਆ ਕਿ ਵਿਸ਼ਨੂੰ ਮੇਰਾ ਦਾਮਾਦ ਹੈ, ਮੈਂ ਕਿਉਂ ਫੌਜਾਂ ਦਾ ਖਰਚ ਦਿੰਦਾ ਹਾਂ। ਜਿਥੇ ਵਿਸ਼ਨੂੰ ਜੀ ਆਪ ਨੇ, ਉਥੇ ਕੀ ਲੋੜ ਹੈ, ਫੌਜਾਂ ਹਟਾ ਦਿਤੀਆਂ, ਥੋੜ੍ਹੀਆਂ ਜਿਹੀਆਂ ਰੱਖ ਲਈਆਂ। ਉਸ ਵੇਲੇ ਨਾਲ ਦੇ ਰਾਜੇ ਨੂੰ ਪਤਾ ਲੱਗਿਆ ਕਿ ਵਿਸ਼ਨੂੰ ਤਾਂ ਆ ਨਹੀਂ ਸਕਦਾ, ਇਹ ਤਾਂ ਕੋਈ ਛਲ ਹੈ, ਕੋਈ ਗਲਤ ਬੰਦਾ ਹੈ। ਕਿਉਂ ਨਾ ਮੈਂ ਫੌਜ ਇਕੱਠੀ ਕਰਕੇ ਇਹਦੇ ਤੇ ਚੜ੍ਹਾਈ ਕਰਕੇ, ਰਾਜ ਲੈ ਲਵਾਂ।

ਇਸੇ ਤਰ੍ਹਾਂ ਕੀਤਾ ਉਸ ਨੇ ਫੌਜ ਚਾੜ੍ਹ ਦਿਤੀ। ਆ ਕੇ ਕਹਿਣ ਲੱਗਿਆ ਕਿ ਜਾਂ ਤਾਂ ਆ ਕੇ ਲੜਾਈ ਕਰ ਜਾਂ ਫੇਰ ਮੈਨੂੰ ਆ ਕੇ ਆਪਣਾ ਰਾਜ ਦੇ ਦੇ। ਵਜੀਰਾਂ ਨੇ ਕਿਹਾ ਕਿ ਮਹਾਰਾਜ! ਉਹ ਹੱਦਾਂ ਟੱਪ ਆਇਆ ਹੈ, ਸਿੱਧਾ ਆਪਣੀ ਰਾਜਧਾਨੀ ਵਲ ਨੂੰ ਆ ਰਿਹਾ ਹੈ। ਕਹਿੰਦਾ, ਫਿਕਰ ਨਾ ਕਰੋ, ਆਪਣੇ ਵਿਸ਼ਨੂੰ ਜੀ ਹੈਗੇ, ਆਪਾਂ ਨੂੰ ਕੀ ਡਰ ਹੈ, ਭਜਨ ਕਰੋ ਤੁਸੀਂ, ਵਿਸ਼ਨੂੰ ਜੀ ਦੀ ਪੂਜਾ ਕਰੋ। ਉਸ ਵੇਲੇ ਸਾਰੇ ਸ਼ਹਿਰ ਦੇ ਅੰਦਰ ਵਿਸ਼ਨੂੰ ਜੀ ਦੀ ਪੂਜਾ ਹੋ ਰਹੀ ਹੈ ਤੇ ਖਬਰ ਆਈ ਕਿ ਮਹਾਰਾਜ! ਉਹ ਤਾਂ ਬਹੁਤ ਨੇੜੇ ਆ ਗਿਆ। ਘੇਰਾ ਪਾ ਲਿਆ ਹੈ ਤੇ ਕਿਲੇ ਦੇ ਦਰਵਾਜ਼ੇ ਉਹਨੇ ਤੋੜਨੇ ਸ਼ੁਰੂ ਕਰ ਦਿਤੇ ਨੇ। ਹੁਕਮ ਕਰੋ ਕਿ ਫੌਜਾਂ ਜੋ ਵੀ ਥੋੜ੍ਹੀਆਂ ਬਹੁਤੀਆਂ ਆਪਾਂ ਲੜਾਈ ਕਰੀਏ। ਕਹਿੰਦੇ ਨਾ-ਨਾ, ਲੜਾਈ ਨਹੀਂ ਕਰਨੀ, ਇਧਰ ਰਾਜਾ ਆਇਆ ਕਿ ਮਹਾਰਾਜ! ਵਿਸ਼ਨੂੰ ਜੀ ਮਹਾਰਾਜ, ਤੁਹਾਡੇ ਭਰੋਸੇ ਦੇ ਉਤੇ ਅਸੀਂ ਫੌਜਾਂ ਹਟਾ ਦਿਤੀਆਂ ਤੇ ਹੁਣ ਕਿਉਂਕਿ ਤੁਸੀਂਓਂ ਵਾਰਿਸ ਹੋਂ ਮੇਰੇ ਇਸ ਰਾਜ ਦੇ, ਆਪਣੇ ਰਾਜ ਦੀ ਰਖਸ਼ਾ ਆਪ ਕਰੋ ਤੇ ਕ੍ਰਿਪਾ ਕਰੋ। ਕਹਿਣ ਲੱਗਿਆ, ਰਾਜਨ! ਤੁਸੀਂ ਫਿਕਰ ਨਾ ਕਰੋ ਤੇ ਮੈਂ ਹੁਣ ਉਨ੍ਹਾਂ ਫੌਜਾਂ ਨੂੰ ਨਠਾ ਦੇਵਾਂਗਾ। ਰਾਜਾ ਖੁਸ਼ ਹੋ ਗਿਆ।

ਇਧਰ ਇਹਨੇ ਜਦ ਦੇਖਿਆ ਕਿ ਇਹ ਤਾਂ ਗੱਲ ਕੋਈ ਨਹੀਂ ਬਣਨੀ। ਇਧਰ ਵੀ ਮਰਨਾ ਹੈ, ਓਧਰ ਵੀ ਮਰਨਾ ਹੈ। ਪਾਜ ਖੁਲ੍ਹ ਜਾਣਾ ਹੈ। ਹੋਵੇ ਨਾ ਤਾਂ ਮੈਂ ਪਹਿਲਾਂ ਹੀ ਮਰ ਜਾਣਾ ਹੈ। ਇਹਨੇ ਰੱਸਾ ਛੱਤ ਨਾਲ ਬੰਨ੍ਹ ਲਿਆ, ਫਾਸੀ ਬਣਾ ਲਈ। ਜਿਸ ਵਕਤ ਗਲ 'ਚ ਪਾ ਕੇ ਝੂਟਾ ਲੈਣ ਲੱਗਿਆ, ਵਿਸ਼ਨੂੰ ਜੀ ਨੇ ਆ ਕੇ ਬਾਂਹ ਫੜ ਲਈ। ਕਹਿੰਦੇ ਹੁਣ ਕਿਥੇ ਜਾਂਦਾ ਹੈਂ। ਮੇਰਾ ਰੂਪ ਧਾਰ ਕੇ ਭਾਵੇਂ ਤੂੰ ਮਾੜਾ ਕੰਮ ਕਰਿਆ ਹੈ, ਭੇਖ ਧਾਰਿਆ ਹੈ, ਪਰ ਹੁਣ ਸਾਰੇ ਲੋਕਾਂ ਨੇ ਇਹ ਕਹਿਣਾ ਹੈ ਕਿ ਵਿਸ਼ਨੂੰ ਮਰ ਗਿਆ। ਤੈਨੂੰ ਤਾਂ ਕਿਸੇ ਨੇ ਨਹੀਂ ਜਾਣਨਾ। ਲੋਕ ਨਾਸਤਕ ਹੋ ਜਾਣਗੇ, ਲੋਕਾਂ ਦੇ ਵਿਚ ਭਗਤੀ ਭਾਵ ਉਡ ਜਾਏਗਾ। ਕਹਿਣ ਲੱਗੇ, ਹੁਣ ਤੂੰ ਬਣਿਆ ਤਾਂ ਹੈਂ ਜਾਹ, ਤੈਨੂੰ ਮੈਂ ਸ਼ਕਤੀਆਂ ਦਿਤੀਆਂ, ਤੂੰ ਸਿਰਫ ਹੱਥ ਖੜ੍ਹਾ ਕਰਨ ਦੀ ਲੋੜ ਹੈ। ਜਿਧਰ ਹੱਥ ਕਰੇਂਗਾ, ਤੇਜ ਵਧੇਗਾ, ਫੌਜਾਂ ਤੇਜ ਦੇਖ ਨੱਠ ਜਾਣਗੀਆਂ। ਉਸੇ ਤਰ੍ਹਾਂ ਹੋਇਆ, ਜਿਧਰ ਇਹ ਹੱਥ ਕਰਦਾ ਹੈ, ਫੌਜਾਂ ਨੱਠਣੀਆਂ ਸ਼ੁਰੂ ਕਰ ਦਿੰਦੀਆਂ ਨੇ। ਸਾਰੀਆਂ ਫੌਜਾਂ ਨੱਠ ਗਈਆਂ, ਰਾਜਾ ਵੀ ਨੱਠ ਗਿਆ। ਉਨ੍ਹਾਂ ਨੇ ਕਿਹਾ ਕਿ ਸੱਚਮੁੱਚ ਵਿਸ਼ਨੂੰ ਜੀ ਨੇ ਇਹਦੇ ਘਰ ਤਾਂ। ਅਸੀਂ ਤਾਂ ਗਲਤੀ ਕਰੀ। ਸੋ ਰਾਜ ਬਚ ਗਿਆ ਉਸਦਾ।

ਸਧਨਾ ਕਹਿਣ ਲੱਗਿਆ, ਹੇ ਪ੍ਰਭੂ! ਉਹ ਇਕ ਐਡਾ ਭੇਖੀ ਆਦਮੀ, ਉਹਦੀ ਤੂੰ ਆ ਕੇ ਰਖਸ਼ਾ ਕਰੀ।

*ਨ੍ਰਿਪ ਕੰਨਿਆ ਕੇ ਕਾਰਨੈ ਇਕੁ ਭਇਆ ਭੇਖਧਾਰੀ॥*
*ਕਾਮਾਰਥੀ ਸੁਆਰਥੀ ਵਾ ਕੀ ਪੈਜ ਸਵਾਰੀ॥*
*ਤਵ ਗੁਨ ਕਹਾ ਜਗਤ ਗੁਰਾ ਜਉ ਕਰਮੁ ਨ ਨਾਸੈ॥*
*ਸਿੰਘ ਸਰਨ ਕਤ ਜਾਈਐ ਜਉ ਜੰਬੁਕੁ ਗ੍ਰਾਸੈ॥*

*ਅੰਗ - 858*

ਸ਼ੇਰ ਦੀ ਸ਼ਰਨ ਵਿਚ ਜਾ ਕੇ ਜੇ ਗਿੱਦੜਾਂ ਦਾ ਡਰ ਰਹਿ ਜਾਏ, ਸ਼ੇਰ ਦੀ ਸ਼ਰਨ ਦਾ ਫੇਰ ਕੀ ਫਾਇਦਾ। ਹੇ ਪ੍ਰਭੂ! ਮੇਰੀ ਰਾਖੀ ਕਰੋ, ਮੇਰੀ ਰਖਸ਼ਾ ਕਰੋ। ਕੰਧ ਉਤੇ ਨੂੰ ਆਉਂਦੀ ਜਾਂਦੀ ਹੈ, ਗੋਡਿਆਂ ਤੋਂ ਲੰਘ ਚੁਕੀ ਹੈ। ਆਪ ਮੇਰੀ ਰਾਖੀ ਕਰੋ, ਮੈਂ ਤਾਂ ਤੁਹਾਡਾ ਭਗਤ ਹਾਂ। ਠੀਕ ਹੈ ਮੇਰੇ ਕਰਮ ਜੇ ਨਾ ਨਾਸ਼ ਹੋਏ, ਤੇਰੀ ਸ਼ਰਨ ਵਿਚ ਆ ਕੇ ਤਾਂ ਤੇਰਾ ਕੀ ਫਾਇਦਾ ਹੈ, ਤੇਰੇ ਗੁਣ ਕਾਹਦੇ ਹੋਏ, ਕਰਮ ਨਾਸ਼ਕ ਤੂੰ ਕਿਵੇਂ ਹੋਇਆ? ਆਵਾਜ਼ ਆਈ, ਸਧਨਿਆ! ਜੇਰਾ ਕਰ। ਕੰਧ ਹੋਰ ਉਚੀ ਚੁਣੀ ਗਈ। ਉਸ ਨੇ ਕਿਹਾ, ਅਜੇ ਤਕ ਤਾਂ ਆਇਆ ਨਹੀਂ ਹੈ। ਉਸ ਵੇਲੇ ਦੂਜੀ ਅਰਦਾਸ ਪ੍ਰਭੂ ਦੇ ਚਰਨਾਂ ਵਿਚ ਇਸ ਤਰ੍ਹਾਂ ਕਰੀ।

***ਏਕ ਬੂੰਦ ਜਲ ਕਾਰਨੇ ਚਾਤ੍ਰਿਕੁ ਦੁਖੁ ਪਾਵੈ॥***
***ਪ੍ਰਾਨ ਗਏ ਸਾਗਰੁ ਮਿਲੈ ਫੁਨਿ ਕਾਮਿ ਨ ਆਵੈ॥***

*ਅੰਗ - 858*

ਕਹਿੰਦੇ, ਚਾਤ੍ਰਿਕ ਇਕ ਬੂੰਦ ਨੂੰ ਤਰਸਦਾ-ਤਰਸਦਾ ਜਾਨ ਗਵਾ ਬੈਠਿਆ ਤੇ ਜਿਸ ਵਕਤ ਮਰ ਗਿਆ, ਸਮੁੰਦਰ ਮਿਲ ਜਾਵੇ ਕਿਸ ਕੰਮ ਹੈ? ਬਾਰ-ਬਾਰ ਉਲਾਂਭੇ

ਦਿੰਦਾ ਹੈ। ਫੇਰ ਆਵਾਜ਼ ਆਈ ਸਧਨਿਆ! ਠਹਿਰ, ਕੰਧ ਲੱਕ ਦੇ ਕੋਲ ਆ ਗਈ। ਦਮ ਘੁਟਣਾ ਸ਼ੁਰੂ ਹੋ ਗਿਆ। ਉਸ ਫੇਰ ਅਰਦਾਸ ਕਰੀ ਕਿ ਜੇ ਸਮੁੰਦਰ ਦੇ ਵਿਚ ਕੋਈ ਤੈਰ ਰਿਹੈ। ਉਸ ਵੇਲੇ ਉਹ ਆਵਾਜ਼ ਦੇ ਰਿਹਾ ਹੈ ਮੈਨੂੰ ਬਚਾਓ, ਮੈਨੂੰ ਬਚਾਓ। ਜਦੋਂ ਡੁੱਬ ਗਿਆ, ਫੇਰ ਬਾਅਦ ਵਿਚ ਨਉਕਾ ਮਿਲ ਗਈ।

***ਬੂਡਿ ਮੂਏ ਨਉਕਾ ਮਿਲੈ ਕਹੁ ਕਾਹਿ ਚਢਾਵਉ॥***

***ਅੰਗ - 858***

ਫੇਰ ਤੁਸੀਂ ਕਿਹਨੂੰ ਚੜ੍ਹਾਓਂਗੇ। ਫੇਰ ਤਾਂ ਜਿਹੋ ਜਿਹੇ ਤੁਸੀਂ ਆਏ ਉਹੋ ਜਿਹੇ ਨਾ ਆਏ। ਆਵਾਜ਼ ਆਈ ਸਧਨਿਆ! ਇਹ ਸੰਤਾਂ ਦਾ ਕੰਮ ਨਹੀਂ ਹੈ। ਸੰਤ ਰਜ਼ਾ 'ਚ ਰਹਿੰਦੇ ਨੇ। ਤੂੰ ਤਾਂ ਸ਼ਰੀਕਾਂ ਵਾਂਗਣ ਉਲਾਂਭੇ ਦੇਣ ਲਗ ਗਿਆ। ਉਸ ਵੇਲੇ ਸੋਝੀ ਆਈ ਕਿ ਮੈਂ ਪ੍ਰਭੂ ਦੇ ਹੁਕਮ ਤੋਂ ਦੂਰ ਚਲਿਆ ਗਿਆ। ਉਹ ਤਾਂ ਮੇਰੇ ਨਾਲ ਹੈ। ਮੈਂ ਉਹਦਾ ਬਣਿਆ ਹੋਇਆ ਹਾਂ। ਉਹਦੀ ਮਰਜ਼ੀ ਹੈ, ਭਾਵੇਂ ਰੱਖ ਲਏ ਭਾਵੇਂ ਨਾ ਰੱਖ ਲਏ।

***ਮੈ ਨਾਹੀ ਕਛੁ ਹਉ ਨਹੀ ਕਿਛੁ ਆਹਿ ਨ ਮੋਰਾ॥***
***ਅਉਸਰ ਲਜਾ ਰਾਖਿ ਲੇਹੁ ਸਧਨਾ ਜਨੁ ਤੋਰਾ॥***

***ਅੰਗ - 858***

ਉਸ ਵੇਲੇ ਕੰਧ ਚਿਣੀ ਜਾਂਦੀ ਹੈ, ਐਸਾ ਝਟਕਾ ਆਇਆ ਕਿ ਕਿਲ੍ਹੇ ਦੀ ਜਿੰਨੀ ਕੰਧ ਬਣੀ ਹੋਈ ਸੀ, ਸਾਰੀ ਦੀ ਸਾਰੀ ਗਿਰ ਗਈ। ਇਧਰ ਰਾਜੇ ਦੇ ਵੀ ਚੋਟ ਆ ਗਈ, ਹੋਰ ਕਈਆਂ ਦੇ ਚੋਟਾਂ ਆ ਗਈਆਂ। ਐਸਾ ਹੋਇਆ ਕਿ ਸਧਨੇ ਦੇ ਦੋਵੇਂ ਹੱਥ ਦੁਬਾਰਾ ਆ ਕੇ ਜੁੜ ਗਏ। ਬਚਾ ਲਿਆ ਪ੍ਰਭੂ ਨੇ, ਪਰ ਕਰਮਾਂ ਦੇ ਵਿਚੋਂ ਲੰਘਣਾ ਪਿਆ ਉਹਨੂੰ। ਬਾਦ ਵਿਚ ਭਾਵੇਂ ਬਚਾ ਲਿਆ, ਰਾਖੀ ਕਰ ਲਈ ਪ੍ਰਮੇਸ਼ਰ ਨੇ ਆਪਣਾ ਭਗਤ ਜਾਣ ਕੇ। ਕਿਉਂਕਿ ਪ੍ਰਮੇਸ਼ਰ ਦਾ ਇਹ ਬਿਰਧ ਹੈ।

***ਹਰਿ ਜੁਗੁ ਜੁਗੁ ਭਗਤ ਉਪਾਇਆ***
***ਪੈਜ ਰਖਦਾ ਆਇਆ ਰਾਮ ਰਾਜੇ॥***
***ਹਰਣਾਖਸੁ ਦੁਸਟੁ ਹਰਿ ਮਾਰਿਆ ਪ੍ਰਹਲਾਦੁ ਤਰਾਇਆ॥***
***ਅਹੰਕਾਰੀਆ ਨਿੰਦਕਾ ਪਿਠਿ ਦੇਇ***
***ਨਾਮਦੇਉ ਮੁਖਿ ਲਾਇਆ॥***
***ਜਨ ਨਾਨਕ ਐਸਾ ਹਰਿ ਸੇਵਿਆ***
***ਅੰਤਿ ਲਏ ਛਡਾਇਆ॥*** ***ਅੰਗ - 451***

ਲੇਕਿਨ ਕਰਮ ਭੋਗਣਾ ਪਿਆ। ਕਰਮ ਤੋਂ ਬਚ ਨਾ ਸਕਿਆ। ਸੋ ਚਾਹੇ ਭਗਤ ਕੋਟੀ ਦੇ ਹੋਣ, ਚਾਹੇ ਸਾਧੂ ਹੋਣ, ਚਾਹੇ ਕੋਈ ਹੋਵੇ, ਕਰਮ ਨਰਮ ਤਾਂ ਹੋ ਜਾਂਦੇ ਨੇ, ਲੇਕਿਨ–

***ਭੋਗੇ ਬਿਨ ਭਾਗੇ ਨਹੀ ਕਰਮ ਗਤੀ ਬਲਵਾਨ।***

ਸੂਲੀ ਦੀ ਸੂਲ ਤਾਂ ਬਣ ਜਾਂਦੀ ਹੈ, ਪਰ ਭੋਗਣਾ ਪੈਂਦਾ ਹੈ। ਸੋ ਇਸ ਤਰ੍ਹਾਂ ਦੇ ਨਾਲ ਮਹਾਰਾਜ ਕਹਿੰਦੇ –

***ਕਤਿਕਿ ਕਰਮ ਕਮਾਵਣੇ ਦੋਸੁ ਨ ਕਾਹੂ ਜੋਗੁ॥ ਅੰਗ - 135***

ਕਤਕਿ ਦੇ ਵਿਚ ਜਿਹੜੇ ਅਸੀਂ ਕਰਮ ਕਮਾਉਂਦੇ ਹਾਂ, ਉਹ ਸਾਨੂੰ ਭੋਗਣੇ ਪੈਣੇ ਨੇ, ਆਹ ਮਾਨਸ ਸਰੀਰ ਦੇ ਅੰਦਰ। ਦੋਸ਼ ਨਾ ਕਿਸੇ ਨੂੰ ਦਿਓ, ਜਦੋਂ ਭੋਗਣੇ ਨੇ। ਦੂਜਾ ਮਹਾਰਾਜ ਜੀ ਕਹਿੰਦੇ ਨੇ ਕਿ ਪ੍ਰਮੇਸ਼ਰ ਤੋਂ ਬੰਦਾ ਭੁੱਲ ਜਾਂਦਾ ਹੈ, ਜਦੋਂ ਭੁੱਲ ਜਾਂਦਾ ਹੈ, ਉਸ ਵੇਲੇ ਇਹਨੂੰ ਕੁਦਰਤੀ ਤੌਰ ਦੇ ਉਤੇ, ਰੋਗ ਲਗਣੇ ਸ਼ੁਰੂ ਹੋ ਜਾਂਦੇ ਨੇ।

***ਪਰਮੇਸਰ ਤੇ ਭੁਲਿਆਂ ਵਿਆਪਨਿ ਸਭੇ ਰੋਗ॥***

***ਅੰਗ - 135***

ਸਾਰੇ ਮਾਨਸਕ ਰੋਗ, ਸਰੀਰਕ ਰੋਗ, ਆਰਥਕ ਰੋਗ। ਮੇਰਾ ਗੁਜ਼ਾਰਾ ਨਹੀਂ ਜੀ ਚਲਦਾ, ਮਿਹਨਤ ਬਹੁਤ ਕਰਕੇ ਤਾਂ ਵੀ। ਕਿਉਂਕਿ ਰੱਬ ਨੂੰ ਭੁੱਲੇ ਹੋਏ ਓਂ ਭਾਈ। ਸ਼ਰਾਬਾਂ, ਕਬਾਬਾਂ, ਮਾਸ, ਮੱਛੀ, ਆਂਡੇ ਘਰਾਂ 'ਚ ਚਲੀ ਜਾਂਦੇ ਨੇ। ਆਪੇ ਨਹੀਂ ਗੁਜ਼ਾਰੇ ਚਲਦੇ, ਆਰਥਿਕ ਰੋਗੀ ਹੋ ਗਿਆ, ਕਰਜ਼ਾ ਸਿਰ ਤੇ ਹੋ ਗਿਆ, ਦੌੜਿਆ ਫਿਰਦਾ ਹੈ, ਲਹਿੰਦਾ ਨਹੀਂ ਹੈ। ਮਿਹਨਤ ਬਥੇਰੀ ਕਰਦਾ ਹੈ, ਸਰੀਰ ਰੋਗੀ ਹੋ ਗਿਆ, ਡਾਕਟਰਾਂ ਦੇ ਕੋਲ ਨੱਠਿਆ ਫਿਰਦਾ ਹੈ, ਨਹੀਂ ਇਲਾਜ ਹੁੰਦਾ, ਦਵਾਈ ਵੀ ਕੋਈ ਨਹੀਂ ਲਗਦੀ। ਕਾਰਨ ਕੀ ਹੈ? ਕਿਉਂਕਿ ਪ੍ਰਮੇਸ਼ਰ ਨੂੰ ਵਿਸਾਰ ਦਿਤਾ ਮਨ ਤੋਂ, ਕੱਢ ਦਿਤਾ ਆਪਣੇ ਅੰਦਰੋਂ। ਭੁੱਲ ਗਿਆ, ਜਿਹੜਾ ਹਰ ਵਕਤ ਨਾਲ ਰਹਿੰਦਾ ਹੈ। ਮਹਾਰਾਜ ਕਹਿੰਦੇ ਦੁੱਖ ਆਉਂਦਾ ਹੀ ਤਾਂ ਹੈ ਜੇ ਪ੍ਰਮੇਸ਼ਰ ਭੁੱਲਦਾ ਹੈ। ਕ੍ਰੋੜਾਂ ਵਿਘਨ ਉਸ ਘਰ ਵਿਚ ਆ ਜਾਣਗੇ ਜਿਹੜਾ ਪ੍ਰਮੇਸ਼ਰ ਦੇ ਨਾਮ ਨੂੰ ਭੁੱਲ ਜਾਏਗਾ। ਸਾਰੇ ਰੋਗ, ਸਾਰੇ ਵਿਘਨ ਦਾ ਕੇਵਲ ਇਕ ਇਲਾਜ ਹੈ –

***ਸਰਬ ਰੋਗ ਕੋ ਅਉਖਧੁ ਨਾਮੁ॥*** ***ਅੰਗ - 274***

ਪ੍ਰਮੇਸ਼ਰ ਨੂੰ ਭੁੱਲਣ ਨਾਲ ਦੁਖ ਲਗਦੇ ਨੇ, ਪ੍ਰਮੇਸ਼ਰ ਯਾਦ ਆਉਣ ਨਾਲ ਦੁਖਾਂ ਦਾ ਖਾਤਮਾ ਹੁੰਦਾ ਹੈ। ਸੋ ਇਸ ਤਰ੍ਹਾਂ ਗੁਰੂ ਮਹਾਰਾਜ ਨੇ ਇਸ ਮਹੀਨੇ ਦੇ ਵਿਚ ਸਾਨੂੰ ਬਹੁਤ ਵੱਡਾ ਉਪਦੇਸ਼ ਦਿਤਾ। ਸਾਡਾ ਕੀ ਕੰਮ ਬਣਦਾ ਹੈ, ਸੰਗਰਾਂਦ ਮਨਾਉਣ ਜਾਂਦੇ ਹਾਂ। ਉਪਦੇਸ਼ ਸੁਣਦੇ ਹਾਂ, ਭੁੱਲ ਜਾਂਦੇ ਹਾਂ। ਉਨ੍ਹਾਂ ਨਾਲ ਫੇਰ ਪ੍ਰੀਤ ਪਾ ਲੈਂਦੇ ਹਾਂ।

***ਸੰਗਿ ਸਹਾਈ ਸੁ ਆਵੈ ਨ ਚੀਤਿ॥***
***ਜੋ ਬੈਰਾਈ ਤਾ ਸਿਉ ਪ੍ਰੀਤਿ॥*** ***ਅੰਗ - 267***

ਉਹੀ ਨਿੰਦਿਆ, ਉਹੀ ਚੁਗਲੀ, ਉਹੀ ਈਰਖਾ, ਉਹੀ ਆਸਾ, ਉਹੀ ਅੰਦੇਸਾ, ਉਹੀ ਲੋਭ ਦੀਆਂ ਗੱਲਾਂ, ਉਹੀ ਮੋਹ ਦੀਆਂ ਗੱਲਾਂ। ਠੀਕ ਹੈ ਗੁਰੂ ਸਾਹਿਬ ਦੀ ਬਾਣੀ ਕਹਿੰਦੀ ਤਾਂ ਹੈ ਪਰ ਅਸੀਂ ਰਹਿਣਾ ਉਥੇ ਹੀ ਹੈ। ਜਿੰਨਾਂ ਚਿਰ ਅਸੀਂ ਆਪਣੇ ਆਪ ਨੂੰ ਬਦਲਦੇ ਨਹੀਂ ਹਾਂ। ਗੁਰੂ ਦੀ ਬਾਣੀ ਨੂੰ ਮੰਨ ਕੇ ਕਮਾਈ ਨਹੀਂ ਕਰਦੇ, ਉਹਦੇ ਮੁਤਾਬਿਕ ਆਪਣਾ ਜੀਵਨ ਨਹੀਂ ਢਾਲ੍ਹਦੇ, ਲਾਭ ਨਹੀਂ ਪ੍ਰਾਪਤ ਹੋਇਆ ਕਰਦਾ। ਭਾਗ ਤਾਂ ਸਾਡੇ ਬਣ ਗਏ, ਸਤਿਸੰਗ 'ਚ ਅਸੀਂ ਆ ਗਏ, ਹਰੀ ਦਾ ਜਸ ਵੀ ਅਸੀਂ ਸੁਣ ਲਿਆ। ਪਰ ਇਹ ਫਲ ਕਿਹਨੂੰ ਮਿਲਦਾ ਹੈ?

*ਸੇਵਕ ਸਿਖ ਪੂਜਣ ਸਭਿ ਆਵਹਿ*
*ਸਭਿ ਗਾਵਹਿ ਹਰਿ ਹਰਿ ਊਤਮ ਬਾਨੀ॥*
*ਗਾਵਿਆ ਸੁਣਿਆ ਤਿਨ ਕਾ ਹਰਿ ਥਾਇ ਪਾਵੈ*
*ਜਿਨ ਸਤਿਗੁਰ ਕੀ ਆਗਿਆ ਸਤਿ ਸਤਿ ਕਰਿ ਮਾਨੀ॥*
*ਅੰਗ - 669*

ਇਸ ਕਰਕੇ ਗੁਰੂ ਦੀ ਆਗਿਆ ਮੰਨ ਲੈਣੀ ਚਾਹੀਦੀ ਹੈ। ਸੋ ਇਸ ਮਹੀਨੇ ਦੇ ਅੰਦਰ ਮਹਾਰਾਜ ਉਪਦੇਸ਼ ਦਿੰਦੇ ਨੇ, ਜੋ ਪਹਿਲੀ ਤੁਕ ਹੈ। ਉਹਦੇ ਵਿਚ ਕਰਮਾਂ ਬਾਰੇ ਯਾਦ ਕਰਾਉਣਾ ਚਾਹੁੰਦੇ ਨੇ ਕਿ ਕਰਮ ਜਿਹੜੇ ਕਰੇਂਗਾ, ਉਹ ਭੋਗੇਗਾ। ਨੇਹੁ ਕਰਮ ਕਿਵੇਂ ਹੋ ਸਕੀਦਾ ਹੈ, ਉਹਦੀ ਬੇਨਤੀ ਕੀਤੀ ਸੀ।

*ਕਰਮ ਕਰਤ ਹੋਵੈ ਨਿਹਕਰਮ॥ ਅੰਗ - 274*

ਜਦੋਂ ਹੰਗਤਾ ਤੇ ਮਮਤਾ ਮਰ ਜਾਏ। ਆਪਣੇ ਆਪ ਨੂੰ ਦੇਹ ਸਮਝਣ ਤੋਂ ਹਟ ਜਾਏ। ਹੁਕਮ ਦੇ ਵਿਚ ਖੇਲ੍ਹਣ ਲਗ ਜਾਏ, ਉਸ ਵੇਲੇ ਕਰਮ ਫਲ ਦੇਣ ਤੋਂ ਹਟ ਜਾਇਆ ਕਰਦੇ ਨੇ। ਪਰਾਲਬਧ ਕਰਮ ਤਾਂ ਭੋਗਣੇ ਹੀ ਪੈਣੇ ਨੇ, ਨਵੇਂ ਜਿਹੜੇ ਕਿਰਿਆਮਾਨ ਕਰਮ ਕਰਕੇ ਸੰਚਿਤ ਦੇ ਸਟੋਰ ਦੇ ਵਿਚ ਪਾਉਂਦੇ ਹਾਂ, ਉਹ ਹਟ ਜਾਇਆ ਕਰਦੇ ਨੇ। ਉਹ ਹਟ ਜਾਣ, ਉਹ ਗਿਆਨ ਹੋਣ ਨਾਲ ਦਗਧ ਹੋ ਜਾਂਦੇ ਨੇ। ਜੰਮਣਾ ਮਰਨਾ ਖਤਮ ਹੋ ਜਾਂਦਾ ਹੈ, ਨਹੀਂ ਕਰਮਾਂ ਦਾ ਬੰਨ੍ਹਿਆ ਹੋਇਆ ਜੀਵ ਆਉਂਦਾ ਜਾਂਦਾ ਰਹਿੰਦਾ ਹੈ। ਚਾਹੇ ਕਿੰਨੀ ਦੇਰ ਸਵਰਗਾਂ 'ਚ ਰਹਿ ਜਾਏ, ਕਿੰਨੀ ਦੇਰ ਕਿਸੇ ਮੰਡਲ ਵਿਚ ਰਹਿ ਲਵੇ ਉਪਰਲੇ 'ਚ। ਕਰਮ ਭੋਗਣ ਵਾਸਤੇ ਫੇਰ ਆਉਣਾ ਪੈਂਦਾ ਹੈ ਉਹਨੂੰ। ਸੈਂਕੜੇ ਜਨਮਾਂ ਤੋਂ ਬਾਅਦ ਕਰਮ ਦੀ ਵਾਰੀ ਆਉਂਦੀ ਹੈ। ਦੂਸਰੀ ਤੁਕ ਵਿਚ ਮਹਾਰਾਜ ਦਸਦੇ ਨੇ ਕਿ ਪਿਆਰਿਓ! ਤੁਸੀਂ ਦੁਖੀ ਤਾਂ ਹੋ ਤੁਸੀਂ ਵਾਹਿਗੁਰੂ ਨੂੰ ਭੁੱਲ ਗਏ। ਵਾਹਿਗੁਰੂ ਨੂੰ ਯਾਦ ਕਰੋਂਗੇ ਵਿਘਨ ਹਟ ਜਾਣਗੇ।

*ਪ੍ਰਭ ਸਿਮਰਤ ਕਛੁ ਬਿਘਨੁ ਨ ਲਾਗੈ॥ ਅੰਗ - 262*

ਨਾਮ ਤਾਂ ਸਾਡੇ ਚੇਤੇ ਹੀ ਨਹੀਂ। ਨਾ ਹੀ ਅਸੀਂ ਜਪਦੇ ਹਾਂ, ਬਿਲਕੁਲ ਹੀ ਅਣਜਾਣ ਹਾਂ, ਸਮਝ ਵਿਚ ਹੀ ਨਹੀਂ ਆਉਂਦੀ ਗੱਲ। ਕੋਈ ਵਿਰਲੇ-ਵਿਰਲੇ ਨੇ ਜਿਹੜੇ ਗੰਭੀਰਤਾ ਨਾਲ ਲੈਂਦੇ ਨੇ ਤੇ ਗੁਰੂ ਦੇ ਬਚਨ ਉਤੇ ਪਹਿਰਾ ਦਿੰਦੇ ਨੇ।

ਤੀਸਰੀ ਤੁਕ ਵਿਚ ਉਪਦੇਸ ਦਿੰਦੇ ਨੇ-

*ਵੇਮੁਖ ਹੋਏ ਰਾਮ ਤੇ ਲਗਨਿ ਜਨਮ ਵਿਜੋਗ॥*
*ਅੰਗ - 135*

ਬਾਰ-ਬਾਰ ਬੰਦਾ ਜੰਮਦਾ ਹੈ, ਬਾਰ-ਬਾਰ ਮਰਦਾ ਹੈ। ਫਲ ਭੋਗੀ ਜਾਂਦਾ ਹੈ। ਪਤਾ ਨਹੀਂ ਕਰੋੜਾਂ ਅਰਬਾਂ ਖਰਬਾਂ ਸਾਲ ਹੋ ਗਏ, ਇਕ ਨਿੱਕੀ ਜਿਹੀ ਗੱਲ ਸਮਝ ਵਿਚ ਨਹੀਂ ਆਉਂਦੀ ਸਾਡੇ। ਛੋਟੀ ਜਿਹੀ ਗੱਲ ਹੈ ਕਿ ਆਹ ਸਰੀਰ ਦੇ ਵਿਚ ਇਕ ਝੂਠੀ ਮੈਂ ਵੜੀ ਹੋਈ ਹੈ। ਇਕ ਪਰਛਾਵਾਂ ਹੈ, ਪਰਛਾਵੇਂ ਨੂੰ ਮੰਨਣ ਮੰਨੀ ਜਾਂਦੀ ਹੈ, ਹਟ ਜਾਓ ਪਰਛਾਵੇਂ ਨੂੰ ਮੰਨਣ ਤੋਂ। ਜਦੋਂ ਪਰਛਾਵੇਂ ਨੂੰ ਮੰਨਣ ਤੋਂ ਹਟ ਗਿਆ, ਮੈਂ ਮਰ ਜਾਂਦੀ ਹੈ। ਫੇਰ ਕੀ ਰਹਿ ਜਾਂਦਾ ਹੈ, ਵਾਹਿਗੁਰੂ ਰਹਿ ਜਾਂਦਾ ਹੈ। ਇਹ ਸਭ ਕੁਛ ਵਾਹਿਗੁਰੂ ਆਪੇ ਹੀ ਕਰ ਰਿਹਾ ਹੈ, ਹੋ ਹੀ ਰਿਹਾ ਹੈ ਜਿਹੜਾ ਕੁਛ ਹੋਣਾ ਹੈ।

*ਕਹੁ ਨਾਨਕ ਕਰਤੇ ਕੀਆ ਬਾਤਾ*
*ਜੋ ਕਿਛੁ ਕਰਣਾ ਸੁ ਕਰਿ ਰਹਿਆ॥ ਅੰਗ - 469*

ਉਹਦੇ ਵਿਚ ਮੈਂ ਦਾ ਪੰਗਾ ਕਿਉਂ ਲੈਂਦੇ ਓਂ, ਵਿਚਾਲੇ ਆ ਕੇ। ਜਿੰਨੀ ਹਉਮੈ ਜ਼ਿਆਦਾ, ਓਨਾ ਗੁੱਸਾ ਜ਼ਿਆਦਾ। ਮਾੜਾ ਜਿਹੀ ਹਉਮੈ ਨੂੰ ਠੇਸ ਲਗ ਜਾਏ, ਉਦੋਂ ਹੀ ਅੱਗ ਬਗੋਲਾ ਹੋ ਜਾਂਦਾ ਹੈ। ਕਿਉਂਕਿ ਹਉਮੈ ਹੈ ਅੰਦਰ। ਇਹ ਨਹੀਂ ਦੇਖਦਾ ਕਿ ਮੈਂ ਰੋਗੀ ਹਾਂ ਬੜਾ ਵੱਡਾ, ਜਨਮ ਮਰਨ ਦਾ ਚੱਕਰ ਮੇਰੇ ਗਲੋਂ ਲਹਿਣਾ ਨਹੀਂ। ਕੀ ਕਰਿਆ ਜਾਵੇ? ਹੁਣ ਮੈਂ ਕਿਵੇਂ ਛੱਡਾਂ। ਮਹਾਰਾਜ ਕਹਿੰਦੇ ਹਉਮੈ ਛੁਟਦੀ ਹੈ-

*ਹਉਮੈ ਦੀਰਘ ਰੋਗੁ ਹੈ ਦਾਰੂ ਭੀ ਇਸੁ ਮਾਹਿ॥*
*ਕਿਰਪਾ ਕਰੇ ਜੇ ਆਪਣੀ ਤਾ ਗੁਰ ਕਾ ਸਬਦੁ ਕਮਾਹਿ॥*
*ਅੰਗ - 466*

ਦਾਰੂ ਹਉਮੈ ਦੇ ਵਿਚ ਹੀ ਰੱਖੀ ਹੋਈ ਹੈ। ਉਹ ਇਹ ਹੈ ਕਿ ਤੂੰ ਨਾਮ ਜਪ, ਬੰਦਗੀ ਕਰ। ਨਾਮ ਦੇ ਘਰ ਤੱਕ ਪਹੁੰਚ। ਗੁਰਮੰਤਰ ਜਪਣਾ ਹੋਰ ਚੀਜ਼ ਹੈ, ਇਹਨੂੰ ਵੀ ਅਸੀਂ ਨਾਮ ਜਪਣਾ ਕਹਿੰਦੇ ਹਾਂ। ਕੰਠ ਵਿਚ ਨਾਮ ਜਪਣਾ, ਹਿਰਦੇ ਵਿਚ ਨਾਮ ਜਪਣਾ, ਨਾਭੀ 'ਚ ਨਾਮ ਜਪਣਾ, ਆਗਿਆ ਚੱਕਰ 'ਚ ਸੁਰਤ ਟਿਕਾ ਕੇ ਨਾਮ ਜਪਣਾ, ਤ੍ਰਿਕੁਟੀ 'ਚ ਜਪਣਾ, ਦਸਵੇਂ ਦੁਆਰ 'ਚ ਪਹੁੰਚਣਾ। ਉਥੇ ਨਾਮ 'ਚ ਵਾਸਾ ਹੋ ਜਾਇਆ ਕਰਦਾ ਹੈ। ਜਦੋਂ ਉਹ ਨਾਮ ਆ ਜਾਵੇ, ਉਸ ਵੇਲੇ ਹਉਮੈ ਖਤਮ ਹੋ ਜਾਂਦੀ ਹੈ। ਇਸ ਕਰਕੇ ਸਾਡਾ ਫਰਜ਼ ਹੈ ਕਿ ਅਸੀਂ ਇਹ ਸਾਰਾ ਜੋ ਜਿਵੇਂ ਮਹਾਰਾਜ ਦਸਦੇ ਨੇ, ਉਸੇ ਤਰੀਕੇ ਨਾਲ ਮੰਤਰ ਦਾ ਜਾਪ ਕਰਦੇ-ਕਰਦੇ –

*ਵਾਹਿਗੁਰੂ ਗੁਰਮੰਤ੍ਰ ਹੈ ਜਪਿ ਹਉਮੈ ਖੋਈ।*
*ਭਾਈ ਗੁਰਦਾਸ ਜੀ ਦੀ ਵਾਰ 13/2*

ਇਹਨੂੰ ਜਪ ਕੇ ਨਾਮ ਤਕ ਪਹੁੰਚ ਜਾਂਦੇ ਹਾਂ। ਹੈ ਇਹ ਵੀ ਕ੍ਰਿਆ ਨਾਮ ਦੀ। ਪਰ ਜਿਥੇ ਨਾਮ ਦੀ ਪ੍ਰਾਪਤੀ ਹੈ, ਉਥੇ ਸੋਝੀ ਹੈ ਕਿ ਇਥੇ ਵਾਹਿਗੁਰੂ ਆਪ ਹੀ ਹੈ ਸਾਰੇ ਪਰੀਪੂਰਨ। ਇਥੇ ਦੂਜਾ ਨਹੀਂ ਕੋਈ। ਇਹ ਜਦੋਂ ਬੁੱਧੀ ਜਾਗ ਪਵੇ –

*ਮਨਿ ਸਾਚਾ ਮੁਖਿ ਸਾਚਾ ਸੋਇ॥*
*ਅਵਰੁ ਨ ਪੇਖੈ ਏਕਸੁ ਬਿਨੁ ਕੋਇ॥*
*ਨਾਨਕ ਇਹ ਲਛਣ ਬ੍ਰਹਮ ਗਿਆਨੀ ਹੋਇ॥*

*ਅੰਗ - 272*

ਉਸ ਵੇਲੇ ਜਿਹੜੇ ਕਰਮ ਨੇ ਫਲ ਨਹੀਂ ਦਿੰਦੇ, ਦਗਧ ਹੋ ਜਾਂਦੇ ਨੇ, ਜਿਹੜੇ ਆਏ ਹੋਏ ਨੇ ਉਹ ਤਾਂ ਭੋਗਣੇ ਹੀ ਨੇ। ਨਵੇਂ ਜਮ੍ਹਾਂ ਨਹੀਂ ਹੁੰਦੇ, ਗਿਆਨ ਦੇ ਨਾਲ, ਜਿਹੜਾ ਸਟੋਰ ਭਰਿਆ ਪਿਆ ਹੈ ਉਹ ਦਗਧ ਹੋ ਜਾਂਦਾ ਹੈ। ਸੋ ਇਸ ਤਰ੍ਹਾਂ ਮਹਾਰਾਜ ਉਪਦੇਸ਼ ਦਿੰਦੇ ਨੇ ਪਿਆਰਿਓ! ਪ੍ਰਮੇਸ਼ਰ ਨੂੰ ਜਦੋਂ ਬੰਦਾ ਭੁੱਲ ਜਾਂਦਾ ਹੈ, ਰੋਗੀ ਹੋ ਜਾਂਦਾ ਹੈ। ਜਦੋਂ ਬੇਮੁਖ ਹੋ ਜਾਂਦਾ ਹੈ, ਫੇਰ ਇਹਨੂੰ ਜਨਮਾਂ-ਜਨਮਾਂਤਰਾਂ ਦਾ ਵਿਜੋਗ ਹੀ ਪਿਆ ਰਹਿੰਦਾ ਹੈ। ਸੰਜੋਗ ਨਹੀਂ ਬਣਦਾ, ਜੰਮ ਪਿਆ, ਮਰ ਗਿਆ, ਜੰਮ ਪਿਆ ਮਰ ਗਿਆ।

*ਖਿਨ ਮਹਿ ਕਉੜੇ ਹੋਇ ਗਏ ਜਿਤੜੇ ਮਾਇਆ ਭੋਗ॥*

*ਅੰਗ - 135*

ਜਿਸ ਵਕਤ ਅੰਤ ਦਾ ਸਮਾਂ ਆਉਂਦਾ ਹੈ, ਜੇ ਬਿਮਾਰ ਰਿਹਾ ਹੋਵੇ ਨਾ, ਉਹਨੂੰ ਕਹੋ ਕਿ ਦੁੱਧ ਪੀ ਲੈ, ਕਹਿੰਦਾ ਨਹੀਂ ਮੇਰਾ ਨਹੀਂ ਜੀ ਕਰਦਾ,ਮੈਨੂੰ ਜ਼ਹਿਰ ਵਰਗਾ ਲਗਦਾ ਹੈ। ਮੂੰਹ ਕਉੜਾ ਹੋਇਆ ਹੁੰਦਾ ਹੈ ਆਪ ਦਾ। ਦੁੱਧ ਦਾ ਤਾਂ ਸਵਾਦ ਉਹੀ ਹੈ ਜਿਹੜਾ ਪਹਿਲਾਂ ਸੀ। ਐਸੇ ਤਰ੍ਹਾਂ ਜਿਸ ਵਕਤ ਸੰਸਾਰ ਤੋਂ ਜਾਂਦਾ ਹੈ, ਇਹ ਭੋਗ ਜਿਹੜੇ ਨੇ ਕਉੜੇ ਹੋ ਜਾਂਦੇ ਨੇ, ਸਜ਼ਾ ਦਿਵਾਉਂਦੇ ਨੇ ਇਹ।

*ਵਿਚ ਨ ਕੋਈ ਕਰਿ ਸਕੈ ਕਿਸ ਥੈ ਰੋਵਹਿ ਰੋਜ॥*

*ਅੰਗ - 135*

ਹੁਣ ਗਲਤੀਆਂ ਤਾਂ ਆਪ ਕਰਦਾ ਹੈ, ਵਿਚੋਲਾ ਕੌਣ ਬਣੇ ਇਹਦਾ। ਕਿਹਦੇ ਕੋਲ ਜਾ ਕੇ ਰੋਏਗਾ, ਕਰਮ ਆਪ ਕੀਤੇ ਨੇ ਆਪ ਭੁਗਤ।

*ਕੀਤਾ ਕਿਛੂ ਨ ਹੋਵਈ ਲਿਖਿਆ ਧੁਰਿ ਸੰਜੋਗ॥*

*ਅੰਗ - 135*

ਹੁਣ ਕਰਮਾਂ ਨੇ ਲੇਖ ਬਣਾ ਕੇ ਮੱਥੇ ਵਿਚ ਲਿਖ ਦਿਤੇ। ਹੁਣ ਇਹਦਾ ਕਰਿਆ ਤਾਂ ਕੁਛ ਨਹੀਂ ਹੋਣਾ, ਕਰਮਾਂ ਦੇ ਵਸ ਹੋਇਆ ਦੌੜਿਆ ਫਿਰਦਾ ਹੈ।

*ਵਡਭਾਗੀ ਮੇਰਾ ਪ੍ਰਭ ਮਿਲੈ ਤਾਂ ਉਤਰਹਿ ਸਭਿ ਬਿਓਗ॥*

*ਅੰਗ - 135*

ਸੰਤਾਂ ਦੀ ਸੰਗਤ ਦੇ ਵਿਚੋਂ ਨਾਮ ਦੀ ਦਾਤ ਪ੍ਰਾਪਤ ਕਰੇ।

*ਜਿਸੁ ਵਖਰ ਕਉ ਲੈਨਿ ਤੂ ਆਇਆ॥*
*ਰਾਮ ਨਾਮੁ ਸੰਤਨ ਘਰਿ ਪਾਇਆ॥*
*ਤਜਿ ਅਭਿਮਾਨੁ ਲੇਹੁ ਮਨ ਮੋਲਿ॥*
*ਰਾਮ ਨਾਮੁ ਹਿਰਦੇ ਮਹਿ ਤੋਲਿ॥*
*ਲਾਦਿ ਖੇਪ ਸੰਤਹ ਸੰਗਿ ਚਾਲੁ॥*
*ਅਵਰ ਤਿਆਗਿ ਬਿਖਿਆ ਜੰਜਾਲ॥*
*ਧੰਨਿ ਧੰਨਿ ਕਹੈ ਸਭੁ ਕੋਇ॥*
*ਮੁਖ ਊਜਲ ਹਰਿ ਦਰਗਹ ਸੋਇ॥*
*ਇਹੁ ਵਾਪਾਰੁ ਵਿਰਲਾ ਵਾਪਾਰੈ॥*
*ਨਾਨਕ ਤਾ ਕੈ ਸਦ ਬਲਿਹਾਰੈ॥* *ਅੰਗ - 283*

ਸੰਤਾਂ ਦੀ ਸੰਗਤ ਕਰਕੇ ਅਗਿਆਨ ਦਾ ਨਾਸ਼ ਹੋਵੇ ਤੇ ਅੰਦਰ ਹੀ ਵਸਦੇ ਵਾਹਿਗੁਰੂ ਨਾਲ ਉਹਦਾ ਮਿਲਾਪ ਹੋ ਜਾਵੇ। ਵੱਡੇ ਭਾਗ ਹੋਣ, ਫੇਰ ਜਿੰਨੇ ਵਿਜੋਗ ਨੇ, ਜਿੰਨੇ ਘਾਟੇ ਨੇ, ਜਿੰਨੇ ਦੁਖ ਨੇ ਸਭ ਉਤਰ ਜਾਂਦੇ ਨੇ।

*ਨਾਨਕ ਕਉ ਪ੍ਰਭ ਰਾਖਿ ਲੇਹਿ ਮੇਰੇ ਸਾਹਿਬ ਬੰਦੀ ਮੋਚ॥*

*ਅੰਗ - 135*

ਹੇ ਵਾਹਿਗੁਰੂ! ਤੂੰ ਤਾਂ ਬੰਦੀਆਂ ਨੂੰ ਤੋੜਨ ਵਾਲਾ ਹੈ। ਤੋੜ ਦੇ ਮੇਰੀ ਬੰਦੀ ਤੇ ਮੈਨੂੰ ਰੱਖ ਲੈ ਆਪਣਾ ਬਣਾ ਕੇ।

*ਕਤਿਕ ਹੋਵੈ ਸਾਧਸੰਗੁ ਬਿਨਸਹਿ ਸਭੇ ਸੋਚ॥*

*ਅੰਗ - 135*

ਸੋ ਇਸ ਕਰਕੇ ਦਰਗਾਹ 'ਚ ਥਾਂ ਮਿਲਦੀ ਹੈ।

*ਵਿਚਿ ਦੁਨੀਆ ਸੇਵ ਕਮਾਈਐ॥*
*ਤਾ ਦਰਗਹ ਬੈਸਣੁ ਪਾਈਐ॥* *ਅੰਗ - 26*

ਨਾਮ ਜਪੇ ਤੇ ਸ਼ੁਭ ਕਰਮ ਕਰੇ, ਸੰਗਤ ਵਿਚ ਆਵੈ, ਹਉਮੈ ਦਾ ਨਾਸ਼ ਕਰਨ ਦੇ ਵਾਸਤੇ ਬੰਦਗੀ ਕਰੇ। ਫੇਰ ਭਾਈ ਜਾ ਕੇ ਸਾਨੂੰ ਆਪਣੇ ਕਰਮਾਂ ਤੋਂ ਛੁਟਕਾਰਾ ਮਿਲਦਾ ਹੈ। ਸੋ ਇਸ ਅਵਸਥਾ 'ਚ ਪਹੁੰਚੋਂ, ਨਾਮ ਦੇ ਬਲ ਨਾਲ, ਗਿਆਨ ਦੇ ਬਲ ਨਾਲ, ਪਹਿਲੇ ਕਰਮਾਂ ਨੂੰ ਜਾਲ ਦੇਵੇ, ਜਿਹੜੇ ਆ ਰਹੇ ਨੇ ਹੱਸ ਕੇ ਭੋਗ ਲਵੇ। ਫੇਰ ਛੁਟਕਾਰਾ ਹੋ ਜਾਂਦਾ ਹੈ, ਫੇਰ ਪ੍ਰਮੇਸ਼ਰ ਕੋਲ ਜਾ ਕੇ, ਜੀਵ ਸਦਾ ਵਾਸਤੇ ਪ੍ਰਮੇਸ਼ਰ ਵਿਚ ਲੀਨ ਹੋ ਜਾਂਦਾ ਹੈ। ਵਾਹਿਗੁਰੂ ਦਾ ਰੂਪ ਹੋ ਜਾਂਦਾ ਹੈ। ਜਿਹੜੀ ਲਹਿਰ ਹੈ ਸਮੁੰਦਰ ਵਿਚ ਮਿਲ ਜਾਂਦੀ ਹੈ, ਬੂੰਦ ਹੈ ਜਿਹੜੀ ਸਮੁੰਦਰ ਵਿਚ ਮਿਲ ਜਾਂਦੀ ਹੈ, ਸਮੁੰਦਰ ਦਾ ਰੂਪ ਹੋ ਜਾਂਦੀ ਹੈ। ਸੋ ਕਰਮ ਸਾਨੂੰ ਲਈ ਫਿਰਦੇ ਨੇ, ਕਰਮਾਂ ਦਾ ਨਾਸ਼ ਮਹਾਰਾਜ ਕਹਿੰਦੇ, ਆਹ ਤਰੀਕਾ ਹੈ, ਜਿਹਦੇ ਨਾਲ ਤੁਸੀਂ ਛੁਟ ਸਕਦੇ ਹੋਂ।

ਵਾਹਿਗੁਰੂ ਜੀ ਕਾ ਖਾਲਸਾ
ਵਾਹਿਗੁਰੂ ਜੀ ਕੀ ਫਤਹਿ

# ਸੰਪਾਦਕੀ

ਮਹਾਂਪੁਰਸ਼ ਸੰਤ ਬਾਬਾ ਵਰਿਆਮ ਸਿੰਘ ਜੀ ਦੀ ਉਚੀ ਆਤਮਕ ਅਵਸਥਾ ਦੇ ਅਨੇਕਾਂ ਪ੍ਰਮਾਣ ਉਨ੍ਹਾਂ ਦੀ ਜੀਵਨ ਯਾਤਰਾ ਤੋਂ ਪ੍ਰਾਪਤ ਹਨ। ਇਕ ਪ੍ਰਤੱਖ ਪ੍ਰਮਾਣ 'ਆਤਮ ਮਾਰਗ' ਮੈਗਜ਼ੀਨ ਦੀ ਸੰਚਾਲਨਾ ਹੈ। ਪ੍ਰਥਮ ਰੂਪ ਵਿਚ ਤਾਂ ਮੈਗਜ਼ੀਨ ਦਾ ਨਾਮ ਹੀ ਦਸਦਾ ਹੈ ਕਿ ਆਪ ਜੀ ਨੇ ਆਤਮਾ ਪ੍ਰਮਾਤਮਾ ਦੇ ਮਿਲਾਪ ਦੇ ਮਾਰਗ ਨੂੰ ਸਪਸ਼ਟ ਕਰਨ ਲਈ ਹੀ ਮੈਗਜ਼ੀਨ ਛਾਪਣ ਦਾ ਉਪਰਾਲਾ ਕੀਤਾ। ਇਸ ਦੇ ਸੰਚਾਲਨ ਲਈ ਵੀ ਵਿਸਾਖੀ (1995) ਦਾ ਸ਼ੁਭ ਦਿਨ ਚੁਣਿਆ। ਮੈਗਜ਼ੀਨ ਵਿਚ ਛਪਣ ਵਾਲੀ ਸਮੱਗਰੀ ਦਾ ਮੰਤਵ, ਨਿਸ਼ਾਨਾ ਜਾਂ ਆਦਰਸ਼ ਵੀ ਆਪ ਜੀ ਨੇ ਅੰਦਰਲੀ ਸੋਚ ਅਨੁਸਾਰ ਨਿਸ਼ਚਿਤ ਕੀਤਾ ਤੇ ਇਸ ਨੂੰ ਹਰ ਅੰਕ ਦੇ ਬਾਹਰਲੇ ਟਾਈਟਲ ਪੰਨੇ ਤੇ ਛਾਪਣ ਦੇ ਆਦੇਸ਼ ਦਿਤੇ ਜੋ ਇਸ ਪ੍ਰਕਾਰ ਹਨ –

*ਬ੍ਰਹਮ ਦੀਸੈ ਬ੍ਰਹਮੁ ਸੁਣੀਐ ਏਕੁ ਏਕੁ ਵਖਾਣੀਐ॥*
*ਆਤਮ ਪਸਾਰਾ ਕਰਣਹਾਰਾ ਪ੍ਰਭ ਬਿਨਾ ਨਹੀ ਜਾਣੀਐ॥*
*ਅੰਕ - 846*

ਇਸ ਮਹਾਂਵਾਕ ਵਿਚ ਬ੍ਰਹਮ-ਗਿਆਨੀ ਦੀ ਉਚੀ ਆਤਮਕ ਅਵਸਥਾ ਦਾ ਜ਼ਿਕਰ ਹੈ ਜਿਸ ਨੂੰ ਸਾਰਾ ਬ੍ਰਹਿਮੰਡ ਪ੍ਰਮਾਤਮਾ ਦਾ ਪਸਾਰਾ ਦ੍ਰਿਸ਼ਟਮਾਨ ਹੁੰਦਾ ਹੈ। ਉਸ ਨੂੰ ਸਾਰੇ ਬ੍ਰਹਿਮੰਡ ਵਿਚ ਕੇਵਲ ਬ੍ਰਹਮ ਦੇ ਹੀ ਦਰਸ਼ਨ ਦੀਦਾਰ ਹੁੰਦੇ ਹਨ। ਵਾਹਿਗੁਰੂ ਹੀ ਹਰ ਥਾਂ ਪਰੀਪੂਰਨ ਦਿਸਦਾ ਹੈ – ਸਾਰੇ ਪਸਾਰੇ ਵਿਚ – ਧਰਤੀ, ਆਕਾਸ਼ ਵਿਚ, ਸੂਰਜ, ਚੰਨ, ਸਤਾਰਿਆਂ ਵਿਚ; ਜਲ ਥਲ ਵਿਚ ਵਸਦੇ ਸਭ ਜੀਆਂ ਜੰਤਾਂ ਵਿਚ, ਪਸ਼ੂਆਂ, ਪੰਛੀਆਂ, ਮਨੁੱਖਾਂ ਵਿਚ, ਸਾਰੀ ਬਨਸਪਤੀ ਵਿਚ, ਧਰਤੀ ਦੇ ਕਣ-ਕਣ ਵਿਚ, ਹਵਾ ਦੇ ਹਰ ਬੁਲ੍ਹੇ ਵਿਚ, ਪਾਣੀਆਂ ਦੀ ਹਰ ਬੂੰਦ ਵਿਚ, ਆਕਾਸ਼ ਤੇ ਪੁਲਾੜ ਦੇ ਅਸੀਮ ਫੈਲਾਅ ਵਿਚ, ਅੰਦਰ ਬਾਹਰ ਹਰ ਸਮੇਂ ਹਰ ਥਾਂ ਇਕ ਬ੍ਰਹਮ ਹੀ ਹਾਜ਼ਰ ਨਾਜ਼ਰ ਦਿਸਦਾ ਹੈ ਜਿਵੇਂ ਗੁਰੂ ਮਹਾਰਾਜ ਦਾ ਫੁਰਮਾਨ ਹੈ –

*ਜਹ ਜਹ ਪੇਖਉ ਤਹ ਹਜੂਰਿ ਦੂਰਿ ਕਤਹੁ ਨ ਜਾਈ॥*
*ਰਵਿ ਰਹਿਆ ਸਰਬਤ੍ਰ ਮੈ ਮਨ ਸਦਾ ਧਿਆਈ॥*
*ਈਤ ਊਤ ਨਹੀ ਬੀਛੁੜੈ ਸੋ ਸੰਗੀ ਗਨੀਐ॥*
*ਬਿਨਸਿ ਜਾਇ ਜੋ ਨਿਮਖ ਮਹਿ ਸੋ ਅਲਪ ਸੁਖੁ ਭਨੀਐ॥*
*ਪ੍ਰਤਿਪਾਲੈ ਅਪਿਆਉ ਦੇਇ ਕਛੁ ਊਨ ਨ ਹੋਈ॥*
*ਸਾਸਿ ਸਾਸਿ ਸੰਮਾਲਤਾ ਮੇਰਾ ਪ੍ਰਭੁ ਸੋਈ॥ ਅੰਗ - 677*

ਫਿਰ ਕਿਹਾ ਹੈ –

*ਨਾਨਕ ਕਾ ਪਾਤਿਸਾਹੁ ਦਿਸੈ ਜਾਹਰਾ॥ ਅੰਗ - 397*

ਦਸਮ ਪਾਤਸ਼ਾਹ ਵੀ ਜਾਪੁ ਸਾਹਿਬ ਵਿਚ ਕਹਿੰਦੇ ਹਨ –

*ਕਿ ਜ਼ਾਹਿਰ ਜ਼ਹੂਰ ਹੈ ਕਿ ਹਾਜ਼ਰ ਹਜ਼ੂਰ ਹੈ (ਛੰਦ 150)*

ਐਸੀ ਉਚੀ ਆਤਮਕ ਅਵਸਥਾ ਵਿਚ ਬ੍ਰਹਮ ਹੀ ਬ੍ਰਹਮ ਦ੍ਰਿਸ਼ਟਮਾਨ ਹੁੰਦਾ ਹੈ, ਹੋਰ ਕੁਝ ਦਿਸਦਾ ਹੀ ਨਹੀਂ. ਹੋਰ ਕੋਈ ਹੋਂਦ ਹੋਵੇ ਤਾਂ ਦਿਸੇ। ਸਭ ਪਾਸੇ ਬ੍ਰਹਮ ਦੀ ਆਵਾਜ਼ ਹੀ ਸੁਣੀਦੀ ਹੈ, ਸਭ ਪਾਸੇ ਬ੍ਰਹਮ-ਨਾਦ ਦੀ ਮਧੁਰ ਧੁਨੀ ਹੀ ਸੁਣੀਦੀ ਹੈ, ਉਸੇ ਦਾ ਜੱਸ ਹੀ ਸਾਰੇ ਪਾਸੇ ਗਾਇਨ ਹੋ ਰਿਹਾ ਸੁਣੀਦਾ ਹੈ –

*ਵਾਜੇ ਨਾਦ ਅਨੇਕ ਅਸੰਖਾ ਕੇਤੇ ਵਾਵਣਹਾਰੇ॥*
*ਕੇਤੇ ਰਾਗ ਪਰੀ ਸਿਉ ਕਹੀਅਨਿ ਕੇਤੇ ਗਾਵਣਹਾਰੇ॥*
*ਗਾਵਹਿ ਤੁਹਨੋ ਪਉਣੁ ਪਾਣੀ ਬੈਸੰਤਰੁ ਗਾਵੈ ਰਾਜਾ ਧਰਮ ਦੁਆਰੇ॥*
*ਗਾਵਹਿ ਚਿਤੁ ਗੁਪਤੁ ਲਿਖਿ ਜਾਣਹਿ ਲਿਖਿ ਲਿਖਿ ਧਰਮੁ ਵੀਚਾਰੇ॥*
*ਗਾਵਹਿ ਈਸਰੁ ਬਰਮਾ ਦੇਵੀ ਸੋਹਨਿ ਸਦਾ ਸਵਾਰੇ॥*
*ਗਾਵਹਿ ਇੰਦ ਇਦਾਸਣਿ ਬੈਠੇ ਦੇਵਤਿਆ ਦਰਿ ਨਾਲੇ॥*
*ਗਾਵਹਿ ਸਿਧ ਸਮਾਧੀ ਅੰਦਰਿ ਗਾਵਨਿ ਸਾਧ ਵਿਚਾਰੇ॥*
*ਗਾਵਨਿ ਜਤੀ ਸਤੀ ਸੰਤੋਖੀ ਗਾਵਹਿ ਵੀਰ ਕਰਾਰੇ॥*
*ਗਾਵਨਿ ਪੰਡਿਤ ਪੜਨਿ ਰਖੀਸੁਰ ਜੁਗੁ ਜੁਗੁ ਵੇਦਾ ਨਾਲੇ॥*
*ਗਾਵਹਿ ਮੋਹਣੀਆਂ ਮਨੁ ਮੋਹਨਿ ਸੁਰਗਾ ਮਛ ਪਇਆਲੇ॥*
*ਗਾਵਨਿ ਰਤਨਾ ਉਪਾਏ ਤੇਰੇ ਅਠਸਠਿ ਤੀਰਥ ਨਾਲੇ॥*
*ਗਾਵਹਿ ਜੋਧ ਮਹਾਬਲ ਸੂਰਾ ਗਾਵਹਿ ਖਾਣੀ ਚਾਰੇ॥*
*ਗਾਵਹਿ ਖੰਡ ਮੰਡਲ ਵਰਭੰਡਾ ਕਰਿ ਕਰਿ ਰਖੇ ਧਾਰੇ॥*
*ਅੰਗ - 6*

ਸਾਰੀ ਰਚਨਾ ਪਾਰਬ੍ਰਹਮ ਪ੍ਰਮੇਸ਼ਵਰ ਦੀ ਬਣਾਈ ਹੋਈ ਹੈ, ਉਸ ਦੀ ਹੀ ਧਾਰਨ ਕੀਤੀ ਹੋਈ (ਨਾਮ ਕੇ ਧਾਰੇ ਖੰਡ ਬ੍ਰਹਿਮੰਡ) ਇਹ ਸਾਰੇ ਉਸ ਦੀ ਉਸਤਤਿ ਗਾਇਨ ਕਰ ਰਹੇ ਦੱਸੇ ਗਏ ਹਨ। 'ਬ੍ਰਹਮ ਸੁਣੀਐ' ਦਾ ਐਸਾ ਭਾਵ ਹੈ। ਬ੍ਰਹਮਗਿਆਨੀ ਨੂੰ ਐਸਾ ਹੀ ਨਾਦ, ਅਨਹਦ ਨਾਦ ਸਾਰੇ ਸੁਣੀਦਾ ਹੈ। ਉਸ ਨੂੰ ਇਹ ਸਾਰੀ ਰਚਨਾ ਆਤਮ-ਪਸਾਰਾ ਦਿਸ ਆਉਂਦਾ ਹੈ। ਬ੍ਰਹਮ ਤੋਂ ਬਿਨਾਂ ਉਸ ਨੂੰ ਹੋਰ ਕੁਝ ਵੀ, ਦ੍ਵੈਤ-ਭਾਵ ਨਹੀਂ ਦਿਸਦਾ, ਐਸੀ ਭਾਵਨਾ ਬਾਰ-ਬਾਰ ਗੁਰਬਾਣੀ ਵਿਚ ਪ੍ਰਗਟ ਕੀਤੀ ਹੈ।

*ਤੂੰ ਸਭਨੀ ਥਾਈ ਜਿਥੈ ਹਉ ਜਾਈ ਸਾਚਾ ਸਿਰਜਣਹਾਰੁ ਜੀਉ॥*
*ਅੰਕ - 438*

ਐਸੀ ਅਵਸਥਾ ਵਿਚ ਮਹਾਂਪੁਰਸ਼, ਬ੍ਰਹਮਗਿਆਨੀ ਵਿਚਰਦੇ ਹਨ, ਐਸਾ ਨਿਸ਼ਾਨਾ, ਜੀਵਨ ਕਰੱਤਵ ਸਾਡੇ ਸਭਨਾ ਜੀਆਂ ਦਾ ਹੋਣਾ ਚਾਹੀਦਾ ਹੈ। ਆਤਮਾ ਮਾਰਗ ਤੇ ਚਲਦਿਆਂ ਐਸੀ ਅਵਸਥਾ ਨੂੰ ਪ੍ਰਾਪਤ ਕਰਨਾ ਸੰਭਵ ਹੈ। ਆਤਮ ਮਾਰਗ ਨਾਮ ਦਾ ਮਾਰਗ ਹੈ। ਨਾਮ-ਜਪੁ-ਸਿਮਰਨ, ਵਾਹਿਗੁਰੂ ਗੁਰਮੰਤ੍ਰ ਦਾ ਜਾਪ, ਮੁੱਖ ਤੋਂ ਬੋਲਣਾ, ਕੰਨਾਂ ਨਾਲ ਸੁਣਨਾ, ਅੰਦਰ ਪਿਆਰ ਹੋਵੇ, ਮਨ ਜੁੜ ਜਾਵੇ, ਨਾਮ ਮਿੱਠਾ ਲਗਣ ਲਗ ਜਾਵੇ, ਜਪਦਿਆਂ-ਜਪਦਿਆਂ ਮਨ ਦੀ ਮੈਲ ਧੋਤੀ ਜਾਂਦੀ ਹੈ, ਹੋਰ ਕੋਈ ਤਰੀਕਾ ਨਹੀਂ। ਐਸਾ ਮਹਾਂਪੁਰਸ਼ ਦਸਦੇ ਰਹੇ ਹਨ, ਪ੍ਰਚਾਰਦੇ ਰਹੇ ਹਨ –

*ਭਰੀਐ ਹਥੁ ਪੈਰੁ ਤਨੁ ਦੇਹ॥*
*ਪਾਣੀ ਧੋਤੈ ਉਤਰਸੁ ਖੇਹ॥*
*ਮੂਤ ਪਲੀਤੀ ਕਪੜੁ ਹੋਇ॥*
*ਦੇ ਸਾਬੂਣੁ ਲਈਐ ਓਹੁ ਧੋਇ॥*
*ਭਰੀਐ ਮਤਿ ਪਾਪਾ ਕੈ ਸੰਗਿ॥*
*ਓਹੁ ਧੋਪੈ ਨਾਵੈ ਕੈ ਰੰਗਿ॥ ਅੰਕ - 4*

ਨਾਮ ਦਾ ਅੰਦਰ ਪਿਆਰ ਹੋਵੇ (ਨਾਉ ਸੁਣਿ ਮਨਿ ਰਹਸੀਐ) ਸਗੋਂ ਨਾਮ ਹੈ ਹੀ ਪ੍ਰਭੂ ਪਿਆਰ (ਹਰਿ ਨਾਮਾ ਹਰਿ ਰੰਗ ਹੈ) ਅੰਦਰ ਪਿਆਰ ਹੋਵੇ, ਨਾਮ ਗਾਇਨ ਕਰੀਏ, ਨਾਮ ਸੁਣੀਏ ਫਿਰ ਗੁਰੂ ਮਹਾਰਾਜ ਕਹਿੰਦੇ ਹਨ –

*ਗਾਵੀਐ ਸੁਣੀਐ ਮਨਿ ਰਖੀਐ ਭਾਉ॥*
*ਦੁਖੁ ਪਰਹਰਿ ਸੁਖੁ ਘਰਿ ਲੈ ਜਾਇ॥ ਅੰਕ - 2*

ਨਾਮ ਦੀ ਬਰਕਤ ਨਾਲ ਸਭ ਸੁਖ ਹੀ ਸੁਖ ਹੈ, ਦੁਖ ਦੀ ਕੋਈ ਥਾਂ ਨਹੀਂ। ਦੁਖ, ਪਾਪ, ਬੀਮਾਰੀ ਅਨ੍ਹੇਰਾ ਹੈ ਜੋ ਨਾਮ ਦੇ ਚਾਨਣ ਵਿਚ ਟਿਕ ਨਹੀਂ ਸਕਦਾ, ਅਨ੍ਹੇਰਾ ਅਗਿਆਨਤਾ ਹੈ, ਅਨ੍ਹੇਰੇ ਵਿਚ ਠੋਕਰਾਂ ਵਜਦੀਆਂ ਹਨ, ਡਰ ਲਗਦਾ ਹੈ, ਡਰਾਵਣੇ ਦ੍ਰਿਸ਼ ਦਿਸਦੇ ਹਨ, ਰੱਸੀ ਵੀ ਸੱਪ ਬਣ ਕੇ ਡਸਦੀ ਹੈ, ਅਨ੍ਹੇਰੇ ਦੀ ਐਸੀ ਦਸ਼ਾ ਹੈ। ਇਸ ਅਗਿਆਨਤਾ ਦੇ ਅਨ੍ਹੇਰੇ ਨੂੰ ਨਾਮ ਦਾ ਚਾਨਣ ਹੀ ਦੂਰ ਕਰ ਸਕਦਾ ਹੈ, ਨਾਮ ਦਾ ਗਿਆਨ-ਚਾਨਣ। ਚਾਨਣ ਨੂੰ ਜ਼ੋਰ ਨਹੀਂ ਲਾਉਣਾ ਪੈਂਦਾ। ਪ੍ਰਕਾਸ਼ ਹੋਣ ਨਾਲ ਅਨ੍ਹੇਰਾ ਆਪੇ ਹੀ ਨੱਠ ਜਾਂਦਾ ਹੈ। ਨਾਮ ਦੇ ਜੀਵਨ ਵਿਚ ਦੁਖ ਦਰਦ ਬੀਮਾਰੀ, ਰੋਗ, ਸੋਗ, ਦੁਖ, ਜਰਾ (ਬੁਢੇਪਾ), ਮੌਤ ਕੁਝ ਵੀ ਨਹੀਂ ਟਿਕ ਸਕਦਾ –

*ਰੋਗ ਸੋਗ ਦੁਖ ਜਰਾ ਮਰਾ ਹਰਿ ਜਨਹਿ ਨਹੀ ਨਿਕਟਾਨੀ॥*
*ਅੰਗ - 711*

ਸਲੋਕ ਸਹਸਕ੍ਰਿਤੀ ਵਿਚ ਪੰਚਮ ਪਾਤਸ਼ਾਹ ਦਾ ਫੁਰਮਾਨ ਹੈ ਪ੍ਰਮਾਤਮਾ ਦੀ ਨਾਮ-ਸ਼ਕਤੀ ਪਿਛਲੇ ਕੀਤੇ ਅਨੇਕ ਪਾਪਾਂ, ਕੁਕਰਮਾਂ ਦੇ ਸੰਸਕਾਰਾਂ ਦਾ ਨਾਸ ਕਰ ਦਿੰਦੀ ਹੈ। ਭਿਆਨਕ ਦੁਖ-ਕਲੇਸ਼, ਕੀਤੇ ਹੋਏ ਅਨੇਕ ਖੂਨ-ਅਪਰਾਧ, ਜਨਮਾਂ-ਜਨਮਾਤਰਾਂ ਦੀ ਗਰੀਬੀ, ਵੱਡੇ-ਵੱਡੇ ਪੁਆੜੇ – ਇਹ ਸਾਰੇ ਪ੍ਰਮਾਤਮਾ ਦਾ ਨਾਮ-ਸਿਮਰਿਆਂ ਮਿਟ ਜਾਂਦੇ ਹਨ ਜਿਵੇਂ ਅੱਗ ਲੱਕੜਾਂ ਨੂੰ ਸੁਆਹ ਕਰ ਦਿੰਦੀ ਹੈ।

*ਘੋਰ ਦੁਖੵੰ ਅਨਿਕ ਹਤੵੰ ਜਨਮ ਦਾਰਿਦ੍ਰੰ ਮਹਾ ਬਿਖਾਦੰ॥*
*ਮਿਟੰਤ ਸਗਲ ਸਿਮਰੰਤ ਹਰਿ ਨਾਮ ਨਾਨਕ*
*ਜੈਸੇ ਪਾਵਕ ਕਾਸਟ ਭਸਮੰ ਕਰੋਤਿ॥ ਅੰਕ - 1355*

ਨਾਮ ਦੀ ਸ਼ਕਤੀ ਪ੍ਰਮਾਤਮਾ-ਸ਼ਕਤੀ ਹੈ, ਇਹ ਪ੍ਰਮਾਤਮਾ-ਸ਼ਕਤੀ ਹਰੇਕ ਮਨੁੱਖੀ ਹਿਰਦੇ ਵਿਚ ਵਿਦਮਾਨ ਹੈ। ਅਸੀਂ ਗੁਰੂ ਤੋਂ ਬੇਮੁੱਖ (ਮਨਮੁਖ) ਹੋ ਕੇ ਮਨ ਦੇ ਅੰਧਕਾਰ ਵਿਚ ਹਉਮੈ ਦਾ ਜੀਵਨ ਜੀਉਂਦੇ ਹਾਂ ਤੇ ਦੁਖ ਸੁਖ, ਵੈਰ, ਵਿਰੋਧ, ਚਿੰਤਾ, ਫਿਕਰ ਹੰਢਾਉਂਦੇ ਹਾਂ, ਮਰਦੇ ਜੰਮਦੇ ਰਹਿੰਦੇ ਹਾਂ। ਜੇ ਮਨ ਦੀ ਮਤਿ ਤਿਆਗ ਕੇ ਗੁਰਮਤਿ ਧਾਰਨ ਕਰ ਲਈਏ, ਤਾਂ ਗੁਰੂ ਘਰ ਵਿਚ ਤਾਂ ਦੁਖ ਦੀ ਕੋਈ ਥਾਂ ਨਹੀਂ, ਸੁਖ ਹੀ ਸੁਖ ਹੈ –

*ਹਰਖ ਅਨੰਤ ਸੋਗ ਨਹੀ ਬੀਆ॥*
*ਇਹ ਘਰੁ ਗੁਰਿ ਨਾਨਕ ਕਉ ਦੀਆ॥ ਅੰਗ - 186*

ਨਾਮ-ਔਸ਼ਧੀ ਨਾਲ ਸਭ ਦੁਖ ਦਰਦ ਖਿਨ ਵਿਚ ਮਿਟ ਜਾਂਦੇ ਹਨ, ਰੋਗ ਸੁਪਨੇ ਵਿਚ ਵੀ ਨਹੀਂ ਵਿਆਪਕ ਹੁੰਦੇ। ਇਹ ਔਸ਼ਧੀ ਹਰੇਕ ਹਿਰਦੇ ਵਿਚ ਭਰਪੂਰ ਹੈ। ਪੂਰੇ ਗੁਰੂ ਦੀ ਸ਼ਰਨ ਗਿਆਂ, ਗੁਰੂ ਸੰਜਮ ਦਸਦਾ ਹੈ, ਨਾਮ-ਸਿਮਰਨ ਦੀ ਬਿਧਿ ਦਸਦਾ ਹੈ, ਫਿਰ ਦੁਖ ਕਦੇ ਨਹੀ ਵਿਆਪਕ ਹੁੰਦਾ। ਐਸਾ ਗੁਰੂ ਜੀ ਦਾ ਪਵਿੱਤਰ ਫੁਰਮਾਨ ਹੈ –

*ਲਲਾ ਲਾਵਉ ਅਉਖਧ ਜਾਹੂ॥*
*ਦੂਖ ਦਰਦ ਤਿਹ ਮਿਟਹਿ ਖਿਨਾਹੂ॥*
*ਨਾਮ ਅਉਖਧੁ ਜਿਹ ਰਿਦੈ ਹਿਤਾਵੈ॥*
*ਤਾਹਿ ਰੋਗੁ ਸੁਪਨੈ ਨਹੀ ਆਵੈ॥*
*ਹਰਿ ਅਉਖਧੁ ਸਭ ਘਟ ਹੈ ਭਾਈ॥*
*ਗੁਰ ਪੂਰੇ ਬਿਨੁ ਬਿਧਿ ਨ ਬਨਾਈ॥*
*ਗੁਰਿ ਪੂਰੇ ਸੰਜਮੁ ਕਰਿ ਦੀਆ॥*
*ਨਾਨਕ ਤਉ ਫਿਰਿ ਦੂਖ ਨ ਥੀਆ॥ ਅੰਕ - 259*

ਮਹਾਂਪੁਰਸ਼ ਐਸੀ ਨਾਮ-ਔਸ਼ਧੀ ਹੀ ਵੰਡਦੇ ਰਹੇ ਹਨ। ਆਤਮ ਮਾਰਗ ਐਸੀ ਨਾਮ ਔਸ਼ਧੀ ਦਾ ਹੀ ਪਾਸਾਰ ਕਰਦਾ ਆ ਰਿਹਾ ਹੈ ਤਾਕਿ ਸਾਰੇ ਮਨੁੱਖ ਗੁਰੂ-ਰੂਪ-ਬਾਣੀ ਦੀ ਅਗਵਾਈ ਲੈਣ ਅਤੇ ਨਾਮ-ਜਪੁ-ਸਿਮਰਨ ਸਦਕਾ ਦੁਖਾਂ, ਕਲੇਸ਼ਾਂ, ਵੈਰ, ਵਿਰੋਧ, ਚਿੰਤਾ, ਫਿਕਰ ਤੋਂ ਛੁਟਕਾਰਾ ਪਾ ਕੇ ਸੁਖ, ਸਹਿਜ ਵਿਸਮਾਦ ਵਿਚ ਵਿਚਰ ਕੇ ਜੀਵਨ ਦਾ ਸੱਚਾ ਅਨੰਦ ਮਾਣਨਯੋਗ ਹੋ ਜਾਣ। ਮਹਾਂਪੁਰਸ਼ਾਂ ਦੀਆਂ ਲਿਖਤਾਂ ਵਿਚ ਐਸੀ ਜੀਵਨ-ਜੁਗਤਿ ਦੇ ਹੀ ਉਲੇਖ ਆਪ ਜੀ ਪੜ੍ਹੋਗੇ, ਆਪਣੇ ਹਰਮਨ ਪਿਆਰੇ ਮੈਗਜ਼ੀਨ ਆਤਮ-ਮਾਰਗ ਦੇ ਇਸ ਅੰਕ ਵਿਚ।

ਮਹਾਂਪੁਰਸ਼ਾਂ ਦੀ ਚੌਥੀ ਬਰਸੀ ਹਰ ਸਾਲ ਦੀ ਤਰ੍ਹਾਂ ਮਿਤੀ 28 ਤੋਂ 31 ਅਕਤੂਬਰ 2005 ਨੂੰ ਰਤਵਾੜਾ ਸਾਹਿਬ ਦੀ ਧਰਮੱਗ ਧਰਤੀ ਤੇ ਮਨਾਈ ਜਾ ਰਹੀ ਹੈ। ਇਹ ਮਹਾਨ ਗੁਰਮਤਿ ਸੰਤ ਸਮਾਗਮ ਅੰਤਰ-ਰਾਸ਼ਟਰੀ ਪੱਧਰ ਤੇ ਹੁੰਦਾ ਹੈ ਜਿਸ ਵਿਚ ਗੁਰੂ ਪਿਆਰ ਵਾਲੇ ਮਹਾਂਪੁਰਸ਼ਾਂ ਦੀ ਸੰਗਤ ਮਾਣਨ ਵਾਲੇ ਗੁਰਸਿੱਖ ਦੇਸ਼ ਦੇ ਵੱਖ-ਵੱਖ ਪ੍ਰਾਂਤਾਂ ਤੋਂ ਆਉਂਦੇ ਹਨ ਅਤੇ ਵਿਦੇਸ਼ਾਂ ਵਿਚ ਵਸਦੇ ਸੁਹਿਰਦ ਪ੍ਰੇਮੀ ਕੈਨੇਡਾ, ਅਮਰੀਕਾ, ਆਸਟਰੇਲੀਆ, ਇੰਗਲੈਂਡ, ਹਾਲੈਂਡ ਆਦਿ ਅਨੇਕਾਂ ਦੇਸ਼ਾਂ ਤੋਂ ਪੁੱਜਦੇ ਹਨ। ਚਾਰ ਦਿਨ ਮਤਵਾਤਰ ਦੀਵਾਨ ਸੱਜਦੇ ਹਨ। ਨਾਮ, ਜਪੁ, ਸਿਮਰਨ, ਕਥਾ, ਲੈਕਚਰ, ਵਿਖਿਆਨ, ਅਖੰਡਪਾਠ ਅਤੇ ਸੰਤ, ਮਹਾਤਮਾ, ਮਹਾਂਪੁਰਸ਼ਾਂ ਦੇ ਪ੍ਰਵਚਨ ਸੰਗਤਾਂ ਨੂੰ ਨਿਹਾਲ ਕਰਨਗੇ। ਆਉ! ਵੱਧ ਚੜ੍ਹ ਕੇ ਮਹਾਂਪੁਰਸ਼ਾਂ ਦੀ ਯਾਦ ਵਿਚ ਰਤਵਾੜਾ ਸਾਹਿਬ ਪੁੱਜ ਕੇ ਗੁਰੂ ਚਰਨਾਂ ਨਾਲ ਜੁੜੀਏ ਤੇ ਲੋਕ ਸੁਖੀ, ਪਰਲੋਕ ਸੁਹੇਲਾ ਕਰਨਾ ਲੋੜੀਏ! ਗੁਰੂ ਅੰਗ ਸੰਗ॥

# ਚਉਥੈ ਪਹਰਿ ਸਬਾਹ ਕੈ

## ਸੁਰਤਿਆ ਉਪਜੈ ਚਾਉ

**(ਅੰਮ੍ਰਿਤ ਵੇਲੇ ਆਸਾ ਜੀ ਦੀ ਵਾਰ ਦੀ ਸਮਾਪਤੀ ਉਪਰੰਤ ਕੀਤੇ ਬਚਨ)**

***ਸੰਤ ਵਰਿਆਮ ਸਿੰਘ ਜੀ***
***ਬਾਨੀ ਵਿ. ਗੁ. ਕ੍ਰ. ਮਿਸ਼ਨ***

## ਹੁਕਮਨਾਮਾ

***ਟੋਡੀ ਮਹਲਾ ੫॥***
***ਰਸਨਾ ਗੁਣ ਗੋਪਾਲ ਨਿਧਿ ਗਾਇਣ॥***
***ਸਾਂਤਿ ਸਹਜੁ ਰਹਸੁ ਮਨਿ ਉਪਜਿਓ***
***ਸਗਲੇ ਦੂਖ ਪਲਾਇਣ॥੧॥ਰਹਾਉ॥***
***ਜੋ ਮਾਗਹਿ ਸੋਈ ਸੋਈ ਪਾਵਹਿ***
***ਸੇਵਿ ਹਰਿ ਕੇ ਚਰਣ ਰਸਾਇਣ॥***
***ਜਨਮ ਮਰਣ ਦੁਹਹੂ ਤੇ ਛੂਟਹਿ***
***ਭਵਜਲੁ ਜਗਤੁ ਤਰਾਇਣ॥੧॥***
***ਖੋਜਤ ਖੋਜਤ ਤਤੁ ਬੀਚਾਰਿਓ ਦਾਸ ਗੋਵਿੰਦ ਪਰਾਇਣ॥***
***ਅਬਿਨਾਸੀ ਖੇਮ ਚਾਹਹਿ ਜੇ ਨਾਨਕ***
***ਸਦਾ ਸਿਮਰਿ ਨਾਰਾਇਣ॥॥੫॥੧੦॥ ਅੰਗ - 713***

ਸਾਧ ਸੰਗਤ ਜੀ!

***ਵਾਹਿਗੁਰੂ ਜੀ ਕਾ ਖਾਲਸਾ॥***
***ਵਾਹਿਗੁਰੂ ਜੀ ਕੀ ਫਤਹਿ॥***

ਅੰਮ੍ਰਿਤ ਵੇਲੇ ਤੋਂ ਆਪ ਦੁਖਾਂ ਨੂੰ ਦੂਰ ਕਰਨ ਵਾਲੀ ਤੇ ਗਿਆਨ ਦਾ ਪ੍ਰਕਾਸ਼ ਕਰਕੇ ਪ੍ਰਮੇਸ਼ਰ ਦੇ ਨਾਲ ਮਿਲਾਉਣ ਦੀ ਸਮਰੱਥਾ ਰੱਖਣ ਵਾਲੀ ਬਾਣੀ ਦਾ ਗਾਇਨ ਕਰ ਰਹੇ ਸੀ, ਸਮਝ ਰਹੇ ਸੀ। ਇਹ ਵੀ ਭਾਗਾਂ ਨਾਲ ਪ੍ਰਾਪਤ ਹੁੰਦੀ ਹੈ। ਦੋ ਚੀਜ਼ਾਂ ਸੰਸਾਰ ਦੇ ਅੰਦਰ ਹਰੀ ਦਾ ਜਸ ਤੇ ਸਾਧੂ ਦੀ ਸੰਗਤ ਦੁਰਲੱਭ ਹਨ, ਮਿਲਦੀਆਂ ਨਹੀਂ ਹਨ। ਜਿਸ ਸੰਗਤ ਦੇ ਵਿਚ ਜਾ ਕੇ ਪ੍ਰਮੇਸ਼ਰ ਦੇ ਨਾਮ ਦੇ ਨਾਲ ਪਿਆਰ ਲਗੇ, ਵਾਹਿਗੁਰੂ ਜੀ ਦੀਆਂ ਸਿਫਤ ਸਲਾਹਾਂ, ਵਡਿਆਈਆਂ ਹਿਰਦੇ ਵਿਚ ਪ੍ਰਵੇਸ਼ ਕਰਨ, ਜ਼ਿੰਦਗੀ ਦੇ ਅੰਦਰ ਕੁਝ ਤਬਦੀਲੀ ਆਵੇ, ਉਹ ਸਤਿਸੰਗ ਜੋ ਹੈ, ਮਿਲਣਾ ਦੁਰਲੱਭ ਹੈ, ਮਿਲ ਨਹੀਂ ਸਕਿਆ ਕਰਦਾ।

ਮਹਾਰਾਜ ਕਹਿੰਦੇ, ਜਿਨ੍ਹਾਂ ਨੇ ਪਿਛਲੇ ਜੁਗਾਂ ਦੇ ਅੰਦਰ ਕਮਾਈ ਕੀਤੀ ਹੋਈ ਹੈ ਪਰ ਉਹ ਸਿਖਰ ਨਹੀਂ ਪਹੁੰਚ ਸਕੇ, ਵਿਚਾਲੇ ਰਹਿ ਗਏ, ਉਨ੍ਹਾਂ ਨੂੰ ਕਲਜੁਗ ਦੇ ਅੰਦਰ ਜਨਮ ਮਿਲਿਆ। ਇਕ ਬੜੀ ਅਜੀਬ ਬਾਤ ਹੈ ਕਿ ਕਲਜੁਗ ਨੂੰ ਤਾਂ ਬੜਾ ਮਾੜਾ ਜੁਗ ਕਿਹਾ ਜਾਂਦਾ ਹੈ ਕਿਉਂਕਿ ਇਸ ਦੇ ਵਿਚ ਨਾ ਕੋਈ ਕਰਮ ਧਰਮ ਚਲਦਾ ਹੈ, ਨਾ ਕੋਈ ਜਾਪ ਚਲਦਾ ਹੈ, ਨਾ ਕੋਈ ਤਪਸਿਆ ਚਲਦੀ ਹੈ, ਨਾ ਕੋਈ ਤੀਰਥ ਫਲ ਦੇ ਰਹੇ ਨੇ, ਸਭ ਹਟ ਗਏ ਫਲ ਦੇਣ ਤੋਂ। ਮਨੁੱਖ ਪ੍ਰਾਕ੍ਰਿਤੀ ਵਿਚ ਪਹੁੰਚ ਕੇ ਮਨੁੱਖਤਾ ਤੋਂ ਬਹੁਤ ਥੱਲੇ ਜਾ ਚੁਕਿਆ ਹੈ। ਪ੍ਰਮੇਸ਼ਰ ਦੇ ਪਿਆਰ ਤੋਂ ਸੁੰਨ ਹੋ ਗਿਆ, ਗਿਆਨ ਲਈ ਜੋ ਇਸ ਦੇ ਕੋਲ ਦਿਬ ਨੈਣ ਸਨ ਉਹ ਪੂਰੀ ਤਰ੍ਹਾਂ ਬੰਦ ਹੋ ਗਏ। ਫੇਰ ਏਸ ਜੁਗ ਨੂੰ ਕਿਉਂ ਚੰਗਾ ਆਖਿਆ ਗਿਆ? ਕਿਉਂ ਇਸ ਦੇ ਵਿਚ ਉਨ੍ਹਾਂ ਨੂੰ ਜਨਮ ਮਿਲਦਾ ਹੈ, ਜਿਹੜੇ ਜੁਗਾਂ 'ਚ ਕਮਾਈ ਕਰਦੇ ਅਧੂਰੇ ਰਹਿ ਗਏ, ਪਹੁੰਚ ਨਹੀਂ ਸਕੇ ਤੇ ਉਨ੍ਹਾਂ ਦੀ ਵਾਰੀ ਕਲਜੁਗ ਵਿਚ ਆਈ ਹੈ।

ਉਹ ਇਸ ਕਰਕੇ ਹੈ ਕਿ ਕਲਜੁਗ ਦੇ ਅੰਦਰ ਛੋਟੇ ਜਿਹੇ ਕਰਮ ਦਾ ਫਲ ਬਹੁਤ ਹੈ। ਸਤਿਜੁਗ ਦੇ ਅੰਦਰ ਜੇ 10,000 ਸਾਲ ਤਪ ਕਰੇ, ਵਿਘਨ ਕੋਈ ਨਾ ਪਵੇ ਤਪ ਦੌਰਾਨ, ਜੰਗਲਾਂ ਵਿਚ ਰਹੇ, ਕੰਦ ਮੂਲ ਖਾ ਕੇ ਗੁਜਾਰਾ ਕਰੇ। ਜਿਵੇਂ ਜੰਗਲਾਂ ਦੇ ਜੀਵ ਜੰਤੂ ਫਿਰਦੇ ਨੇ ਇਸੇ ਤਰ੍ਹਾਂ ਫਿਰਦਾ ਰਹੇ। ਨਾ ਕੋਈ ਘਰ ਬਣਾਵੇ, ਜਿਥੇ ਥਾਂ ਮਿਲ ਗਿਆ ਉਥੇ ਰਾਤ ਕੱਟ ਲਈ, ਕੰਦਰਾਂ ਦੇ ਵਿਚ, ਦਰਖਤਾਂ ਦੇ ਥੱਲੇ, ਜੰਗਲਾਂ ਵਿਚ ਘੋਰ ਤਪਸਿਆ ਕਰਨ ਤੋਂ ਬਾਅਦ ਜੋ ਫਲ ਮਿਲਦਾ ਹੈ 10,000 ਸਾਲ ਦੀ ਤਪਸਿਆ ਦਾ, 17,28,000 ਸਾਲ ਇਹ ਜੁਗ ਕਾਇਮ ਰਿਹਾ ਜਿਸ ਨੂੰ ਸਤਿਜੁਗ ਕਹਿੰਦੇ ਨੇ। ਇਹ ਨਹੀਂ ਸੀ ਕਿ ਇਕ ਦਮ ਹੀ ਆਦਮੀ ਦੀ ਮੁਕਤੀ ਹੋ ਜਾਵੇ, ਬੜੀ ਲੰਮੀ ਘਾਲ ਕਰਨੀ ਪੈਂਦੀ ਸੀ।

ਅਸੀਂ ਕਹਿੰਦੇ ਹਾਂ ਕਿ ਉਹ ਸਭਿਅਤ ਨਹੀਂ ਸੀ ਲੋਕ, ਘਰ ਨਹੀਂ ਸੀ ਬਣਾਉਂਦੇ, ਝੌਂਪੜੀਆਂ ਦੇ ਵਿਚ ਰਹਿੰਦੇ ਸੀ। ਉਹ ਵੀ ਕੋਈ ਬਣਾਉਂਦਾ ਸੀ ਕੋਈ ਨਹੀਂ। ਇਕ ਥਾਂ ਟਿਕਦੇ ਨਹੀਂ ਸਨ। ਅੱਜ ਇਥੇ ਨੇ ਮਹੀਨਾ ਰਹਿ ਕੇ ਹੋਰ ਅੱਗੇ ਚਲੇ ਗਏ। ਕੋਈ ਜਾਇਦਾਦ ਨਹੀਂ ਸੀ ਬਣਾਉਂਦਾ, ਕੋਈ ਮੇਰ (ਮਾਲਕੀ) ਨਹੀਂ ਸੀ ਹੁੰਦੀ, ਕੋਈ ਰਾਜ ਲਈ ਕੋਸ਼ਿਸ਼ ਨਹੀਂ ਸੀ ਕਰਦਾ। ਆਪ ਹੀ ਪ੍ਰੇਰਨਾ ਦੇ ਦੇ ਕੇ ਰਾਜਾ ਬਣਾਉਂਦੇ ਸੀ। ਸੋ ਅਜਿਹੇ ਜੁਗ ਦੇ ਅੰਦਰ ਜਦੋਂ ਮੋਹ ਮਾਇਆ ਦੀ ਪਕੜ ਹੀ ਨਹੀਂ ਹੈ, ਫੇਰ ਕਿਉਂ ਨਹੀਂ ਸੀ ਉਧਾਰ ਹੁੰਦਾ। ਤਪ ਓਸ ਵੇਲੇ ਚਲਦਾ ਸੀ। ਦਸ ਹਜਾਰ ਸਾਲ ਤਪ ਕਰੇ।

ਜਦੋਂ ਇਹ ਜੁਗ ਬਦਲ ਗਿਆ। ਅਗਲਾ ਸਮਾਂ ਜੋ ਨਿਸ਼ਚਿਤ ਕੀਤਾ ਗਿਆ 12,96,000 (ਬਾਰਾਂ ਲੱਖ,

ਛਿਆਨਵੇਂ ਹਜਾਰ) ਸਾਲ ਦਾ। ਤੇ ਉਸ ਦਾ ਨਾਉਂ ਤ੍ਰੇਤਾ ਰਖਿਆ ਗਿਆ। ਜਿਸ ਦੇ ਅੰਦਰ ਮਰਿਆਦਾ ਪ੍ਰਸ਼ੋਤਮ 14 ਕਲਾਂ ਸੰਪੂਰਨ ਅਵਤਾਰ ਸ੍ਰੀ ਰਾਮ ਚੰਦਰ ਜੀ ਮਹਾਰਾਜ ਪ੍ਰਗਟ ਹੋਏ। ਉਸ ਜੁੱਗ ਦੇ ਅੰਦਰ ਵੀ ਸ਼ਾਂਤੀ ਸੀ ਥੋੜ੍ਹਾ ਹੀ ਧਰਮ ਦਾ ਵਰਤਾਅ ਵਿਗੜਿਆ ਸੀ।

ਉਸ ਤੋਂ ਬਾਅਦ 8,64,000 (ਅੱਠ ਲੱਖ, ਚੌਂਹਠ ਹਜਾਰ) ਸਾਲ ਦੁਆਪਰ ਜੁਗ ਆਇਆ। ਇਸ ਦੇ ਵਿਚ ਪਹਿਲੇ ਜੁਗ ਨਾਲੋਂ ਬਦਲ ਗਿਆ ਸਾਧਨ। ਪਹਿਲੇ ਜੁਗ ਦੇ ਅੰਦਰ ਕੇਵਲ 'ਸਤਿ' ਬੋਲਦੇ ਸੀ। ਧਰਮ ਦੇ ਚਾਰੇ ਪੈਰ ਕਾਇਮ ਸੀ। ਦਾਨ ਵੀ ਸੀ, ਸਤਿ ਵੀ ਸੀ ਇਹ ਸਾਰੀਆਂ ਚੀਜ਼ਾਂ ਸਚਿ ਸੰਤੋਖ ਵਗੈਰਾ ਕਾਇਮ ਸਨ। ਤ੍ਰੇਤੇ ਦੇ ਅੰਦਰ ਇਕ ਪੈਰ ਟੁੱਟ ਗਿਆ। ਦੁਆਪਰ ਦੇ ਅੰਦਰ ਦੋ ਪੈਰ ਟੁੱਟ ਗਏ ਧਰਮ ਦੇ ਤੇ ਪੂਜਾ ਦੇ ਉਤੇ ਜੋਰ ਦਿੱਤਾ ਗਿਆ।

ਜਦੋਂ ਕਲਜੁਗ ਆਇਆ ਤਾਂ ਇਸ ਦੇ ਵਿਚ ਧਰਮ ਦੇ ਤਿੰਨ ਪੈਰ ਟੁੱਟ ਗਏ, ਬੇ-ਮਰਿਆਦਾ ਸੰਸਾਰ ਹੋ ਗਿਆ। ਪੈਰ ਧਰਦੇ ਸਾਰ ਆਦਮੀ ਦੀ ਬੁੱਧੀ ਬਦਲ ਗਈ, ਉਮਰ 100 ਸਾਲ ਦੀ ਰਹਿ ਗਈ। ਪਹਿਲੇ ਜੁਗ ਵਿਚ 1,00,000 (ਇਕ ਲੱਖ) ਸਾਲ ਦੀ, ਦੂਸਰੇ ਵਿਚ 10,000 ਸਾਲ, ਤੀਸਰੇ ਵਿਚ 1,000 ਤੇ ਜਦੋਂ ਦੁਆਪਰ ਜੁਗ ਸਮਾਪਤ ਹੋ ਰਿਹਾ ਸੀ ਉਸ ਵੇਲੇ ਸ੍ਰੀ ਕ੍ਰਿਸਨ ਮਹਾਰਾਜ, ਦ੍ਰੋਣਾਚਾਰੀਆ, ਪਾਂਡਵ ਵਗੈਰਾ ਜੋ ਬੜੇ ਮਸ਼ਹੂਰ ਸਨ। ਕ੍ਰਿਸ਼ਨ ਮਹਾਰਾਜ ਦੀ ਉਮਰ 150 ਸਾਲ ਦੀ ਦਸਦੇ ਨੇ ਤੇ ਦ੍ਰੋਣਾਚਾਰੀਆ ਜਦੋਂ ਯੁੱਧ ਲੜ ਰਿਹਾ ਸੀ ਉਸ ਵੇਲੇ ਉਸ ਦੀ ਉਮਰ 99 ਸਾਲ ਦੀ ਸੀ। ਜਦੋਂ ਭੀਸ਼ਮ ਪਿਤਾਮਾ ਯੁੱਧ ਲੜ ਰਿਹਾ ਸੀ ਉਸ ਵੇਲੇ ਉਸ ਦੀ ਉਮਰ 175 ਸਾਲ ਦੀ ਸੀ।

ਹੁਣ ਉਮਰਾਂ ਘਟ ਗਈਆਂ। ਆਚਾਰ ਵਿਚ ਫਰਕ ਪੈ ਗਿਆ, ਵਿਹਾਰ ਵਿਚ ਫਰਕ ਪੈ ਗਿਆ, ਖੁਰਾਕ ਵਿਚ ਫਰਕ ਪੈ ਗਿਆ। ਭਾਈਚਾਰਕ ਜੀਵਨ ਦਾ ਸਤੁੰਲਨ ਵਿਗੜ ਗਿਆ ਤੇ ਕੋਈ ਜਪ ਕਰਦਾ ਹੈ ਤਾਂ ਜਪ ਸਿਰੇ ਨਹੀਂ ਚੜ੍ਹਦਾ, ਜੇ ਤਪ ਕਰਦਾ ਹੈ ਤਾਂ ਤਪ ਨਹੀਂ ਚੜ੍ਹਦਾ, ਤੀਰਥ ਫਲ ਦੇਣ ਤੋਂ ਹਟ ਗਏ। ਜੁੱਗ ਬਦਲ ਗਿਆ, ਮਰਿਆਦਾ ਬਦਲ ਗਈ, ਧਰਮ ਦੇ ਨਾਂ ਤੇ ਪਾਪ ਹੋਣੇ ਸ਼ੁਰੂ ਹੋ ਗਏ। ਕਤਲੇਆਮ ਨੂੰ ਧਰਮ ਆਖਿਆ ਜਾਂਦਾ ਸੀ।

ਸੋ ਐਸੇ ਜੁਗ ਨੂੰ ਵਿਸ਼ੇਸ਼ਤਾ ਕਿਉਂ ਮਿਲੀ ਹੈ ਜਦੋਂ ਨਾਸਤਿਕ ਬਿਰਤੀਆਂ ਪ੍ਰਧਾਨ ਹੋ ਗਈਆਂ, ਰੱਬ ਨੂੰ ਕੋਈ ਮੰਨਦਾ ਨਹੀਂ ਹੈ। ਜਦੋਂ ਗੁਰੂ ਨਾਨਕ ਪਾਤਸ਼ਾਹ ਨੂੰ ਕਲਜੁਗ ਮਿਲਿਆ ਹੈ, ਉਸ ਵੇਲੇ ਉਹ ਅਧੀਨ ਹੋਇਆ, ਅਧੀਨ ਹੋ ਕੇ ਬੇਨਤੀ ਕਰੀ ਕਿ ਪਾਤਸ਼ਾਹ ਠੀਕ ਹੈ, ਮੇਰੇ ਜੁੱਗ ਦੇ ਅੰਦਰ ਬੜੇ ਪਾਪ ਹੋਣਗੇ ਤੇ ਮੈਂ ਜਵਾਬ ਦੇਹ ਹੋਵਾਂਗਾ ਤੇ ਤੁਸੀਂ ਮੈਥੋਂ ਲੇਖਾ ਲੈਣਾ ਹੈ - ਮੈਂ ਤੁਹਾਡੀ ਚਰਨ ਸ਼ਰਨ ਹਾਂ, ਮੈਨੂੰ ਵੀ ਆਪਣਾ ਸਿੱਖ ਸਮਝ ਲਓ, ਆਪਣਾ ਸੇਵਕ ਸਮਝ ਲਓ ਤੇ ਮੇਰਾ ਉਧਾਰ ਕਰੋ। ਜਿਹੜਾ ਮੈਨੂੰ ਕਲੰਕ ਲੱਗਿਆ ਹੈ ਉਸ ਕਲੰਕ ਨੂੰ ਲਾਹੁਣ ਦਾ ਕੋਈ ਯਤਨ ਕਰੋ ਤਾਂ ਕਿ ਮੇਰੇ ਜੁਗ ਦੇ ਅੰਦਰ ਕੁਝ ਭਲਾ ਵੀ ਹੋ ਜਾਵੇ।

ਉਸ ਵੇਲੇ ਗੁਰੂ ਨਾਨਕ ਪਾਤਸ਼ਾਹ ਨੇ ਕਲਜੁਗ ਦੀ ਅਧੀਨਗੀ ਦੇਖ ਕੇ ਫੁਰਮਾਇਆ ਕਿ ਤੇਰੇ ਜੁਗ ਦੇ ਅੰਦਰ ਭਜਨ ਬਾਣੀ ਦਾ ਉਹ ਫਲ ਹੋਏਗਾ ਜੋ ਪਹਿਲੇ ਜੁਗਾਂ ਵਿਚ ਸੋਚਿਆ ਵੀ ਨਹੀਂ ਜਾ ਸਕਦਾ। ਦਸ ਹਜ਼ਾਰ ਸਾਲ ਤਪ ਕੀਤਾ ਹੋਇਆ ਸਤਿਜੁਗ ਦਾ ਤ੍ਰੇਤੇ ਦੇ ਹਜਾਰ ਸਾਲ ਦੇ ਬਰਾਬਰ। ਤ੍ਰੇਤੇ ਦਾ ਹਜ਼ਾਰ ਸਾਲ ਦਾ ਤਪ ਦੁਆਪਰ ਦੇ 100 ਸਾਲ ਦੇ ਬਰਾਬਰ ਤੇ ਦੁਆਪਰ ਜੁਗ ਦਾ 100 ਸਾਲ ਦਾ ਜੋ ਤਪ ਹੈ ਉਹ ਕਲਜੁਗ ਦੇ ਵਿਚ ਸਤਿਸੰਗ ਦੇ ਵਿਚ ਆ ਕੇ ਸਿਰਫ ਦੋ ਘੜੀਆਂ, 50 ਮਿੰਟ ਜਿਸ ਦਾ ਮਨ ਚਿਤ ਇਕਾਗਰ ਹੋ ਕੇ ਪ੍ਰਮੇਸ਼ਰ ਵੱਲ ਲੱਗ ਜਾਵੇ ਉਸ ਨੂੰ ਸਤਿਜੁਗ ਦੇ 10,000 ਸਾਲ ਦੇ ਤਪ ਦਾ ਫਲ ਪ੍ਰਾਪਤ ਹੋ ਜਾਏਗਾ। ਕਿੱਡੀ ਵੱਡੀ ਰਿਆਇਤ ਹੋ ਗਈ ਕਲਜੁਗ ਦੀ।

ਸੋ ਇਸ ਦੇ ਵਿਚ ਜੋ ਦੁਰਲੱਭ ਚੀਜ਼ ਹੈ ਉਹ ਸਤਿਸੰਗ ਹੈ। ਦੋ ਚੀਜ਼ਾਂ ਨਹੀਂ ਮਿਲਦੀਆਂ, ਇਕ ਤਾਂ ਸਾਧੂ ਦਾ ਸੰਗ ਨਹੀਂ ਮਿਲਦਾ ਤੇ ਦੂਜਾ ਸਤਿਸੰਗ ਨਹੀਂ ਮਿਲਦਾ। ਇਹ ਵੀ ਗੱਲ ਅਜੀਬ ਹੈ ਕਿ ਸਤਿਸੰਗ ਰੋਜ ਦੁਨੀਆਂ ਕਰਦੀ ਹੈ ਫੇਰ ਸਤਿਸੰਗ ਕਿਉਂ ਨਹੀਂ ਮਿਲਦਾ? ਮਹਾਰਾਜ ਕਹਿੰਦੇ ਜਿਸ ਨੂੰ ਸਤਿਸੰਗ ਕਹਿੰਦੇ ਨੇ ਉਹ ਸਤਿਸੰਗ ਹੁੰਦਾ ਹੈ -

***ਸਤਿਸੰਗਤਿ ਕੈਸੀ ਜਾਣੀਐ॥***
***ਜਿਥੈ ਏਕੋ ਨਾਮੁ ਵਖਾਣੀਐ॥*** ***ਅੰਗ - 72***

ਜਿਥੇ ਕੇਵਲ ਨਾਮ ਦੀ ਮਹਿਮਾ ਹੁੰਦੀ ਹੋਵੇ ਤੇ ਨਾਮ ਦਾ ਜ਼ਿਕਰ ਹੁੰਦਾ ਹੋਵੇ, ਜਿਥੇ ਨਾਮ ਦੀ ਪ੍ਰਾਪਤੀ ਦੇ ਸਾਧਨ ਹੋਣ ਤੇ ਹੋਰ ਕੋਈ ਏਧਰਲੀ ਓਧਰਲੀ ਗੱਲ ਨਾ ਹੋਵੇ, ਕਿਸੇ ਦੀ ਨਿੰਦਿਆ ਨਾ ਹੋਵੇ, ਕਿਸੇ ਦੀ ਚੁਗਲੀ ਨਾ ਹੋਵੇ, ਕਿਸੇ ਨਾਲ ਈਰਖਾ ਨਾ ਕਰਦਾ ਹੋਵੇ। ਜਿਥੇ ਐਸਾ ਹੁੰਦਾ ਹੈ ਉਨ੍ਹਾਂ ਇਕੱਠਾਂ ਨੂੰ ਸਤਿਸੰਗ ਨਹੀਂ ਆਖਿਆ ਜਾਂਦਾ। ਸਤਿਸੰਗ ਓਹੀ ਹੈ ਜਿਥੇ ਨਾਮ ਦੇ ਬਾਰੇ ਸੋਝੀ ਪਏ ਤੇ ਜਗਿਆਸੂ ਨੂੰ ਰਾਹ ਲੱਭੇ ਕੋਈ।

ਦੂਸਰੀ ਹੈ ਸਾਧ ਦੀ ਸੰਗਤ! ਧਰਤੀ ਨੂੰ ਥੰਮ ਨਹੀਂ ਸਕਦਾ ਕੋਈ ਸਾਧੂ ਤੋਂ ਬਗੈਰ ਤੇ ਸਾਧੂ ਕੋਈ ਨਜ਼ਰ ਨਹੀਂ ਆਉਂਦਾ ਸੰਸਾਰ ਦੇ ਅੰਦਰ ਹਾਲਾਕਿ ਓਸ ਵੇਲੇ ਬੜੇ ਸਾਧੂ ਸੀ, ਬੜੇ ਪੀਰ ਸੀ ਪਰ ਉਨ੍ਹਾਂ ਦਾ ਜੋ ਨਿਸ਼ਾਨਾ ਸੀ ਉਹ

ਬਦਲ ਚੁਕਿਆ ਸੀ। ਸਾਧੂਆਂ ਦੇ ਕੋਲ ਕਰਾਮਾਤਾਂ ਸੀ ਬਹੁਤ ਜਬਰਦਸਤ, ਸ਼ਕਤੀਆਂ ਸਨ, ਪੀਰਾਂ ਕੋਲ ਵੀ ਸ਼ਕਤੀਆਂ ਸਨ। ਉਨ੍ਹਾਂ ਦੇ ਮਨ ਵਿਚ ਹੁੰਦਾ ਕਿ ਅਸੀਂ ਦੁਨੀਆਂ ਨੂੰ ਇਸਲਾਮ ਵਿਚ ਲੈ ਆਈਏ, ਇਹ ਠੀਕ ਰਸਤਾ ਹੈ। ਬਜਰ ਜੁਲਮ ਨੂੰ ਰੋਕ ਨਹੀਂ ਸੀ ਸਕਦੇ, ਆਪਣੇ ਭਾਈਚਾਰੇ ਦੇ ਰਾਜਸੀ ਜਬਰ ਨੂੰ ਤੇ ਦੂਸਰੇ ਜੋ ਸਾਧੂ ਸੀ ਸ਼ਕਤੀਆਂ ਹਾਸਲ ਕਰਨ ਵਾਸਤੇ ਚਿੱਲ੍ਹੇ ਕਟਦੇ ਸੀ, ਪਹਾੜਾਂ ਵਿਚ ਜਾ ਕੇ ਰਹਿੰਦੇ ਸੀ, ਔਖੇ-ਔਖੇ ਹਠ ਯੋਗ ਦੇ ਸਾਧਨ ਕਰਦੇ ਸਨ ਪਰ ਪ੍ਰਮੇਸ਼ਰ ਨਾਲ ਬਿਰਤੀ ਵਿਰਲੇ ਦੀ ਹੀ ਜੁੜਦੀ ਸੀ, ਕੋਈ ਟਾਵਾਂ-ਟਾਵਾਂ ਸੀ।

ਸੋ ਉਸ ਵੇਲੇ ਗੁਰੂ ਨਾਨਕ ਪਾਤਸ਼ਾਹ ਸਾਧੂ ਪੈਦਾ ਕਰਨ ਵਾਸਤੇ ਸੰਸਾਰ 'ਚ ਆਏ। ਆਪੇ ਹੀ ਪ੍ਰਮੇਸ਼ਰ ਨੇ ਗੁਰੂ ਦਾ ਸਰੂਪ ਧਾਰਨ ਕਰਕੇ ਸੰਸਾਰ ਦੇ ਉਧਾਰ ਵਾਸਤੇ ਸਾਧੂ ਪੈਦਾ ਕੀਤੇ। ਬਹੁਤ ਮੁਸ਼ਕਲ ਹੈ ਸਾਧੂ ਦੀ ਪਹਿਚਾਣ। ਗੁਰੂ ਗ੍ਰੰਥ ਸਾਹਿਬ ਦੇ ਅੰਦਰ ਕੁਝ ਪੰਗਤੀਆਂ ਆਉਂਦੀਆਂ ਨੇ ਜਿਨ੍ਹਾਂ ਤੋਂ ਪਤਾ ਲਗ ਜਾਂਦਾ ਹੈ ਕਿ -

***ਇਹ ਨੀਸਾਣੀ ਸਾਧ ਕੀ ਜਿਸੁ ਭੇਟਤ ਤਰੀਐ॥***
***ਅੰਗ -320***

ਜਿਸ ਨੂੰ ਮਿਲ ਕੇ ਆਦਮੀ ਦੇ ਗਿਆਨ ਚਕਸ਼ੂ (ਅੱਖਾਂ) ਖੁੱਲ੍ਹ ਜਾਣ ਕੇ ਤਰ ਜਾਵੇ ਉਹ ਸੰਸਾਰ ਤੋਂ, ਕਹਿੰਦੇ ਉਹ ਸਾਧੂ ਹੁੰਦੇ ਨੇ। ਦੂਸਰਾ ਹੈ -

***ਜਿਨਾ ਸਾਸਿ ਗਿਰਾਸਿ ਨ ਵਿਸਰੈ ਹਰਿ ਨਾਮਾਂ ਮਨਿ ਮੰਤੁ॥***
***ਧੰਨੁ ਸਿ ਸੇਈ ਨਾਨਕਾ ਪੂਰਨੁ ਸੋਈ ਸੰਤੁ॥***
***ਅੰਗ - 319***

ਜਿਨ੍ਹਾਂ ਨੂੰ 24 ਘੰਟੇ ਹੀ ਪ੍ਰਮੇਸ਼ਰ ਖੁਲੀਆਂ ਅੱਖਾਂ ਨਾਲ ਤੇ ਬੰਦ ਅੱਖਾਂ ਨਾਲ ਦਿਸਦਾ ਰਹਿੰਦਾ ਹੈ, ਭੁਲਦਾ ਨਹੀਂ ਹੈ, ਭੁੱਲ ਵਿਚ ਨਹੀਂ ਆਉਂਦਾ। ਅਗਿਆਨ ਦਾ ਕੋਈ ਵੀ ਹਨ੍ਹੇਰਾ ਉਨ੍ਹਾਂ ਉਤੇ ਅਸਰ ਨਹੀਂ ਕਰ ਸਕਦਾ, ਉਹ ਸਦਾ ਗਿਆਨ ਦੀ ਬਿਰਤੀ ਵਿਚ ਰਹਿੰਦੇ ਨੇ ਤੇ ਪ੍ਰਮੇਸ਼ਰ ਨੂੰ ਇਨ੍ਹਾਂ ਖੁੱਲ੍ਹੇ ਨੈਣਾਂ ਦੇ ਨਾਲ ਦੇਖਦੇ ਨੇ। ਕੋਈ ਟਾਵਾਂ ਹੈ, ਸ਼ਾਇਦ ਕੋਈ ਲੱਭ ਜਾਵੇ ਮਿਹਨਤ ਕਰਦੇ ਕਰਦੇ ਕਿਉਂਕਿ ਮਹਾਰਾਜ ਕਹਿੰਦੇ ਸਾਧੂ ਦੀ ਸੰਗਤ ਭਾਗਾਂ ਤੋਂ ਬਿਨਾ ਨਹੀਂ ਮਿਲਦੀ, ਪਿਛਲੇ ਪੁੰਨ ਕਰਮ ਕੀਤੇ ਹੋਣ, ਪਿਛਲੇ ਜੁੱਗਾਂ ਦੀ ਕਮਾਈ ਹੋਵੇ ਉਸ ਦਾ ਫਲ ਉਸ ਨੂੰ ਮਿਲ ਜਾਵੇ ਤਾਂ ਸਾਧੂ ਦਾ ਦਰਸ਼ਨ ਹੋ ਜਾਦਾ ਹੈ, ਨਹੀਂ ਤਾਂ ਹੁੰਦਾ ਨਹੀਂ ਹੈ -

***ਪੂਰਬ ਕਰਮ ਅੰਕੁਰ ਜਬ ਪ੍ਰਗਟੇ***
***ਭੇਟਿਓ ਭੇਟਿਓ ਪੁਰਖੁ ਰਸਿਕ ਬੈਰਾਗੀ॥ ਅੰਗ - 204***

ਮਹਾਰਾਜ ਕਹਿੰਦੇ ਪਿਛਲੇ ਕੀਤੇ ਹੋਏ ਕਰਮਾਂ ਦੇ ਪੁੰਨ ਦਾ ਫਲ ਦੇਣ ਦਾ ਸਮਾਂ ਜੇ ਆ ਗਿਆ ਹੋਵੇ ਤਾਂ ਕੀ ਹੁੰਦਾ ਹੈ?

ਉਹ ਰਸੀਆ ਪੁਰਸ਼ ਮਿਲ ਜਾਂਦਾ ਹੈ ਜੋ ਨਾਮ ਦੇ ਨਾਲ ਭਰਿਆ ਹੁੰਦਾ ਹੈ, ਨਾਮ ਦੇ ਰਸ ਨਾਲ ਉਸ ਨੂੰ ਰੰਗ ਚੜ੍ਹਿਆ ਹੁੰਦਾ ਹੈ। ਗੱਲਾਂ-ਬਾਤਾਂ, ਨਿੰਦਿਆ-ਚੁਗਲੀ, ਗੱਪਾਂ ਮਾਰਨ ਵਾਲਾ ਨਹੀਂ ਮਿਲਦਾ, ਰਸੀਆ ਮਿਲਦਾ ਹੈ। ਉਸ ਦਾ ਇਹ ਹੁੰਦਾ ਹੈ ਕਿ ਰਸੀਏ ਦੀ ਸੰਗਤ ਵਿਚ ਜਾ ਕੇ ਰਸ ਪੈਦਾ ਹੋ ਜਾਂਦਾ ਹੈ, ਅੱਖ ਖੁੱਲ੍ਹ ਜਾਂਦੀ ਹੈ, ਪ੍ਰਮੇਸ਼ਰ ਵੱਲ ਬਿਰਤੀ ਲੱਗ ਜਾਂਦੀ ਹੈ, ਆਪਣੇ ਆਪ ਹੀ ਨਾਮ ਚੱਲ ਪੈਂਦਾ ਹੈ। ਬਗੈਰ ਕਿਸੇ ਯਤਨ ਤੋਂ ਅੰਦਰ ਨਾਮ ਜਿਵੇਂ ਉਭਲ ਚਲਦੀ ਹੈ ਇਸ ਤਰ੍ਹਾਂ ਚਲਣਾ ਸ਼ੁਰੂ ਹੋ ਜਾਂਦਾ ਹੈ। ਕਹਿੰਦੇ ਇਹ ਨਿਸ਼ਾਨੀ ਹੈ ਉਸ ਪੁਰਸ਼ ਦੀ, ਰਸੀਏ ਦੀ।

ਦੂਸਰਾ ਇਹ ਹੈ ਕਿ ਉਸ ਦਾ ਕਰਮ ਕੀ ਹੋਏਗਾ, ਉਸ ਦੇ ਮਿਲਣ ਦੇ ਨਾਲ ਫਰਕ ਕੀ ਪਏਗਾ? ਮਹਾਰਾਜ ਕਹਿੰਦੇ -

***ਮਿਟਿਓ ਅੰਧੇਰੁ ਮਿਲਤ ਹਰਿ ਨਾਨਕ***
***ਜਨਮ ਜਨਮ ਕੀ ਸੋਈ ਜਾਗੀ॥ ਅੰਗ - 204***

ਹਨ੍ਹੇਰਾ ਮਿਟ ਜਾਏਗਾ ਅੰਦਰਲਾ, ਅਗਿਆਨਤਾ ਦਾ ਨਾਸ਼ ਹੋ ਜਾਏਗਾ ਤੇ ਗਿਆਨ ਦੇ ਚਕਸ਼ੂ (ਨੇਤਰ) ਖੁੱਲ੍ਹ ਜਾਣਗੇ ਤੇ ਇਨ੍ਹਾਂ ਖੁਲ੍ਹੀਆਂ ਅੱਖਾਂ ਦੇ ਨਾਲ ਹੀ ਪ੍ਰਮੇਸ਼ਰ ਦੇ ਦਰਸ਼ਨ ਹੋਣੇ ਸ਼ੁਰੂ ਹੋ ਜਾਣਗੇ। ਇਹ ਗੱਲ ਬੜੀ ਅਜੀਬ ਹੈ ਕਿਉਂਕਿ ਵਾਹਿਗੁਰੂ ਰੂਪ ਰੰਗ, ਰੇਖ ਭੇਖ ਤੋਂ ਨਿਆਰਾ ਹੈ ਪਰ ਜਦੋਂ ਉਹ ਸਰਗੁਣ ਰੂਪ ਧਾਰਦਾ ਹੈ ਉਦੋਂ ਸਾਰੇ ਹੀ ਉਸ ਦੇ ਰੂਪ ਹੁੰਦੇ ਨੇ, ਸਾਰੇ ਹੀ ਉਸ ਦੇ ਬੋਲ ਹੁੰਦੇ ਨੇ। ਸੋ ਇਹ ਬਾਤ ਉਸ ਦੀ ਸੰਗਤ ਵਿਚੋਂ ਪ੍ਰਾਪਤ ਹੋ ਜਾਏਗੀ। ਹਨ੍ਹੇਰਾ ਮਿਟ ਜਾਏਗਾ ਅਗਿਆਨਤਾ ਦਾ, ਪੰਜ ਭਰਮਾਂ ਦਾ ਹਨ੍ਹੇਰਾ ਮਿਟ ਜਾਏਗਾ, ਤੇ ਜਨਮਾਂ-ਜਨਮਾਂਤਰਾਂ ਦੀ ਜਿਹੜੀ ਸੁਰਤ ਹੈ ਸੁੱਤੀ ਪਈ ਹਉਮੈ ਦੇ ਮੰਡਲ ਵਿਚ ਉਸ ਨੂੰ ਜਾਗ ਆ ਜਾਏਗੀ, ਜਾਗ ਆ ਕੇ ਉਹ ਆਤਮ ਮੰਡਲ ਦੇ ਵਿਚ ਉਨਮਨੀ ਅਵਸਥਾ ਵਿਚ ਪ੍ਰਵੇਸ਼ ਕਰ ਜਾਏਗੀ। ਉਹ ਜਾਗਿਆ ਹੋਇਆ ਪੁਰਸ਼ ਹੋਏਗਾ ਬਾਕੀ ਜਿੰਨਾ ਸੰਸਾਰ ਹੈ-

***ਤਿਹੀ ਗੁਣੀ ਸੰਸਾਰੁ ਭ੍ਰਮਿ ਸੁਤਾ ਸੁਤਿਆ ਰੈਣਿ ਵਿਹਾਣੀ॥***
***ਅੰਗ - 920***

ਸੁੱਤਾ ਪਿਆ ਹੈ ਸੰਸਾਰ -

***ਸੁਪਨੇ ਸੇਤੀ ਚਿਤੁ ਮੂਰਖਿ ਲਾਇਆ॥***
***ਬਿਸਰੇ ਰਾਜ ਰਸ ਭੋਗ ਜਾਗਤ ਭਖਲਾਇਆ॥***
***ਅੰਗ - 707***

ਸੁਪਨੇ ਦੇ ਅੰਦਰ ਬੇਅੰਤ ਚੀਜ਼ਾਂ ਹਾਸਲ ਕਰ ਰਿਹਾ ਹੈ। ਜਦੋਂ ਜਾਗ ਪੈਂਦਾ ਹੈ ਉਦੋਂ ਕੋਈ ਚੀਜ਼ ਵੀ ਨਹੀਂ ਹੁੰਦੀ-ਕੋਈ ਦੁਖ ਨਹੀਂ ਹੁੰਦਾ ਸੁਪਨੇ ਦਾ, ਕੋਈ ਸੁਖ ਨਹੀਂ ਹੁੰਦਾ। ਸੋ ਇਸ ਤਰ੍ਹਾਂ ਸੰਸਾਰ ਏਸ ਪਾਸਿਓ, ਰੂਹਾਨੀ ਜਾਗ ਵਲੋਂ ਸੁੱਤਾ ਪਿਆ ਹੈ। ਉਸ ਸਾਧੂ ਦੀ ਸੰਗਤ ਵਿਚ ਇਸ

ਨੂੰ ਜਾਗ ਆ ਜਾਏਗੀ। ਸੋ ਇਹ ਭਾਗਾਂ ਦੇ ਨਾਲ ਮਿਲਦੀ ਹੈ। ਮਹਾਰਾਜ ਕਹਿੰਦੇ –

*ਹਰਿ ਕੀਰਤਿ ਸਾਧਸੰਗਤਿ ਹੈ ਸਿਰਿ ਕਰਮਨ ਕੈ ਕਰਮਾ॥*
*ਅੰਗ - 642*

ਸਾਰਿਆਂ ਤੋਂ ਸ਼੍ਰੋਮਣੀ ਕਰਮ ਜੋ ਹੈ ਕਲਜੁਗ ਦੇ ਅੰਦਰ, ਸ਼੍ਰੋਮਣੀ ਭਗਤੀ ਜੋ ਹੈ ਉਹ –

*ਕਲਜੁਗ ਮਹਿ ਕੀਰਤਨੁ ਪਰਧਾਨਾ॥*
*ਗੁਰਮੁਖਿ ਜਪੀਐ ਲਾਇ ਧਿਆਨਾ॥ ਅੰਗ - 1075*

*ਆਪਿ ਤਰੈ ਸਗਲੇ ਕੁਲ ਤਾਰੇ*
*ਹਰਿ ਦਰਗਹ ਪਤਿ ਸਿਉ ਜਾਇਦਾ॥ ਅੰਗ - 1076*

ਸੋ ਐਸੀ ਜੇ ਅਵਸਥਾ ਆ ਜਾਵੇ ਹਰੀ ਦਾ ਜਸ ਕਰਨ ਦੀ ਤਾਂ ਆਪ ਵੀ ਤਰ ਜਾਂਦਾ ਹੈ ਤੇ ਦਰਗਾਹ ਦੇ ਵਿਚ ਪੱਤ (ਇਜ਼ਤ) ਨਾਲ ਜਾਂਦਾ ਹੈ ਕਿਉਂਕਿ ਸ਼੍ਰੋਮਣੀ ਭਗਤੀ ਇਸ ਨੂੰ ਪ੍ਰਾਪਤ ਹੋਈ ਹੁੰਦੀ ਹੈ। ਕੀਰਤਨ ਭਗਤੀ ਦੇ ਵਿਚੋਂ ਹੀ ਪ੍ਰੇਮਾ-ਭਗਤੀ ਪੈਦਾ ਹੁੰਦੀ ਹੈ। ਨੌਂ ਭਗਤੀਆਂ ਨੇ, ਕੀਰਤਨ ਦੀ ਪ੍ਰਧਾਨਤਾ ਹੈ ਕਲਜੁਗ ਦੇ ਅੰਦਰ। ਸੋ ਮਹਾਰਾਜ ਕਹਿੰਦੇ ਇਹ ਦੋ ਚੀਜ਼ਾਂ –

*ਹਰਿ ਕੀਰਤਿ ਸਾਧਸੰਗਤਿ ਹੈ ਸਿਰਿ ਕਰਮਨ ਕੈ ਕਰਮਾ॥*
*ਅੰਗ - 642*

ਮਿਲਦੀ ਉਸ ਨੂੰ ਹੈ ਜਿਸ ਨੂੰ ਪ੍ਰਮੇਸ਼ਰ ਦੀ ਮਿਹਰ ਹੋਵੇ ਪਰ ਪਿਛਲੇ ਕਰਮ ਕੀਤੇ ਹੋਣ ਸ਼ੁਭ। ਸੋ ਅੰਮ੍ਰਿਤ ਵੇਲੇ ਜਾਗ ਕੇ ਹਰੀ ਦੇ ਜਸ ਵਿਚ ਆ ਜਾਣਾ ਜਿਥੇ ਕੋਈ ਗਰਜ ਨਹੀਂ, ਕੋਈ ਦਿਖਾਵਾ ਨਹੀਂ ਹੈ। ਇਕੱਠੇ ਹੁੰਦੇ ਨੇ ਆ ਕੇ ਪ੍ਰਭੂ ਦਾ ਜਸ ਕਰਦੇ ਨੇ ਤੇ ਫੇਰ ਚਲੇ ਜਾਂਦੇ ਨੇ। ਇਹ ਪਿਛਲੇ ਜੁਗਾਂ ਦੇ ਵਿਚ ਕੀਤੇ ਹੋਏ ਪੂਰਬਲੇ ਕਰਮਾਂ ਦਾ ਫਲ ਪ੍ਰਾਪਤ ਹੋ ਰਿਹਾ ਹੈ ਜੋ ਆਪ ਅੰਮ੍ਰਿਤ ਵੇਲੇ ਤੋਂ ਸੰਗਤ ਵਿਚ ਬੈਠੇ ਹੋ, ਐਵੇਂ ਨਹੀਂ ਹੈ ਇਹ ਕੋਈ ਕਿ ਆਪੇ ਹੀ ਸਤਿਸੰਗ ਮਿਲ ਗਿਆ, ਸਾਰਾ ਹੀ ਸੰਸਾਰ ਹੈ ਕਿੰਨੇ ਕੁ ਨੇ ਜਿਹੜੇ ਅੰਮ੍ਰਿਤ ਵੇਲੇ ਜਾਗਦੇ ਨੇ –

*ਬੁਰੇ ਕਾਮ ਕਉ ਊਠਿ ਖਲੋਇਆ॥*
*ਨਾਮ ਕੀ ਬੇਲਾ ਪੈ ਪੈ ਸੋਇਆ॥ ਅੰਗ - 738*

ਨਾਮ ਦੇ ਵੇਲੇ ਪੈ ਪੈ ਕੇ ਸੌਂਦਾ ਹੈ ਉਠਦਾ ਨਹੀਂ ਹੈ। ਸੋ ਇਸ ਤਰ੍ਹਾਂ ਦੇ ਨਾਲ ਜੋ ਗੁਰੂ ਮਹਾਰਾਜ ਜੀ ਫੁਰਮਾਨ ਕਰਦੇ ਨੇ। ਉਹ ਰਸਨਾ ਦੇ ਨਾਲ ਗੁਣ ਗੋਬਿੰਦ ਦੇ ਗਾਉਣ ਦਾ ਫਲ ਦਸ ਰਹੇ ਨੇ। ਜੋ ਬੇਅੰਤ ਗੁਣਾਂ ਦਾ ਖਜਾਨਾਂ ਵਾਹਿਗੁਰੂ ਹੈ ਉਸ ਦੇ ਗੁਣਾਂ ਨੂੰ ਜੋ ਰਸਨਾ ਦੇ ਨਾਲ ਗਾਉਂਦੇ ਨੇ।

ਰਸਨਾ, ਚਾਰ ਉਂਗਲ ਦਾ ਮਾਸ ਦਾ ਟੁਕੜਾ ਹੈ। ਇਹ ਕੁੰਭੀ ਨਰਕ ਵਿਚ ਵੀ ਲਿਜਾ ਸਕਦਾ ਹੈ, ਇਹ ਵਾਹਿਗੁਰੂ ਨਾਲ ਮਿਲਾ ਵੀ ਸਕਦਾ ਹੈ, ਸਾਰੀ ਦੁਨੀਆਂ ਦੇ ਸੁਖ ਵੀ ਇਹ ਦੇ ਸਕਦਾ ਹੈ। ਇਹ 4 ਉਂਗਲ ਦੀ ਜੁਬਾਨ ਵਾਹਿਗੁਰੂ ਨੇ ਅੰਦਰ ਲਾਈ ਹੈ। ਇਸ ਰਸਨਾ ਇੰਦ੍ਰੇ ਦੀ ਜੇ ਸਹੀ ਵਰਤੋਂ ਕੀਤੀ ਜਾਵੇ ਤਾਂ ਇਹ ਪ੍ਰਮੇਸ਼ਰ ਬਣਾ ਦਿੰਦੀ ਹੈ ਮਨੁੱਖ ਨੂੰ। ਮਨੁੱਖ ਤੋਂ ਚੁੱਕ ਕੇ ਰੱਬ ਬਣਾ ਦਿੰਦੀ ਹੈ। ਜੇ ਇਸ ਦੀ ਦੁਰ-ਵਰਤੋਂ ਕੀਤੀ ਜਾਵੇ ਤਾਂ ਇਹ ਕੁੰਭੀ ਨਰਕ ਦੇ ਵਿਚ ਪਹੁੰਚਾ ਦਿੰਦੀ ਹੈ।

ਸੋ ਹੁਣ ਵਰਤੋਂ ਕਿਵੇਂ ਹੋਵੇ, ਦੁਰਵਰਤੋਂ ਕਿਵੇਂ ਰੁਕੇ? ਇਸ ਲਈ ਬੁੱਧੀ ਦਿੱਤੀ ਹੈ ਪ੍ਰਮੇਸ਼ਰ ਨੇ ਉਸ ਦੇ ਨਾਲ ਇਹ ਨਿਰਣਾ ਲੈ ਸਕਦੀ ਹੈ। ਚਾਰ ਉਂਗਲ ਜੁਬਾਨ ਹਿਲਦੀ ਹੈ ਨਿੰਦਿਆ ਕਰਦੀ ਹੈ ਤੇ ਕੁੰਭੀ ਨਰਕ ਦਾ ਵਾਸਾ ਹੋ ਜਾਂਦਾ ਹੈ ਤੇ ਮਹਾਰਾਜ ਕਹਿੰਦੇ ਉਹ ਮਹਾਂਮੂਰਖ ਬੰਦਾ ਹੈ –

*ਨਿੰਦਾ ਭਲੀ ਕਿਸੈ ਕੀ ਨਾਹੀ ਮਨਮੁਖ ਮੁਗਧ ਕਰੰਨਿ॥*
*ਅੰਗ - 755*

ਮਨਮੁਖ ਵੀ ਜਿਹੜਾ ਅਤਿ ਦਾ, ਹੱਦ ਦਰਜੇ ਦਾ ਮਨਮੁਖ ਅਤੇ ਮੂਰਖ ਹੈ ਉਹ ਕਰਦਾ ਹੈ।

*ਮੁਹ ਕਾਲੇ ਤਿਨ ਨਿੰਦਕਾ ਨਰਕੇ ਘੋਰਿ ਪਵੰਨਿ॥*
*ਅੰਗ - 755*

ਘੋਰ ਨਰਕ ਦੇ ਵਿਚ ਪਹੁੰਚਣਾ ਪੈਂਦਾ ਹੈ ਉਸ ਨੂੰ 4 ਉਂਗਲ ਦੀ ਜੁਬਾਨ ਦੀ ਦੁਰ ਵਰਤੋਂ ਕਰਨ ਨਾਲ। ਭਜਨ ਪਾਠ ਕਰੀ ਜਾਂਦਾ ਹੈ ਲੇਕਿਨ ਫਿੱਕਾ ਬੋਲਦਾ ਹੈ, ਦੁਰ ਵਰਤੋਂ ਕਰ ਲਈ ਮਹਾਰਾਜ ਕਹਿੰਦੇ –

*ਫਿਕਾ ਦਰਗਹ ਸਟੀਐ ਮੁਹਿ ਥੁਕਾ ਫਿਕੇ ਪਾਇ॥*
*ਫਿਕਾ ਮੂਰਖੁ ਆਖੀਐ ਪਾਣਾ ਲਹੈ ਸਜਾਇ॥*
*ਅੰਗ - 473*

ਨਿਕੀ ਜਿਹੀ ਗੱਲ ਹੈ ਕਿਉਂਕਿ ਸ਼ੁਭ ਵਰਤੋਂ ਨਹੀਂ ਹੋ ਰਹੀ। ਇਸ ਦੀ ਥਾਂ ਤੇ ਜੇ ਪ੍ਰਮੇਸ਼ਰ ਦਾ ਨਾਮ ਰਸਨਾ ਬੋਲਦੀ ਹੈ, ਕਹਿੰਦੇ –

*ਕਬੀਰ ਸੁੋਈ ਮੁਖੁ ਧੰਨਿ ਹੈ ਜਾ ਮੁਖਿ ਕਹੀਐ ਰਾਮੁ॥*
*ਅੰਗ - 1370*

ਜੇ ਰਸਨਾ ਤੋਂ ਰਾਮ ਕਹਿ ਹੋ ਗਿਆ ਤਾਂ ਕਹਿੰਦੇ ਉਹ ਧੰਨ ਹੈ ਵਾਹਿਗੁਰੂ ਨਿਕਲਿਆ ਹੈ ਉਸ ਦੇ ਮੂੰਹ 'ਚੋਂ। ਕਹਿੰਦੇ ਇਸ ਦਾ ਅਸਰ ਕਿੰਨਾ ਹੋਏਗਾ –

*ਦੇਹੀ ਕਿਸ ਕੀ ਬਾਪੁਰੀ ਪਵਿਤ੍ਰੁ ਹੋਇਗੋ ਗ੍ਰਾਮੁ॥*
*ਅੰਗ - 1370*

ਦੇਹੀ ਨੇ ਤਾਂ ਪਵਿੱਤਰ ਹੋਣਾ ਹੀ ਹੈ –

ਨਗਰ ਵੀ ਪਵਿੱਤਰ ਹੋ ਜਾਏਗਾ ਸਾਰਾ। ਸੋ ਇਸ ਰਸਨਾ ਦੀ ਵਰਤੋਂ ਲਈ ਮਹਾਰਾਜ ਏਸ ਸ਼ਬਦ ਵਿਚ ਦਸਦੇ ਨੇ ਕਿ ਜੇ ਇਹ ਰਸਨਾ ਫਿਕਾ ਬੋਲਦੀ ਹੈ, ਝੂਠ ਬੋਲਦੀ ਹੈ, ਕਪਟ ਦੀਆਂ ਗੱਲਾਂ ਕਰਦੀ ਹੈ, ਛਲ ਦੀਆਂ ਗੱਲਾਂ ਕਰਦੀ ਹੈ, ਨਿੰਦਿਆ ਕਰਦੀ ਹੈ, ਚੁਗਲੀਆਂ ਕਰਦੀ ਹੈ

ਤਾਂ ਬੇਹਤਰ ਇਹ ਹੈ ਕਿ ਇਸ ਰਸਨਾ ਨੂੰ ਕੱਟ ਕੇ ਇਸ ਦੇ ਸੈਂਕੜੇ ਟੁਕੜੇ ਕਰ ਦਿਓ –

*ਰੇ ਜਿਹਬਾ ਕਰਉ ਸਤ ਖੰਡ॥ ਅੰਗ - 1163*

ਸ਼ਤ ਸੌ ਨੂੰ ਕਹਿੰਦੇ ਨੇ –

*ਜਾਮਿ ਨ ਉਚਰਸਿ ਸ੍ਰੀ ਗੋਬਿੰਦ॥ ਅੰਗ - 1163*

ਤੇਰੇ ਮੂੰਹ ਵਿਚੋਂ ਕਦੇ ਗੋਬਿੰਦ ਦਾ ਨਾਮ ਹੀ ਨਹੀਂ ਨਿਕਲਿਆ, ਕਦੇ ਤੂੰ ਉਚਾਰਨ ਹੀ ਨਹੀਂ ਕੀਤਾ ਤੇ ਤੇਰੇ ਸੌ ਟੁਕੜੇ ਕਰ ਦੇਣੇ ਚਾਹੀਦੇ ਨੇ –

*ਰਸਨਾ ਜਪੈ ਨ ਨਾਮੁ ਤਿਲੁ ਤਿਲੁ ਕਰਿ ਕਟੀਐ॥*
*ਅੰਗ - 1362*

ਐਡਾ ਸਖਤ ਹੁਕਮ ਮਹਾਰਾਜ ਜੀ ਨੇ ਏਸ ਕਰਕੇ ਹੀ ਦਿੱਤਾ ਹੈ ਕਿ ਇਸ ਦੀ ਸਹੀ ਵਰਤੋਂ ਤੁਸੀਂ ਐਸੇ ਜੁਗ ਦੇ ਅੰਦਰ ਜੇ ਇਕ ਵਾਰੀ ਵੀ ਕਹਿ ਦਿਓਗੇ ਤਾਂ ਵੀ ਤੁਹਾਡਾ ਉਧਾਰ ਹੋ ਜਾਵੇਗਾ –

*ਅਜਾਮਲ ਪ੍ਰੀਤਿ ਪੁਤ੍ਰ ਪ੍ਰਤਿ ਕੀਨੀ ਕਰਿ ਨਾਰਾਇਣ ਬੋਲਾਰੇ॥*
*ਅੰਗ - 981*

ਹਾਕ ਮਾਰ ਦਿੱਤੀ ਰਸਨਾ ਨਾਲ, ਰਸਨਾ ਦੀ ਵਰਤੋਂ ਕਰ ਲਈ ਪੁੱਤਰ ਨੂੰ ਨਾਰਾਇਣ ਕਹਿ ਕੇ ਆਵਾਜ ਮਾਰੀ। ਰਸਨਾ ਤੋਂ ਬਿਨਾ ਤਾਂ ਆਵਾਜ਼ ਜਾਂਦੀ ਹੀ ਨਹੀਂ ਹੈ। ਕਹਿੰਦੇ–

*ਮੇਰੇ ਠਾਕੁਰ ਕੈ ਮਨਿ ਭਾਇ ਭਾਵਨੀ*
*ਜਮਕੰਕਰ ਮਾਰਿ ਬਿਦਾਰੇ॥ ਅੰਗ - 981*

ਰਸਨਾ ਤੋਂ ਉਚਾਰਿਆ ਹੋਇਆ ਨਾਮ, ਪ੍ਰਮੇਸ਼ਰ ਵੱਲ ਧਿਆਨ ਜਾਣ ਦੇ ਨਾਲ ਉਸ ਦੀ ਭਾਵਨੀ ਜੋ ਸੀ, ਉਸ ਦੀ ਲਾਚਾਰੀ ਸੀ ਉਸ ਵੇਲੇ ਉਹ ਮੇਰੇ ਠਾਕੁਰ ਦੇ ਮਨ ਵਿਚ ਭਾਅ ਗਈ। ਉਸ ਨੇ ਕੀ ਕਰਿਆ –

ਜਮਾਂ ਨੂੰ ਨਠਾ ਦਿੱਤਾ, ਦੇਵ ਗਣ ਉਸੇ ਵੇਲੇ ਆ ਕੇ ਬਵਾਨਾਂ ਵਿਚ ਬਿਠਾ ਕੇ ਉਸ ਮਹਾਪਾਪੀ ਨੂੰ ਬੈਕੁੰਠ ਧਾਮ ਨੂੰ ਲੈ ਗਏ ਕੇਵਲ ਰਸਨਾ ਦਾ ਸਹੀ ਪ੍ਰਯੋਗ ਕੀਤਾ ਉਸ ਨੇ ਮੌਕੇ ਤੇ। ਸੋ ਮਹਾਰਾਜ ਕਹਿੰਦੇ –

*ਰਸਨਾ ਗੁਣ ਗੋਪਾਲ ਨਿਧਿ ਗਾਇਣ॥ ਅੰਗ - 713*

ਜੇ ਗੁਣ ਗਾਉਂਦਾ ਹੈ ਰਸਨਾ ਦੇ ਨਾਲ, ਰਸਨਾ ਦੇ ਨਾਲ ਫੇਰ ਮਨ ਦੀ ਇਕਾਗਰਤਾ ਜੁੜੀ ਹੋਈ ਹੈ ਤੇ ਚਿਤ ਦੀ ਭਾਵਨਾ ਜੁੜੀ ਹੋਈ ਹੈ ਤੇ ਫੇਰ ਪ੍ਰਤੀਤ (ਭਰੋਸਾ) ਜੁੜੀ ਹੋਈ ਹੈ, ਇਹ ਸਾਰੀਆਂ ਚੀਜ਼ਾਂ ਇਕੱਠੀਆਂ ਹੁੰਦੀਆਂ ਹਨ। ਉਸ ਦੇ ਨਾਲ ਕੀ ਹੁੰਦਾ ਹੈ –

*ਸਾਂਤਿ ਸਹਜੁ ਰਹਸੁ ਮਨਿ ਉਪਜਿਓ ਸਗਲੇ ਦੂਖ ਪਲਾਇਣ॥*
*ਅੰਗ - 713*

ਖੇੜਾ ਪੈਦਾ ਹੋ ਜਾਏਗਾ, ਝੂਮੇਗਾ ਆਦਮੀ। ਮੁਰਝਾਇਆ ਹੋਇਆ ਨਹੀਂ ਰਹੇਗਾ, ਮੱਥੇ ਦੇ ਉਤੇ ਘੁੱਟੀਆਂ ਨਹੀਂ ਹੋਣਗੀਆਂ, ਹਉਕੇ ਨਹੀਂ ਲਏਗਾ, ਉਸ ਦੇ ਨੇਤਰਾਂ ਵਿਚ ਚਮਕ ਹੋਏਗੀ, ਉਸ ਦੀ ਚਾਲ ਵੀ ਮਸਤਾਨੀ ਹੋਏਗੀ, ਬੋਲ ਚਾਲ ਵੀ ਮਿੱਠੀ ਹੋਏਗੀ, ਕਹਿੰਦੇ ਉਸ ਦੇ ਨਾਲ ਪਰਮ ਸ਼ਾਤੀ ਪ੍ਰਾਪਤ ਹੋ ਜਾਏਗੀ, ਸਹਿਜ ਦਾ ਜੀਵਨ ਪ੍ਰਾਪਤ ਹੋ ਜਾਂਦਾ ਹੈ ਤੇ ਖੇੜੇ ਦੀ ਪ੍ਰਾਪਤੀ ਹੋ ਜਾਂਦੀ ਹੈ। ਜਿੰਨੇ ਵੀ ਦੁਖ ਨੇ ਚਾਹੇ ਉਹ ਆਰਥਿਕ ਨੇ। ਤਿੰਨ ਵੱਡੇ ਦੁਖ ਨੇ ਜਿਨ੍ਹਾਂ ਨੂੰ ਆਧ, ਬਿਆਧ, ਉਪਾਧ ਕਹਿੰਦੇ ਨੇ, ਇਹ ਤਿੰਨ ਤਾਪ ਨੇ। ਇਨ੍ਹਾਂ ਤਿੰਨੇ ਤਾਪਾਂ ਤੋਂ ਤੇ ਸਾਰੇ ਦੁਖਾਂ ਤੋਂ ਛੁਟਕਾਰਾ ਹੋ ਜਾਏਗਾ। ਐਡਾ ਫਲ ਗੁਰੂ ਮਹਾਰਾਜ ਜੀ ਨੇ ਰਸਨਾ ਦੇ ਨਾਲ ਗੁਣ ਗਾਉਣ ਦਾ ਦੱਸਿਆ ਹੈ ਤੇ ਫੇਰ ਮਹਾਰਾਜ ਕਹਿੰਦੇ –

*ਜੋ ਮਾਗਹਿ ਸੋਈ ਸੋਈ ਪਾਵਹਿ ਸੇਵਿ ਹਰਿ ਕੇ ਚਰਣ ਰਸਾਇਣ॥*
*ਅੰਗ - 714*

ਸਾਨੂੰ ਲੋੜਾਂ ਨੇ ਹਰ ਵਕਤ ਮਹਾਰਾਜ ਨੇ ਸਾਨੂੰ ਲੋੜਾਂ ਤੋਂ ਵਾਝਾ ਨਹੀਂ ਰਖਿਆ। ਕਹਿੰਦੇ ਠੀਕ ਹੈ ਇਕ ਤਾਂ ਤੁਹਾਡੇ ਮੱਥੇ ਵਿਚ ਲਿਖ ਦਿੱਤਾ ਪ੍ਰਮੇਸ਼ਰ ਨੇ –

*ਜੈਸੀ ਕਲਮ ਵੁੜੀ ਹੈ ਮਸਤਕਿ ਤੈਸੀ ਜੀਅੜੇ ਪਾਸਿ॥*
*ਅੰਗ - 74*

ਉਹ ਤਾਂ ਲਿਖ ਦਿੱਤਾ ਹੈ ਉਹ ਤਾਂ ਤੁਹਾਨੂੰ ਮਿਲਣਾ ਹੀ ਮਿਲਣਾ ਹੈ, ਪ੍ਰਾਲਬਧ ਘਟ ਵੀ ਸਕਦੀ ਹੈ ਵਧ ਵੀ ਸਕਦੀ ਹੈ। ਤੁਹਾਡੇ ਕਰਮਾਂ ਦੇ ਹਿਸਾਬ ਨਾਲ ਮੋਹਰਾਂ ਤੋਂ ਕੋਲੇ ਵੀ ਬਣ ਸਕਦੇ ਨੇ, ਸੂਲੀ ਤੋਂ ਸੂਲ ਵੀ ਬਣ ਸਕਦੀ ਹੈ। ਸੋ ਮਹਾਰਾਜ ਕਹਿੰਦੇ ਜੇ ਤੁਹਾਨੂੰ ਪ੍ਰਾਲਬਧ ਤੋਂ ਵੱਧ ਵੀ ਲੋੜਾਂ ਨੇ, ਐਸੀ ਬਾਤ ਨਹੀਂ ਹੈ ਕਿ ਜਿੰਨਾ ਸਾਡੇ ਭਾਗਾਂ ਵਿਚ ਲਿਖਿਆ ਹੈ ਓਨਾ ਹੀ ਲੱਭਣਾ ਹੈ, ਇਸ ਦੇ ਵਿਚ ਮਹਾਰਾਜ ਨੇ ਛੋਟ ਕਰ ਦਿੱਤੀ, ਕਰਮ ਰੱਦ ਕਰਨ ਦਾ ਅਧਿਕਾਰ) ਦੇ ਦਿੱਤਾ ਕਿ ਐਸਾ ਨਹੀਂ ਜਿਹੜਾ ਪ੍ਰਮੇਸ਼ਰ ਦਾ ਪਿਆਰਾ ਹੈ, ਗੁਣ ਗਾਉਂਦਾ ਹੈ ਕਹਿੰਦੇ ਉਹ ਜਿਹੜਾ ਕੁਝ ਮੰਗਦਾ ਹੈ ਉਹ ਉਸ ਨੂੰ ਮਿਲ ਜਾਂਦਾ ਹੈ –

ਪੁੱਤਰ ਮੰਗਦਾ ਹੈ, ਪੁੱਤਰ ਮਿਲਦਾ ਹੈ, ਸਿਹਤ ਮੰਗਾ ਹੈ ਸਿਹਤ ਮਿਲਦੀ ਹੈ, ਇਜ਼ਤ ਮੰਗਦਾ ਹੈ ਇਜ਼ਤ ਮਿਲਦੀ ਹੈ, ਮਕਾਨ ਜਾਇਦਾਦ ਮੰਗਦਾ ਹੈ ਜਾਇਦਾਦ ਮਿਲਦੀ ਹੈ ਕਿਉਂਕਿ ਉਹ –

*ਜੋ ਮਾਗਹਿ ਸੋਈ ਸੋਈ ਪਾਵਹਿ*
*ਸੇਵਿ ਹਰਿ ਕੇ ਚਰਣ ਰਸਾਇਣ॥ ਅੰਗ - 714*

ਵਾਹਿਗੁਰੂ ਦੇ ਚਰਨਾਂ ਦੀ ਸੇਵਾ ਨਾਮ ਦਾ ਜਪਣਾ ਹੋਇਆ ਕਰਦਾ ਹੈ। ਉਹ ਰਸਾਇਣ ਨੇ ਉਥੋਂ ਹਰ ਚੀਜ਼ਾਂ ਪ੍ਰਾਪਤ ਹੁੰਦੀਆਂ ਨੇ। ਕਾਮਧੇਨ, ਪਾਰਜਾਤ ਇਹ ਪ੍ਰਮੇਸ਼ਰ ਦੇ ਨਾਮ ਵਿਚ ਸ਼ਕਤੀਆਂ ਨੇ ਦੋ। ਜਦੋਂ ਨਾਮ ਜਪਦਾ ਜਪਦਾ ਹਿਰਦੇ ਵਿਚ ਵਸਾ ਲੈਂਦਾ ਹੈ। ਇਕ ਵਾਰ ਵੱਸਣ ਦੀ ਲੋੜ ਹੈ ਹਿਰਦੇ ਵਿਚ ਉਸ ਵੇਲੇ ਹੁੰਦਾ ਕੀ ਹੈ। ਇਕ ਐਸਾ ਕ੍ਰਿਸ਼ਮਾ ਵਰਤਦਾ ਹੈ ਕਿ –

*ਨਵ ਨਿਧੀ ਅਠਾਰਹ ਸਿਧੀ ਪਿਛੈ ਲਗੀਆ ਫਿਰਹਿ*
*ਜੋ ਹਰਿ ਹਿਰਦੈ ਸਦਾ ਵਸਾਇ॥ ਅੰਗ - 649*

ਇਨ੍ਹਾਂ ਸ਼ਕਤੀਆਂ ਵਾਸਤੇ ਬੜੇ ਬੜੇ ਚਿਲ੍ਹੇ ਕੱਟਣੇ ਪੈਂਦੇ ਨੇ, ਇਕ ਇਕ ਸ਼ਕਤੀ ਵਾਸਤੇ। ਉਹ ਵੀ ਸੀਮਾ ਵਿਚ ਮਿਲਦੀ ਹੈ ਥੋੜੀ ਜਿਹੀ ਇਹ ਨਹੀਂ ਕਿ ਅਟੁੱਟ ਮਿਲ ਜਾਵੇ। ਜਦੋਂ ਇਹ ਨਾਮ ਵਾਲੀ ਸ਼ਕਤੀ ਹੁੰਦੀ ਹੈ ਇਹ ਮੁੱਕਦੀ ਨਹੀਂ –

*ਖਾਵਹਿ ਖਰਚਹਿ ਰਲਿ ਮਿਲਿ ਭਾਈ॥*
*ਤੋਟਿ ਨ ਆਵੈ ਵਧਦੋ ਜਾਈ॥ ਅੰਗ - 186*

ਵਧਦਾ ਹੀ ਜਾਂਦਾ ਹੈ ਇਹ ਖਜਾਨਾ। ਸਹਿਜ ਸੁਭਾਅ ਨਾਮ ਦੀ ਐਨੀ ਵੱਡੀ ਮਹੱਤਤਾ ਮਹਾਰਾਜ ਨੇ ਦੱਸੀ ਹੈ ਕਿ ਉਹ ਸਾਰੀਆਂ ਚੀਜ਼ਾਂ ਮਿਲ ਜਾਇਆ ਕਰਦੀਆਂ ਨੇ।

*ਜਨਮ ਮਰਣ ਦੁਹਹੂ ਤੇ ਛੂਟਹਿ ਭਵਜਲੁ ਜਗਤੁ ਤਰਾਇਣ॥*
*ਅੰਗ - 714*

ਫੇਰ ਜੰਮਣ ਤੇ ਮਰਨ ਤੋਂ ਛੁਟ ਜਾਂਦਾ ਹੈ ਕਿਉਂਕਿ ਇਸ ਨਾਮ ਦੇ ਨਾਲ ਹਉਮੈ ਦਾ ਨਾਸ਼ ਹੋ ਜਾਂਦਾ ਹੈ ਪੂਰੀ ਤਰ੍ਹਾਂ ਨਾਲ। ਹਉਮੈ ਕਰਕੇ ਹੀ ਬੰਦਾ ਜੰਮਦਾ ਮਰਦਾ ਰਹਿੰਦਾ ਹੈ। ਜਦੋਂ ਨਾਮ ਹਿਰਦੇ ਵਿਚ ਵਸ ਗਿਆ ਉਦੋਂ –

*ਹਉਮੈ ਨਾਵੈ ਨਾਲਿ ਵਿਰੋਧੁ ਹੈ*
*ਦੁਇ ਨ ਵਸਹਿ ਇਕ ਠਾਇ॥ ਅੰਗ - 560*

ਦੋਏ ਹੀ ਨਹੀਂ ਇਕੱਠੇ ਵਸਦੇ। ਸੋ ਮਹਾਰਾਜ ਕਹਿੰਦੇ ਇਹ ਜੰਮਣ ਤੇ ਮਰਨ ਤੋਂ ਛੁਟ ਜਾਂਦਾ ਹੈ ਤੇ ਜੋ ਜਗਤ ਹੈ ਭਵਜਲ ਜਿਸ ਨੂੰ ਕਹਿੰਦੇ ਨੇ –

*ਪਾਵਕ ਸਾਗਰ ਅਥਾਹ ਲਹਰਿ ਮਹਿ ਤਾਰਹੁ ਤਾਰਨਹਾਰੇ॥*
*ਅੰਗ - 613*

ਉਸ ਦੇ ਵਿਚੋਂ ਤਰ ਜਾਂਦਾ ਹੈ ਤੇ ਉਹ ਆਪ ਹੀ ਨਹੀਂ ਤਰਦਾ ਜਗਤ ਨੂੰ ਤਾਰਨ ਦੀ ਵੀ ਸ਼ਕਤੀ ਉਸ ਦੇ ਵਿਚ ਆ ਜਾਇਆ ਕਰਦੀ ਹੈ। ਜਿਹੜਾ ਉਸ ਦੇ ਨੇੜੇ ਆਉਂਦਾ ਹੈ ਉਸ ਨੂੰ ਵੀ ਉਹ ਤਾਰ ਦਿੰਦਾ ਹੈ। ਸੋ ਮਹਾਰਾਜ ਕਹਿੰਦੇ ਹੋਰ ਕੀ ਕਹਿਣਾ ਹੈ ਜੇ ਤੁਸੀਂ ਬਹੁਤ ਵੱਡੀ ਚੀਜ਼ ਚਾਹੁੰਦੇ ਹੋ –

*ਖੋਜਤ ਖੋਜਤ ਤਤੁ ਬਿਚਾਰਿਓ ਦਾਸ ਗੋਵਿੰਦ ਪਰਾਇਣ॥*
*ਅੰਗ - 714*

research ਕਰ ਕਰ ਕੇ ਅਸੀਂ ਤੱਤ ਦੀ ਬਾਤ ਤੁਹਾਨੂੰ ਦੱਸ ਦਿੰਦੇ ਹਾਂ ਕਿਉਂਕਿ ਤੁਸੀਂ ਬਹੁਤ ਸਾਰੀਆਂ ਕਿਤਾਬਾਂ ਪੜ੍ਹੋਗੇ, ਬਹੁਤ ਸਾਰੇ ਮਹਾਂਪੁਰਸ਼ਾਂ ਦੇ ਬਚਨ ਸੁਣੋਂਗੇ। ਅਸੀਂ ਤੁਹਾਨੂੰ to the point ਅਖੀਰ ਆਖਰੀ ਬਾਤ ਦੱਸ ਦਿੰਦੇ ਹਾਂ। ਜਿਹੜਾ ਵਾਹਿਗੁਰੂ ਦੇ ਉਤੇ ਆਪਣੇ ਆਪ ਨੂੰ ਛੱਡ ਦੇਵੇ, ਉਸ ਦੀ ਰਜਾ 'ਚ ਰਾਜੀ ਹੋ ਜਾਵੇ ਤੇ ਉਸ ਦੇ ਪਰਾਇਣ ਹੋ ਜਾਵੇ।

*ਆਪੁ ਛਡਿ ਸਦਾ ਰਹੈ ਪਰਣੈ*
*ਗੁਰ ਬਿਨੁ ਅਵਰੁ ਨ ਜਾਣੈ ਕੋਏ॥ ਅੰਗ - 920*

ਜਦੋਂ ਪਰਣੇ ਹੁੰਦਾ ਹੈ ਫੇਰ ਸਿੱਖ ਦਾ ਮਨ ਨਹੀਂ ਡੋਲਿਆ ਕਰਦਾ, ਨਹੀਂ ਤਾਂ ਡੋਲਦਾ ਹੈ ਕਿ ਮੇਰਾ ਬੱਚਾ ਕਿਤੇ ਬਿਮਾਰ ਨਾ ਹੋ ਜਾਵੇ ਮੈਂ ਉਥੇ ਲਟ (ਵਾਲ, ਕੇਸ) ਕਟਾ ਆਵਾਂ, ਫਲਾਣੇ ਥਾਂ ਮੱਥਾ ਟੇਕ ਆਵਾਂ, ਉਥੇ ਵੀ ਜਾ ਕੇ ਸ਼ੀਰਨੀ ਵੰਡ ਆਵਾਂ ਕਿਉਂਕਿ ਪਰਾਇਣ ਨਹੀਂ ਹੋਇਆ। ਜਿਹੜਾ ਗੁਰੂ ਤੇ ਪਰਾਇਣ ਹੋ ਜਾਂਦਾ ਹੈ ਗੁਰੂ ਦੀ ਰਜ਼ਾ 'ਚ ਆ ਜਾਂਦਾ ਹੈ ਕਿਉਂਕਿ –

*ਸਭ ਤੇ ਵਡਾ ਸਤਿਗੁਰੁ ਨਾਨਕੁ ਜਿਨਿ ਕਲ ਰਾਖੀ ਮੇਰੀ॥*
*ਅੰਗ - 750*

ਉਨ੍ਹਾਂ ਤੋਂ ਵੱਡਾ ਤਾਂ ਕੋਈ ਹੈ ਨਹੀਂ ਸੋ ਮਹਾਰਾਜ ਕਹਿੰਦੇ –

*ਅਬਿਨਾਸੀ ਖੇਮ ਚਾਹਹਿ ਜੇ ਨਾਨਕ*
*ਸਦਾ ਸਿਮਰਿ ਨਾਰਾਇਣ॥ ਅੰਗ - 714*

ਅਬਿਨਾਸੀ ਕਹਿੰਦੇ ਨੇ ਨਾਸ਼ ਤੋਂ ਰਹਿਤ, ਖੁਸ਼ੀ ਜੇ ਤੂੰ ਚਾਹੁੰਦਾ ਹੈ, ਸੁਖ ਚਾਹੁੰਦਾ ਤਾਂ ਫੇਰ ਤੂੰ ਵਾਹਿਗੁਰੂ ਨੂੰ ਯਾਦ ਵਿਚ ਵਸਾ ਲੈ। ਜੇ ਯਾਦ ਵਿਚ ਵਸ ਗਿਆ ਉਸ ਵੇਲੇ ਤੈਨੂੰ ਸਦਾ ਦਾ ਸੁਖ, ਜਿਸ ਨੂੰ ਪਰਮ ਆਨੰਦ ਆਖਦੇ ਨੇ, ਜੀਵਨ ਮੁਕਤੀ ਦੀ ਅਵਸਥਾ ਆਖਦੇ ਨੇ ਜਿਸ ਦੇ ਵਿਚ ਦੁਅੰਧ ਦਾ ਅਸਰ ਹੀ ਨਹੀਂ ਹੁੰਦਾ –

*ਪ੍ਰਭ ਕੀ ਆਗਿਆ ਆਤਮ ਹਿਤਾਵੈ॥*
*ਜੀਵਨ ਮੁਕਤਿ ਸੋਊ ਕਹਾਵੈ॥*
*ਤੈਸਾ ਹਰਖੁ ਤੈਸਾ ਉਸੁ ਸੋਗੁ॥*
*ਸਦਾ ਅਨੰਦੁ ਤਹ ਨਹੀ ਬਿਓਗੁ॥ ਅੰਗ - 275*

ਜੀਵਨ ਮੁਕਤ ਦੀ ਅਵਸਥਾ ਇਹ ਹੁੰਦੀ ਹੈ, ਨਾ ਉਸ ਨੂੰ ਖੁਸ਼ੀ ਦਾ ਕੋਈ ਬਹੁਤਾ ਫਰਕ ਪੈਂਦਾ ਹੈ ਨਾ ਗਮੀ ਦਾ ਫਰਕ ਪੈਂਦਾ ਹੈ ਉਹ ਨਾਮ ਦੇ ਨਸ਼ੇ ਵਿਚੋਂ ਕਦੇ ਬਾਹਰ ਆਉਂਦਾ ਹੀ ਨਹੀਂ, ਨਾਮ ਦੇ ਰਸ ਵਿਚ ਹਰ ਵਕਤ ਭਰਪੂਰ ਰਹਿੰਦਾ ਹੈ ਉਸ ਨੂੰ ਕਦੇ ਵਿਓਗ ਨਹੀਂ ਹੁੰਦਾ, ਕਦੇ ਤੋਟਾ ਨਹੀਂ ਆਉਂਦਾ, ਕਦੇ ਉਸ ਦੇ ਅੰਦਰ ਢਹਿੰਦੀ ਕਲਾ ਨਹੀਂ ਆਉਂਦੀ, ਉਹ ਹਮੇਸ਼ਾ ਚੜ੍ਹਦੀ ਕਲਾ ਵਿਚ ਰਹੇਗਾ।

*ਤੈਸਾ ਸੁਵਰਨੁ ਤੈਸੀ ਉਸੁ ਮਾਟੀ॥*
*ਤੈਸਾ ਅੰਮ੍ਰਿਤੁ ਤੈਸੀ ਬਿਖੁ ਖਾਟੀ॥ ਅੰਗ - 275*

ਸੋਨਾ ਕੋਈ ਲੱਖਾਂ ਮਣ ਦੇ ਦੇਵੇ ਤਾਂ ਵੀ ਉਸ ਦੇ ਮਨ ਵਿਚ ਨਹੀਂ ਆਉਂਦਾ ਉਹ ਮਿੱਟੀ ਦੇ ਬਰਾਬਰ ਸਮਝਦਾ ਹੈ। ਉਸ ਦੇ ਵਾਸਤੇ ਉਸ ਦੀ ਕੋਈ ਮਹੱਤਤਾ ਨਹੀਂ ਹੈ। ਸੋ ਓਹਾ ਜਿਹਾ ਹੀ ਰਹਿੰਦਾ ਹੈ। ਅੰਮ੍ਰਿਤ ਤੇ ਵਿਹੁ (ਜ਼ਹਿਰ) ਨੂੰ ਬਰਾਬਰ ਸਮਝਦਾ ਹੈ। ਦੋਹਾਂ ਵਿਚ ਹੀ ਪ੍ਰਮੇਸ਼ਰ ਦਾ ਰੂਪ ਸਮਝਦਾ ਹੈ।

ਬਾਬਾ ਖੁਦਾ ਸਿੰਘ ਜੀ ਪਟਿਆਲੇ ਇਸੇ ਤੁਕ ਦਾ ਅਰਥ ਕਰ ਰਹੇ ਸੀ ਤਾਂ ਉਥੇ ਇਕ ਰਾਜ ਪੰਡਤ ਸੀ। ਉਹ

ਖੜ੍ਹਾ ਹੋ ਗਿਆ ਉਠ ਕੇ, ਕਹਿੰਦਾ ਕਿ ਸੰਤ ਜੀ! ਇਹ ਮਹਾਰਾਜ ਨੇ ਕੋਈ ਅਲੰਕਾਰਿਕ ਗੱਲ ਕਹੀ ਹੈ – ਵਿਹੁ ਤਾਂ ਆਪਣਾ ਅਸਰ ਕਰਦੀ ਹੈ, ਅੰਮ੍ਰਿਤ ਆਪਣਾ ਅਸਰ ਕਰਦਾ ਹੈ।

ਉਹ ਕਹਿੰਦੇ, "ਨਹੀਂ ਪ੍ਰੇਮੀਆ! ਜਿਸ ਵਕਤ ਬ੍ਰਹਮ ਦ੍ਰਿਸ਼ਟੀ ਹੋ ਜਾਂਦੀ ਹੈ ਉਸ ਵੇਲੇ ਹਰ ਚੀਜ਼ ਦੇ ਵਿਚ ਵਾਹਿਗੁਰੂ ਹੀ ਦਿਸਦਾ ਹੈ ਤੇ ਉਹ ਆਪਣਾ ਸੁਭਾਅ ਗੁਆ ਬੈਠਦੀ ਹੈ। ਉਸ ਵੇਲੇ ਅੱਗ ਜਾਲਦੀ ਨਹੀਂ ਤੇ ਪਾਣੀ ਡੋਬਦਾ ਨਹੀਂ।"

ਬਾਰ-ਬਾਰ ਸੰਤ ਮਹਾਂਪੁਰਸ਼ਾਂ ਨੇ ਕਿਹਾ ਕਿ ਇਹ ਯਥਾਰਥ ਬਾਤ ਹੈ ਗੁਰੂ ਸਾਹਿਬ ਦੀ ਤੇ ਗੁਰੂ ਸਾਹਿਬ ਨੇ ਕੋਈ ਵੀ ਅਲੰਕਾਰ ਨਹੀਂ ਵਰਤਿਆ ਇਸ ਦੇ ਵਿਚ। ਜੋ ਬਾਤ ਕਹੀ ਹੈ ਉਸ ਦਾ ਜੋ ਸਿਧਾਂਤ ਹੈ ਉਹ ਬਿਲਕੁਲ ਸਤਿ ਸਿਧਾਂਤ ਹੈ। ਅਗਲੇ ਦਿਨ ਗਿਲਾਸ ਲੈ ਆਇਆ ਸੰਖੀਆ ਘੋਲ ਕੇ ਤੇ ਕਹਿਣ ਲੱਗਿਆ ਜੀ! ਕੱਲ੍ਹ ਵਾਲੀ ਕਥਾ ਫੇਰ ਸ਼ੁਰੂ ਕਰੋ। ਜਦੋਂ ਬਾਬਾ ਜੀ ਨੇ ਫੇਰ ਜੀਵਨ ਮੁਕਤ ਅਵਸਥਾ ਦੀ ਕਥਾ ਸ਼ੁਰੂ ਕਰੀ ਤਾਂ ਉਹ ਉਠ ਕੇ ਖੜ੍ਹਾ ਹੋ ਗਿਆ। ਕਹਿੰਦਾ, "ਆਹ! ਮੇਰੇ ਕੋਲ ਗਿਲਾਸ ਹੈ ਜ਼ਹਿਰ ਦਾ, ਕੋਈ ਜੀਵਨ ਮੁਕਤ ਪੁਰਸ਼ ਉਠ ਕੇ ਇਸ ਨੂੰ ਪੀ ਕੇ ਦਿਖਾਵੇ।"

ਤਾਂ ਬਾਬਾ ਜੀ ਕਹਿਣ ਲੱਗੇ, "ਭਾਈ! ਸੰਗਤ ਦਾ ਅੰਤ ਵਾਰਾ ਨਹੀਂ ਲਈਦਾ, ਮੈਂ ਬੋਲ ਰਿਹਾ ਹਾਂ ਚਲ ਮੇਰੇ ਕੋਲ ਹੀ ਲਿਆ ਤੂੰ।"

ਗਿਲਾਸ ਲਿਆ ਤੇ ਬ੍ਰਹਮ ਦ੍ਰਿਸ਼ਟੀ ਦੇ ਨਾਲ ਨੇਤਰਾਂ ਨਾਲ ਦੇਖਿਆ ਤੇ ਮਹਾਰਾਜ ਉਹ ਜ਼ਹਿਰ ਦਾ ਗਿਲਾਸ ਪੀ ਗਏ ਤੇ ਉਹ ਦੇਖਦਾ ਹੈ ਕਿ ਹੁਣ ਇਹ ਬੇਹੋਸ਼ ਹੋ ਜਾਣਗੇ, ਮਰ ਜਾਣਗੇ ਇਥੇ ਹੀ ਪਰ ਹੈਰਾਨੀ ਰਹੀ ਕਿ ਬਾਬਾ ਜੀ ਉਵੇਂ ਜਿਵੇਂ ਕਥਾ ਕਰਦੇ ਨੇ ਤੇ ਕੋਈ ਵੀ ਅਸਰ ਨਹੀਂ ਹੋਇਆ ਵਿਹੁ ਦਾ। ਸੋ ਐਸੀਆਂ ਕਥਾਵਾਂ ਮਹਾਂਪੁਰਸ਼ਾਂ ਦੀਆਂ ਨੇ। ਸੋ ਇਸ ਤਰ੍ਹਾਂ ਦੇ ਨਾਲ –

***ਤੈਸਾ ਅੰਮ੍ਰਿਤੁ ਤੈਸੀ ਬਿਖੁ ਖਾਟੀ॥***
***ਤੈਸਾ ਮਾਨੁ ਤੈਸਾ ਅਭਿਮਾਨੁ॥***
***ਤੈਸਾ ਰੰਕੁ ਤੈਸਾ ਰਾਜਾਨੁ॥*** ***ਅੰਗ - 275***

ਮਾਨ ਵੀ ਉਹੋ ਜਿਹਾ ਹੈ ਤੇ ਅਪਮਾਨ ਵੀ ਉਹੋ ਜਿਹਾ ਹੈ।

ਗਰੀਬ ਵੀ ਉਹੋ ਜਿਹਾ ਹੈ ਤੇ ਰਾਜਾ ਵੀ ਉਹੋ ਜਿਹਾ ਹੈ। ਦੋਹਾਂ ਨੂੰ ਇਕੋ ਸਮਾਨ ਰੱਖਦੇ ਨੇ ਕਿਉਂਕਿ ਦੋਹਾਂ ਦੇ ਵਿਚ ਪ੍ਰਮੇਸ਼ਰ ਹੈ। ਉਨ੍ਹਾਂ ਲਈ ਕੋਈ ਘੱਟ ਵੱਧ ਨਹੀਂ ਹੈ।

***ਜੋ ਵਰਤਾਏ ਸਾਈ ਜੁਗਤਿ॥***
***ਨਾਨਕ ਓਹੁ ਪੁਰਖੁ ਕਹੀਐ ਜੀਵਨ ਮੁਕਤਿ॥***
***ਅੰਗ - 275***

ਸੋ ਜੀਵਨ ਮੁਕਤੀ ਦੀ ਜੋ ਅਵਸਥਾ ਹੈ ਮਹਾਰਾਜ ਕਹਿੰਦੇ ਉਹ ਪ੍ਰਾਪਤ ਹੋ ਜਾਂਦੀ ਹੈ।

***ਖੋਜਤ ਖੋਜਤ ਤਤੁ ਬੀਚਾਰਿਓ ਦਾਸ ਗੋਵਿੰਦ ਪਰਾਇਣ॥***
***ਅਬਿਨਾਸੀ ਖੇਮ ਚਾਹਹਿ ਜੇ ਨਾਨਕ***
***ਸਦਾ ਸਿਮਰਿ ਨਾਰਾਇਣ॥*** ***ਅੰਗ - 714***

ਫੇਰ ਤੂੰ ਉਸ ਵਾਹਿਗੁਰੂ ਨੂੰ ਜਿਹੜਾ ਤੇਰੇ ਆਲੇ ਦੁਆਲੇ ਚਾਰੇ ਪਾਸੇ ਹੀ ਹੈ, ਪਰੀਪੂਰਨ ਹੈ। ਉਸ ਨੂੰ ਯਾਦ ਰੱਖ ਉਹ ਤੇਰੇ ਧਿਆਨ ਤੋਂ ਲਹਿੰਦਾ ਕਿਉਂ ਹੈ? ਹੋਰ ਚੀਜ਼ਾਂ ਤੇਰੇ ਧਿਆਨ ਵਿਚ ਹਰ ਵਕਤ ਰਹਿੰਦੀਆਂ ਨੇ। ਪੈਸਾ ਜੇਬ ਵਿਚ ਹੋਵੇ ਧਿਆਨ ਵਿਚ ਰਹਿੰਦਾ ਹੈ ਕਿ ਕੋਈ ਕੱਢ ਨਾ ਲਏ, ਗਿਰ ਨਾ ਜਾਏ। ਸੋ ਜਿਹੜਾ ਵਾਹਿਗੁਰੂ ਨਾ ਦਿਨੇ ਵਿਛੜਦਾ ਹੈ ਨਾ ਰਾਤ ਨੂੰ ਵਿਛੜਦਾ ਹੈ –

***ਜਹ ਜਹ ਪੇਖਉ ਤਹ ਹਜੂਰਿ ਦੂਰਿ ਕਤਹੁ ਨ ਜਾਈ॥***
***ਰਵਿ ਰਹਿਆ ਸਰਬਤ੍ਰ ਮੈ ਮਨ ਸਦਾ ਧਿਆਈ॥***
***ਈਤ ਊਤ ਨਹੀ ਬੀਛੁੜੈ ਸੋ ਸੰਗੀ ਗਨੀਐ॥***
***ਬਿਨਸਿ ਜਾਇ ਜੋ ਨਿਮਖ ਮਹਿ ਸੋ ਅਲਪ ਸੁਖੁ ਭਨੀਐ॥***
***ਅੰਗ - 677***

ਜਿਹੜਾ ਹੈ ਹੀ ਹਰ ਥਾਂ ਤੇ ਉਤੇ –

***ਜਿਮੀ ਜਮਾਨ ਕੇ ਬਿਖੈ ਸਮੱਸਤਿ ਏਕ ਜੋਤ ਹੈ॥***
***ਨ ਘਾਟ ਹੈ ਨ ਬਾਢ ਹੈ, ਨ ਘਾਟਿ ਬਾਢਿ ਹੋਤ ਹੈ॥***
***ਅਕਾਲ ਉਸਤਤਿ***

ਉਹ ਤੈਨੂੰ ਕਿਉਂ ਭੁਲ ਜਾਂਦਾ ਹੈ? ਕਹਿੰਦਾ ਮੇਰਾ ਮਨ ਨਹੀਂ ਜੀ ਲਗਦਾ, ਮਨ ਇਕਾਗਰ ਨਹੀਂ ਹੁੰਦਾ ਕਿਉਂਕਿ ਮਨ ਦਾ ਰੁਖ ਦੂਜੇ ਪਾਸੇ ਨੂੰ ਹੈ। ਸੋ ਇਸ ਕਰਕੇ ਜਦੋਂ ਪੂਰਬਲੇ ਕਰਮਾਂ ਦੇ ਪੁੰਨ ਦੇਣ ਦਾ ਸਮਾਂ ਉਦੈ ਹੁੰਦਾ ਹੈ ਉਸ ਵੇਲੇ ਉਸ ਦੀ ਇਹ ਨਿਸ਼ਾਨੀ ਹੁੰਦੀ ਹੈ ਕਿ ਉਸ ਨੂੰ ਸਤਿਸੰਗ ਦੀ ਪ੍ਰਾਪਤੀ ਹੁੰਦੀ ਹੈ। ਉਸ ਸਤਿਸੰਗ ਦੀ ਜਿਸ ਨੂੰ ਅਸਲੀ ਅਰਥਾਂ ਵਿਚ ਸਤਿਸੰਗ ਕਿਹਾ ਜਾਂਦਾ ਹੈ ਤੇ ਦੂਸਰਾ ਇਸ ਨੂੰ ਹਰੀ ਦਾ ਜਸ ਪ੍ਰਾਪਤ ਹੁੰਦਾ ਹੈ –

***ਹਰਿ ਕੀਰਤਿ ਸਾਧਸੰਗਤਿ ਹੈ ਸਿਰਿ ਕਰਮਨ ਕੈ ਕਰਮਾ॥***
***ਕਹੁ ਨਾਨਕ ਤਿਸੁ ਭਇਓ ਪਰਾਪਤਿ***
***ਜਿਸੁ ਪੁਰਬ ਲਿਖੇ ਕਾ ਲਹਨਾ॥*** ***ਅੰਗ - 642***

ਵਾਹਿਗੁਰੂ ਜੀ ਕਾ ਖਾਲਸਾ॥

ਵਾਹਿਗੁਰੂ ਜੀ ਕੀ ਫਤਹਿ॥

# ਜਿਸਨੋ ਦਇਆਲੁ ਹੋਵੈ ਮੇਰਾ ਸੁਆਮੀ

*ਸੰਤ ਵਰਿਆਮ ਸਿੰਘ ਜੀ*
*ਬਾਨੀ ਵਿ. ਗੁ. ਰੂ. ਮਿਸ਼ਨ*

ਸ਼ਾਨ .....................................।

*ਸਤਿਨਾਮ ਸ੍ਰੀ ਵਾਹਿਗੁਰੂ,*
*ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ!*

*ਡੰਡਉਤਿ ਬੰਦਨ ਅਨਿਕ ਬਾਰ ਸਰਬ ਕਲਾ ਸਮਰਥ॥*
*ਡੋਲਨ ਤੇ ਰਾਖਹੁ ਪ੍ਰਭੂ ਨਾਨਕ ਦੇ ਕਰਿ ਹਥ॥*
*ਪੰਨਾ - 256*

*ਫਿਰਤ ਫਿਰਤ ਪ੍ਰਭ ਆਇਆ ਪਰਿਆ ਤਉ ਸਰਨਾਇ॥*
*ਨਾਨਕ ਕੀ ਪ੍ਰਭ ਬੇਨਤੀ ਅਪਨੀ ਭਗਤੀ ਲਾਇ॥*
*ਪੰਨਾ - 289*

ਸਾਧ ਸੰਗਤ ਜੀ! ਗੱਜ ਕੇ ਬੋਲਣਾ ਸਤਿਨਾਮ ਸ੍ਰੀ ਵਾਹਿਗੁਰੂ। ਗੁਰੂ ਮਹਾਰਾਜ ਦੇ ਹਜ਼ੂਰ ਸਸ਼ੋਭਤ ਹੋਏ ਬਹੁਤ ਸਮੇਂ ਤੋਂ ਆਪ ਸਤਿਸੰਗ ਦੇ ਬਚਨ ਸਰਵਣ ਕਰ ਰਹੇ ਸੀ। ਬਹੁਤ ਸਾਰੇ ਪ੍ਰੇਮੀ ਬੋਲੇ। ਇਕੋ ਤਰਜ਼ ਵਿਚ ਸਾਰੇ ਬੋਲਿਆ ਕਰਦੇ ਨੇ। ਸਤਿਸੰਗ ਦਾ ਪੂਰਾ ਪੂਰਾ ਲਾਭ ਲੈਣ ਵਾਸਤੇ, ਕੰਨਾਂ ਦੇ ਨਾਲ ਬਾਣੀ ਸਰਵਣ ਕਰੋ, ਵਿਚਾਰ ਸਰਵਣ ਕਰੋ, ਨੇਤਰਾਂ ਦੇ ਨਾਲ ਗੁਰੂ ਸਰੂਪ ਦੇ ਦਰਸ਼ਨ ਕਰੋ, ਬੁੱਧੀ ਦੇ ਨਾਲ ਵਿਚਾਰ ਕਰੋ ਕਿਉਂਕਿ ਵਾਹਿਗੁਰੂ ਨੇ ਸਾਨੂੰ ਕਾਫੀ ਬੁੱਧੀ ਦਿੱਤੀ ਹੈ। ਤਿੰਨ ਕਿਸਮ ਦੀ ਬੁੱਧੀ ਹੁੰਦੀ ਹੈ ਮਨੁੱਖ ਦੇ ਕੋਲ। ਇਕ ਨੂੰ ਬੁੱਧੀ ਕਹਿੰਦੇ ਨੇ, ਇਕ ਨੂੰ ਕਬੁੱਧੀ ਕਹਿੰਦੇ ਨੇ, ਇਕ ਨੂੰ ਸਬੁੱਧੀ ਕਹਿੰਦੇ ਨੇ। ਕਬੁਧੀ ਉਹ ਹੁੰਦੀ ਹੈ ਜਿਹੜੀ ਉਲਟੇ ਪਾਸੇ, ਉਲਟੀਆਂ ਗੱਲਾਂ ਸੋਚੇ, ਬੁੱਧੀ ਸਾਧਾਰਨ ਹੋਇਆ ਕਰਦੀ ਹੈ ਸਬੁੱਧੀ ਉਹ ਹੁੰਦੀ ਹੈ ਜਿਹੜੀ ਸ੍ਰੇਸ਼ਟ ਚੀਜ਼ ਵੱਲ ਧਿਆਨ ਦੇਵੇ। ਇਹ ਤਾਂ ਹੈ ਇਥੋਂ ਤੱਕ। ਇਸ ਤੋਂ ਅੱਗੇ ਜਿਹੜੀ ਬੰਦਗੀ ਕਰੇ ਤੋਂ ਆਉਂਦੀ ਹੈ ਉਸ ਨੂੰ ਸਿਧ ਕਹਿੰਦੇ ਨੇ। ਉਸ ਤੋਂ ਬਾਅਦ ਜਦੋਂ ਆਤਮਾ ਦੀ ਸੋਝੀ ਪੈਂਦੀ ਹੈ ਫੇਰ ਉਸ ਨੂੰ ਸੁਧ ਕਹਿੰਦੇ ਨੇ -

*ਕਹਿ ਕਬੀਰ ਬੁਧਿ ਹਰਿ ਲਈ ਮੇਰੀ*
*ਬੁਧਿ ਬਦਲੀ ਸਿਧਿ ਪਾਈ॥ ਅੰਗ - 339*

ਸੋ ਗੱਜ ਵੱਜ ਕੇ ਸਾਰੇ ਅਖੀਰ ਤੱਕ ਬੋਲਣ ਦਾ ਯਤਨ ਕਰੋ, ਬਿਰਤੀ ਟਿਕੀ ਰਹੇਗੀ, ਰਸ ਵਿਚ ਆ ਜਾਵਾਂਗੇ। ਉਸ ਵੇਲੇ ਵਿਚਾਰ ਕੁਦਰਤੀ ਤੌਰ ਤੇ ਸਾਡੇ ਹਿਰਦੇ ਦੇ ਵਿਚ ਜਾਣੇ ਸ਼ੁਰੂ ਹੋ ਜਾਣਗੇ ਕਿਉਂਕਿ ਕੰਨਾਂ ਤੇ ਹਿਰਦੇ ਦੇ ਦਰਮਿਆਨ ਇਕ ਬੜਾ ਭਾਰੀ ਪਟਲ ਹੈ, ਪੜਦਾ ਹੈ, ਉਹ ਜਾਣ ਨਹੀਂ ਦਿਆ ਕਰਦਾ। ਜਦੋਂ ਅਸੀਂ ਇਸ ਤਰ੍ਹਾਂ ਕਰਾਂਗੇ ਉਸ ਵੇਲੇ ਸਾਡੇ ਹਿਰਦੇ ਦੇ ਵਿਚ ਵਾਸਾ ਹੋ ਕੇ ਅਸੀਂ ਬਾਣੀ ਦਾ ਵਿਚਾਰ ਰੂਪ ਬਣ ਜਾਵਾਂਗੇ। ਸੋ ਹੁਣ ਸਾਰੇ ਗੱਜ ਵੱਜ ਕੇ ਸ਼ਬਦ ਵਿਚ ਬੋਲੋ ਭਾਈ -

*ਧਾਰਨਾ - ਮੋਹਿ ਨਾ ਵਿਸਾਰੋ ਜੀ,*
*ਮੈਂ ਜਨ ਤੇਰਾ, ਮੈਂ ਜਨ ਤੇਰਾ -2, 2.*
*ਮੈਂ ਜਨ ਤੇਰਾ ਮੈਂ ਜਨ ਤੇਰਾ -2, 2,*
*ਮੋਹਿ ਨ ਵਿਸਾਰੋ ਜੀ,............ -2.*

*ਮੇਰੀ ਸੰਗਤਿ ਪੋਚ ਸੋਚ ਦਿਨੁ ਰਾਤੀ॥*
*ਮੇਰਾ ਕਰਮੁ ਕੁਟਿਲਤਾ ਜਨਮੁ ਕੁਭਾਂਤੀ॥*
*ਰਾਮ ਗੁਸਈਆ ਜੀਅ ਕੇ ਜੀਵਨਾ॥*
*ਮੋਹਿ ਨ ਬਿਸਾਰਹੁ ਮੈ ਜਨੁ ਤੇਰਾ॥*
*ਮੇਰੀ ਹਰਹੁ ਬਿਪਤਿ ਜਨ ਕਰਹੁ ਸੁਭਾਈ॥*
*ਚਰਣ ਨ ਛਾਡਉ ਸਰੀਰ ਗਲ ਜਾਈ॥*
*ਕਹੁ ਰਵਿਦਾਸ ਪਰਉ ਤੇਰੀ ਸਾਭਾ॥*
*ਬੇਗਿ ਮਿਲਹੁ ਜਨ ਕਰਿ ਨ ਬਿਲਾਂਭਾ॥ ਅੰਗ - 345*

*ਧਾਰਨਾ - ਮੋਹਿ ਨਾ ਵਿਸਾਰੋ ਜੀ, ਮੈਂ ਜਨ ਤੇਰਾ,*
*ਮੈਂ ਜਨ ਤੇਰਾ -2, 2.*
*ਮੈਂ ਜਨ ਤੇਰਾ ਮੈਂ ਜਨ ਤੇਰਾ -2, 2,*
*ਮੋਹਿ ਨ ਵਿਸਾਰੋ ਜੀ,............ -2.*

ਸਾਧ ਸੰਗਤ ਜੀ! ਕੱਲ੍ਹ ਆਪ ਨੇ ਬਹੁਤ ਸਾਰੇ ਬਚਨ ਸਰਵਣ ਕਰੇ। ਆਪਾਂ ਇਕ ਮੁਕੰਮਲ ਜੀਵਨ ਦੀ ਵਿਚਾਰ ਕਰ ਰਹੇ ਹਾਂ, ਤੁਹਾਡੇ ਉਪਰ ਜਿਸ ਦਾ ਬਹੁਤ ਹੀ ਵੱਡਾ ਉਪਕਾਰ ਹੈ। ਮੰਝਕੀ ਦੇ ਅੰਦਰ ਉਨ੍ਹਾਂ ਦਿਨਾਂ ਵਿਚ ਸਿਖੀ ਲਿਆ ਦੇਣੀ, ਉਹ ਇਸੇ ਮਹਾਂਪੁਰਸ਼ ਦਾ ਬਲ ਸੀ ਗੁਰੂ ਦੀ ਕਿਰਪਾ ਨਾਲ ਕਿਉਂਕਿ ਮੈਂ ਦੱਸ ਚੁਕਿਆ ਹਾਂ ਕਿ ਇਥੇ ਪਹਿਲਾਂ ਕਬਰਾਂ ਕੁਬਰਾਂ ਨੂੰ ਮੰਨਿਆ ਜਾਂਦਾ ਸੀ, ਉਸ ਦੀ ਰਹਿੰਦ ਖੂੰਹਦ ਅਜੇ ਵੀ ਹੈ, ਸਾਡੇ ਪਿੰਡਾਂ ਵਿਚ ਵੀ ਹੈ ਕਿਉਂਕਿ ਕਿੰਨਾ ਹੀ ਉਪਦੇਸ਼ ਹੋ ਜਾਵੇ ਫੇਰ ਨਵੇਂ ਬੰਦੇ ਆ ਜਾਂਦੇ ਨੇ, ਪਹਿਲੇ ਚਲੇ ਜਾਂਦੇ ਨੇ, ਨਵੇਂ ਆ ਜਾਂਦੇ ਨੇ। ਉਹ ਜੋ ਜੀਵਨ ਹੈ ਚਾਨਣ ਮੁਨਾਰਾ ਜੀਵਨ ਹੈ, ਮੁੰਕਮਲ ਜੀਵਨ ਹੈ। ਜੇ ਅਸੀਂ ਉਸ ਨੂੰ ਮੰਨਣਾ ਕਰ ਲਈਏ ਸਾਡੇ ਅੱਗੇ ਇਕ ਜਰਨੈਲੀ ਸੜਕ ਆ ਜਾਂਦੀ ਹੈ ਜਿਥੋਂ ਕੁਝ ਵੀ ਪੁਛਣ ਦੀ ਲੋੜ ਨਹੀਂ ਰਹਿੰਦੀ। ਸੋ ਉਹ ਸੀ ਭਾਈ ਮੰਝ। ਗੁਰੂ ਮਹਾਰਾਜ ਕੋਲ ਆਉਣ ਤੋਂ ਪਹਿਲਾਂ ਸਰਵਰੀਆ ਸੀ, ਜਥਾ ਲੈ ਕੇ ਜਾਂਦਾ, ਚੌਧਰੀ ਸੀ ਬਹੁਤ ਸਾਰੇ ਪਿੰਡਾਂ ਦਾ, ਮਾਨਤਾ ਬੜੀ ਸੀ, ਸਿਆਣਾ ਬਹੁਤ ਸੀ, ਸੁਭਾਅ ਦਾ ਬਹੁਤ ਹੀ ਠੰਡਾ ਸੀ। ਸਾਰਿਆਂ ਦੇ ਨਾਲ ਮਿਲਵਰਤਣ ਸੀ, ਅਹੰਕਾਰ ਨਾਮ ਦੀ ਚੀਜ਼ ਉਸ ਦੇ ਕੋਲ ਹੈ ਹੀ ਨਹੀਂ ਸੀ। ਲੇਕਿਨ ਅਜੇ ਸੰਸਕਾਰ ਜਿਹੜੇ ਪਿਛਲੇ ਜਨਮਾਂ ਦੇ ਸੀ ਅਜੇ ਉਭਰੇ ਨਹੀਂ ਸੀ। ਅਜੇ ਐਸਾ ਸਮਾਂ ਨਹੀਂ ਸੀ ਆਇਆ ਕਿ ਕੋਈ ਮਹਾਂਪੁਰਸ਼, ਕੋਈ ਵਾਹਿਗੁਰੂ ਦਾ ਬਖਸ਼ਿਆ ਮਿਲ ਜਾਏ, ਜਿਹੜਾ ਉਸ ਦੇ ਵਿਚ ਸਹਾਈ ਹੋਵੇ। ਭਾਈ ਤਿਲਕੂ ਜੀ ਜੋ ਇਸੇ ਦੁਆਬੇ ਦੇ ਰਹਿਣ ਵਾਲੇ, ਗੜ੍ਹਸ਼ੰਕਰ ਦੇ ਉਹ ਵੀ

ਪ੍ਰਵਾਨ ਹੋਏ ਹੋਏ ਗੁਰਸਿਖ ਸੀ –

*ਪੰਚ ਪਰਵਾਣ ਪੰਚ ਪਰਧਾਨੁ॥ ਅੰਗ - 3*

ਉਨ੍ਹਾਂ ਨੇ ਵੀ ਉਸ ਇਲਾਕੇ ਦੇ ਅੰਦਰ ਸਿੱਖੀ ਦਾ ਬਹੁਤ ਪ੍ਰਚਾਰ ਕੀਤਾ। ਸਿੱਖੀ ਦਾ ਪ੍ਰਚਾਰ ਕੀ ਹੁੰਦਾ ਹੈ? ਜਿਸ ਨੂੰ ਇਨਸਾਨ ਕਹਿੰਦੇ ਨੇ, ਇਨਸਾਨੀਅਤ ਦਾ ਪ੍ਰਚਾਰ ਕੀਤਾ। ਗੁਰੂ ਨਾਨਕ ਦੀ ਬਾਣੀ ਜੋ ਹੈ ਉਹ ਸਿੱਖਾਂ ਦੀ ਬਾਣੀ ਨਹੀਂ, ਕਿਤੇ ਮਤਾਂ ਤੁਸੀਂ ਏਸ ਗੱਲ ਨੂੰ ਸਮਝ ਜਾਓ। ਇਹ ਵਿਸ਼ਵਮਈ ਵਿਚਾਰ ਹੈ। ਸਰਬ ਸਾਂਝੀ ਮਨੁੱਖਤਾ ਵਾਸਤੇ ਇਕ ਸੰਦੇਸ਼ ਹੈ ਕਿ ਜੇ ਸੁਖੀ ਹੋਣਾ ਹੈ ਤਾਂ ਇਸ ਦੇ ਮੁਤਾਬਕ ਹੋ ਸਕਦੇ ਹੈ ਤੇ ਸਭ ਤੋਂ ਆਧੁਨਿਕ ਹੈ। ਬਹੁਤ ਸਾਰੇ ਵਿਸ਼ਵਾਸ਼ਾਂ ਨੂੰ ਉਹ ਸੇਧ ਦਿੰਦਾ ਹੈ। ਫੇਰ ਇਹ ਤਾਂ ਕਿਰਪਾ ਹੈ ਗੁਰੂ ਮਹਾਰਾਜ ਦੀ, ਬਹੁਤ ਵੱਡੀ ਗੁਰੂ ਮਹਾਰਾਜ ਦੀ ਕਿਰਪਾ ਹੈ ਕਿ ਸਾਡੇ ਕੋਲ ਗੁਰੂ ਗ੍ਰੰਥ ਸਾਹਿਬ ਜੀ ਬਗੈਰ ਕਿਸੇ (ਅਦਲਾ ਬਦਲੀ) ਤੋਂ ਪਹੁੰਚ ਗਏ, ਗੁਰੂ ਦੀ ਪਦਵੀ ਹੈ। ਹੁਣ ਵੀ ਲੱਗੇ ਸੀ ਇਨ੍ਹਾਂ ਵਿਚ ਅਦਲੀਆਂ ਬਦਲੀਆਂ ਕਰਨ। ਕਹਿੰਦੇ ਮਹਾਰਾਜ ਭੁੱਲ ਗਏ, ਮੰਗਲ ਕੋਈ ਹੇਠ ਹੈ ਕੋਈ ਉਤੇ, ਰਾਗ ਆ ਜਾਂਦਾ ਹੈ ਕੋਈ ਹੇਠਾਂ, ਆਪਾਂ ਇਕਸਾਰ ਕਰ ਦੇਈਏ। ਐਨੀ ਮਨਮਤਿ ਇਥੇ ਆ ਗਈ, ਗੁਰੂ ਨੂੰ ਛੇੜਨ ਲੱਗ ਗਏ। ਫੇਰ ਵਿਦਵਾਨ ਦੇ ਵਿਦਵਾਨ ਉਹ ਕਬੁੱਧੀ ਜੀਵੇ ਹੁੰਦੇ ਨੇ। ਪੜ੍ਹੇ ਹੋਏ ਬਹੁਤ ਡਾਕਟਰ ਹਨ ਜੀ, ਫਲਾਣਾ ਹੈ ਜੀ, ਢਿਮਕਾ ਹੈ ਜੀ। ਹਰ ਵਕਤ ਗਲਤ ਗੱਲ ਸੋਚਣਗੇ। ਅੰਦਰੋਂ ਸ਼ਾਜਸ਼ ਹੁੰਦੀ ਹੈ ਕਿ ਆਪਣੇ ਵਰਗੇ ਬਣਾ ਲਈਏ ਇਨ੍ਹਾਂ ਸਾਰਿਆਂ ਨੂੰ। ਸੋ ਇਹ ਤਾਂ ਮਹਾਰਾਜ ਦੀ ਬੜੀ ਭਾਰੀ ਦੇਣ ਹੈ ਕਿ ਅਸੀਂ ਆਪਣੇ ਸਤਿਗੁਰੂ ਜਾਣ ਕੇ ਗੁਰੂ ਗ੍ਰੰਥ ਸਾਹਿਬ ਨੂੰ ਮੰਨਦੇ ਤੇ ਪੂਜਦੇ ਹਾਂ। ਸੋ ਇਸ ਬਾਣੀ ਦੇ ਮੁਤਾਬਕ ਜਿਸ ਦਾ ਜੀਵਨ ਹੁੰਦਾ ਹੈ। ਗੁਰਬਾਣੀ ਬਣੀ ਹੈ ਸੰਸਾਰ ਨੂੰ ਉਹ ਜੀਵਨ ਦੇਣ ਲਈ ਜੋ ਅਮਰ ਜੀਵਨ ਹੋਇਆ ਕਰਦਾ ਹੈ।

ਉਸ ਵੇਲੇ ਭਾਈ ਮੰਝ ਨੂੰ ਉਨ੍ਹਾਂ ਦੀ ਸੰਗਤ ਹੋਈ। ਗੁਰੂ ਪੰਜਵੇਂ ਪਾਤਸ਼ਾਹ ਜੀ ਦੇ ਪਾਸ ਗਏ। ਮਹਾਰਾਜ ਨੇ ਕਿਹਾ ਪਿਆਰਿਆ! ਸਿੱਖੀ ਸੁਖਾਲੀ ਚੀਜ਼ ਨਹੀਂ, ਬੜੀ ਔਖੀ ਹੈ। ਜੇ ਤਾਂ ਬਿਲਕੁਲ ਸਿਰੇ ਜਾਣ ਦਾ ਇਰਾਦਾ ਤੂੰ ਕਰਿਆ ਹੈ, ਉਹ ਔਖਾ ਬਹੁਤ ਹੈ ਸੂਲੀ ਦੀ ਖੇਡ ਹੈ। ਪਹਿਲਾਂ ਸੋਚ ਲੈ ਚੰਗੀ ਤਰ੍ਹਾਂ, ਤੇਰਾ ਵਿਅਕਤੀਤਵ ਬਣਿਆ ਹੋਇਆ ਹੈ, ਤੇਰੀ ਮਸ਼ਹੂਰੀ ਇਸ ਕਰਕੇ ਬਣੀ ਹੋਈ ਹੈ ਕਿ ਤੂੰ ਸਾਰਿਆਂ ਨੂੰ ਸੰਗ ਦੇ ਰੂਪ ਵਿਚ ਇਕੱਠੇ ਕਰਕੇ ਸਰਵਰੀਏ ਦੇ ਕੋਲ ਜਾਂਦਾ ਹੈ, ਕਬਰ ਨੂੰ ਮੱਥਾ ਟੇਕਦਾ ਹੈ। ਇਹ ਬੜਾ ਔਖਾ ਹੋ ਜਾਣਾ ਹੈ, ਤੇਰੇ ਖਿਲਾਫ ਹੋ ਜਾਣਾ ਹੈ ਦੂਜਿਆਂ ਨੇ। ਕਿਸੇ ਵੀ ਚੀਜ਼ ਦੀ ਪਰਵਾਹ ਨਾ ਕਰੀਂ।

ਅਖੀਰ ਗੁਰੂ ਮਹਾਰਾਜ ਕੋਲ ਆਇਆ, ਨਾਮ ਦੀ ਦਾਤ ਪ੍ਰਾਪਤ ਕਰੀ। ਨਾਮ ਦੀਆਂ ਸਾਰੀਆਂ ਅਵਸਥਾਵਾਂ ਪੂਰੀ ਤਰ੍ਹਾਂ ਨਾਲ ਪ੍ਰਾਪਤ ਕਰ ਲਈਆਂ। ਮੈਂ ਕੱਲ੍ਹ ਵੀ ਬੇਨਤੀ ਕਰੀ ਸੀ ਕਿ ਸੱਤ ਮੰਜਲਾਂ ਹੋਇਆ ਕਰਦੀਆਂ ਨੇ। ਛੇ ਤੱਕ ਤਾਂ ਗੁਰਸਿਖ ਗੁਰੂ ਦੀ ਮਦਦ ਨਾਲ ਚੜ੍ਹ ਸਕਦਾ ਹੈ, 6 ਮੰਜ਼ਲਾਂ। ਜਿਹੜੀ ਸੱਤਵੀਂ ਹੈ ਉਥੇ ਗੁਰੂ ਆਪ ਚੜ੍ਹਾਵੇ ਤਾਂ ਚੜ੍ਹਦਾ ਹੈ ਨਹੀਂ ਤਾਂ ਚੜ੍ਹਦਾ ਨਹੀਂ ਹੈ। ਹਰੇਕ ਬੰਦਾ, ਸਾਧੂ ਸੰਤ ਰੁਕੇ ਪਏ ਨੇ। ਬੜੀ ਮੁਸ਼ਕਲ ਹੈ ਇਹ ਚੀਜ਼। ਇਹ ਗੱਲਾਂ ਸੂਕਸ਼ਮ ਨੇ, ਸਾਡੀ ਸਮਝ ਤੋਂ ਪਰ੍ਹੇ ਨੇ ਕਿਉਂਕਿ ਅਸੀਂ ਅਜੇ ਪਹਿਲੀ ਮੁੱਢਲੀ ਅਵਸਥਾ ਵਿਚ ਫਿਰਦੇ ਹਾਂ। ਉਸ ਅਵਸਥਾ ਤੱਕ ਉਹ ਪਹੁੰਚ ਗਿਆ। ਜਿਹੜੇ ਇਸ ਤਰ੍ਹਾਂ ਦੀ ਅਵਸਥਾ ਵਿਚ ਪਹੁੰਚਦੇ ਨੇ ਗੁਰਸਿਖ ਗੁਰੂ ਦੇ ਮਨ ਵਿਚ ਭਾਅ ਜਾਂਦੇ ਨੇ, ਦੁਨੀਆਂ ਦੀਆਂ ਕਥਾਵਾਂ ਤੇ ਉਨ੍ਹਾਂ ਦੀਆਂ ਕਥਾਵਾਂ ਵਿਚ ਫਰਕ ਹੋਇਆ ਕਰਦਾ ਹੈ।

*ਧਾਰਨਾ - ਹਰਿ ਕੇ ਸੇਵਕ ਜੋ ਹਰਿ ਭਾਏ,*
*ਤਿਨ ਕੀ ਕਥਾ ਨਿਰਾਰੀ ਰੇ -2, 2.*
*ਤਿਨ ਕੀ ਕਥਾ ਨਿਰਾਰੀ ਰੇ -2, 2.*
*ਹਰਿ ਕੇ ਸੇਵਕ ਜੋ ਹਰਿ ਭਾਏ,..... -2.*

*ਹਰਿ ਕੇ ਸੇਵਕ ਜੋ ਹਰਿ ਭਾਏ*
*ਤਿਨ ਕੀ ਕਥਾ ਨਿਰਾਰੀ ਰੇ॥*
*ਆਵਹਿ ਨ ਜਾਹਿ ਨ ਕਬਹੂ ਮਰਤੇ*
*ਪਾਰਬ੍ਰਹਮ ਸੰਗਾਰੀ ਰੇ॥ ਅੰਗ - 855*

ਸੋ ਨਿਆਰੀਆਂ ਕਥਾਵਾਂ ਉਨ੍ਹਾਂ ਦੀਆਂ ਹੁੰਦੀਆਂ ਨੇ ਜਿਹੜੀਆਂ ਪਰਵਾਣ ਰੂਹਾਂ ਹੋਇਆ ਕਰਦੀਆਂ ਨੇ। ਸੋ ਇਹ ਭਾਈ ਮੰਝ ਉੱਚੀ ਤੋਂ ਉੱਚੀ ਅਵਸਥਾ ਜੋ ਗੁਰਸਿਖ ਪ੍ਰਾਪਤ ਕਰ ਸਕਦਾ ਹੈ –

*ਸਹਜ ਸਮਾਧਿ ਲਗੀ ਲਿਵ ਅੰਤਰਿ*
*ਸੋ ਰਸੁ ਸੋਈ ਜਾਣੈ ਜੀਉ॥ ਅੰਗ - 106*

ਲਿਵ ਦੀ ਅਵਸਥਾ ਵਿਚ, ਵਹਿਦੀਅਤ ਦੀ ਅਵਸਥਾ ਵਿਚ, ਵਿਸਮਾਦ ਦੀ ਅਵਸਥਾ ਵਿਚ ਵਿਚਰ ਰਿਹਾ ਹੈ। ਮੈਥੋਂ ਪਹਿਲਾਂ ਤੁਸੀਂ ਸੰਤ ਕਲਿਆਣ ਦਾਸ ਜੀ ਤੋਂ ਇਕ ਨੁਕਤਾ ਸੁਣਿਆ ਸੀ। ਬੜੀ ਛੋਟੀ ਜਿਹੀ ਗੱਲ ਹੁੰਦੀ ਹੈ ਲੇਕਿਨ ਉਸ ਦਾ ਵਿਸਥਾਰ ਬੜਾ ਹੁੰਦਾ ਹੈ ਉਹ ਇਹ ਸੀ –

*ਜਿਸ ਨੋ ਦਇਆਲੁ ਹੋਵੈ ਮੇਰਾ ਸੁਆਮੀ*
*ਤਿਸੁ ਗੁਰਸਿਖ ਗੁਰੂ ਉਪਦੇਸੁ ਸੁਣਾਵੈ॥ ਅੰਗ - 306*

ਉਹ ਉਪਦੇਸ਼ ਗੁਰੂ ਕੋਲ ਰਾਖਵਾਂ ਹੁੰਦਾ ਹੈ, ਉਹ ਨਹੀਂ ਦਸਦੇ ਜਿੰਨੀ ਦੇਰ ਤੱਕ ਉਹ ਪੂਰੀ ਤਰ੍ਹਾਂ ਦਇਆਲਤਾ ਦੇ ਘਰ ਵਿਚ ਨਹੀਂ ਆਉਂਦੇ। ਮੈਂ ਕੱਲ੍ਹ ਬੇਨਤੀ ਕਰੀ ਸੀ ਬਾਬੇ ਫਰੀਦ ਦੀ ਕਿ ਜਿਸ ਵਕਤ ਉਹ ਡੇਲਾ ਦੇ ਕੇ ਲੈ ਆਏ ਅੱਗ ਤੇ ਪੀਰ ਦੇ ਪਾਸ ਪਹੁੰਚੇ। ਉਸ ਨੇ ਦੇਖਿਆ ਕਿ ਹਾਂ ਹੁਣ ਇਹ ਕਾਬਲ ਹੈ। ਉਸੇ ਵੇਲੇ ਅੱਖ ਵੀ ਦੇ ਦਿੱਤੀ ਤੇ ਨਾਲ ਬ੍ਰਹਮਗਿਆਨ ਦੀ ਦਾਤ ਵੀ ਦੇ ਦਿੱਤੀ। ਬ੍ਰਹਮ ਗਿਆਨ ਗੱਲਾਂ ਨਾਲ ਨਹੀਂ ਹੁੰਦਾ –

*ਗਿਆਨ ਨ ਗਲੀਈ ਢੂਢੀਐ ਕਥਨਾ ਕਰੜਾ ਸਾਰੁ॥*
*ਅੰਗ - 465*

ਇਸ ਦੇ ਵਿਚ ਪੂਰਾ ਦ੍ਰਿਸ਼ਟੀਕੋਣ ਬਦਲ ਜਾਂਦਾ ਹੈ। ਸੰਸਾਰ ਸੰਸਾਰ ਨਹੀਂ ਰਹਿੰਦਾ, ਤਿੰਨਾਂ ਦਾ ਹੀ ਅਭਾਵ ਹੋ ਜਾਂਦਾ ਹੈ। ਗੁਰੂ ਦਾ ਵੀ ਅਭਾਵ ਹੋ ਜਾਂਦਾ ਹੈ, ਸੰਸਾਰ ਦਾ ਵੀ ਅਭਾਵ ਹੋ ਜਾਂਦਾ ਹੈ, ਆਪਣੇ ਆਪ ਦਾ ਵੀ ਹੋ ਜਾਂਦਾ ਹੈ। ਜਿਸ ਵਕਤ ਗੁਰੂ ਕਿਰਪਾ ਕਰਕੇ ਉਹ ਉਪਦੇਸ਼ ਸੁਣਾਉਂਦਾ ਹੈ, ਉਸ ਵੇਲੇ ਤਿੰਨੇ ਹੀ ਗਾਇਬ ਹੋ ਜਾਂਦੇ ਨੇ, ਇਕੋ ਰਹਿ ਜਾਂਦਾ ਹੈ ਵਾਹਿਗੁਰੂ ਹੋਰ ਕੋਈ ਰਹਿੰਦਾ ਹੀ ਨਹੀਂ। ਓਹੀ ਅਸਲੀਅਤ ਹੈ, ਉਹੀ ਸਤਿ ਹੈ, ਉਸੇ ਦੀ ਖੋਜ ਵਿਚ ਅਸੀਂ ਫਿਰਦੇ ਹਾਂ, ਉਸ ਦੇ ਬਾਰੇ ਹੀ ਅਸੀਂ ਕਹਿੰਦੇ ਹਾਂ –

*ਆਦਿ ਸਚੁ ਜੁਗਾਦਿ ਸਚੁ॥*
*ਹੈ ਭੀ ਸਚੁ ਨਾਨਕ ਹੋਸੀ ਭੀ ਸਚੁ॥* *ਅੰਗ - 1*

ਇਹ ਦੋ ਸੂਤਰ ਨੇ ਜੇ ਸਮਝ ਜਾਵੇ ਕੋਈ ਬੰਦਾ, ਦੋ ਲਾਈਨਾਂ ਕੀ ਹੁੰਦੀਆਂ ਨੇ? ਸਾਰੀ ਉਮਰ ਦੇ ਵਿਚ ਕੋਸ਼ਿਸ਼ ਕਰੋ। ਮੈਨੂੰ ਮਹਾਰਾਜ ਜੀ ਨੇ ਪਹਿਲੀ ਵਾਰੀ ਕਿਹਾ ਜਦੋਂ ਮੈਂ ਸੋਲ੍ਹਵੇਂ ਜਾਂ ਸਤ੍ਹਾਰਵੇ ਸਾਲ ਵਿਚ ਸੀ।

ਉਨ੍ਹਾਂ ਨੇ ਪੁਛਿਆ, "ਤੂੰ ਕੌਣ ਹੈ?" ਐਵੇਂ ਹੀ ਸਹਿਜ ਸੁਭਾਅ।

ਮੈਂ ਬਾਹਰ ਖੜ੍ਹਿਆ ਸੁਣਦਾ ਸੀ ਅੰਦਰ ਆ ਗਿਆ, ਨਮਸ਼ਕਾਰ ਕਰੀ। ਮਹਾਤਮਾ ਨੇ ਕਿਹਾ, ਆਪ ਦੀ ਉਸ ਵੇਲੇ ਸਰੀਰਿਕ ਆਯੂ 30 ਸਾਲ ਦੀ ਸੀ।

ਕਹਿਣ ਲੱਗੇ, "ਤੂੰ ਕੌਣ ਹੈ?"

ਮੈਂ ਚੁਪ ਕਰ ਗਿਆ। ਉਸ ਤੋਂ ਬਾਅਦ ਜਿਹੜੀ ਸੰਗਤ ਬੈਠੀ ਸੀ। ਉਹ ਕਹਿੰਦੇ ਕਾਕਾ! ਤੈਨੂੰ ਪੁਛਦੇ ਨੇ ਤੂੰ ਕੌਣ ਹੈ?"

ਮੈਂ ਕਿਹਾ, "ਹਾਂ!" ਮਿੰਟ ਡੇਢ ਮਿੰਟ ਨਾ ਬੋਲਿਆ। ਬੜਾ ਅਜੀਬ ਲਗਦਾ ਹੈ ਬੰਦਾ ਸਾਹਮਣੇ ਖੜ੍ਹਿਆ ਹੈ ਬੋਲੇ ਨਾ ਸੋਚੀ ਜਾਵੇ।

ਕਹਿੰਦੇ, "ਕੀ ਸੋਚਦਾ ਹੈ? ਤੂੰ ਦਸ ਦੇਹ।"

ਮਹਾਰਾਜ ਕਹਿੰਦੇ, "ਤੁਹਾਨੂੰ ਨਹੀਂ ਪਤਾ, ਖਾਮੋਸ਼।"

ਮਹਾਰਾਜ ਨੇ ਫੇਰ ਕਿਹਾ ਕਹਿੰਦੇ, "ਦੱਸਿਆ ਨਾ?"

ਮੈਂ ਕਿਹਾ, "ਜੀ ਮੈਂ ਦਸਦਾ ਹਾਂ।" ਤਿੰਨ ਮਿੰਟ ਦਾ ਸਮਾਂ ਲੱਗ ਗਿਆ, 2 ਮਿੰਟ ਤੋਂ ਬਾਅਦ ਕਿਹਾ, "ਹੁਣ ਦੱਸ।"

ਮੈਂ ਕਿਹਾ, "ਮਹਾਰਾਜ! ਮੈਨੂੰ ਦੱਸਣਾ ਨਹੀਂ ਆਉਂਦਾ।" ਇਸ ਦੇ ਉੱਤੇ ਸੰਗਤ ਸਾਰੀ ਹੱਸ ਪਈ ਕਿ ਦੇਖੋ! ਇਹ ਮੁੰਡਾ ਅੱਜ ਆਇਆ ਹੈ, ਸਕੂਲ ਵਿਚੋਂ ਹੀ ਮੈਂ ਨਿਕਲਿਆ ਸੀ ਪੜ੍ਹ ਕੇ, ਮੈਨੂੰ ਪਤਾ ਨਹੀਂ ਸੀ ਅਜੇ ਕਿਸੇ ਚੀਜ਼ ਦਾ।

ਕਹਿੰਦੇ, "ਕਿਵੇਂ ਨਹੀਂ ਪਤਾ? ਉਹ ਦੱਸ।"

ਮੈਂ ਕਿਹਾ, "ਮਹਾਰਾਜ! ਤੁਸੀਂ ਕਿਹਾ ਤੂੰ ਕੌਣ ਹੈ?" ਮੈਂ ਤੁਹਾਡੇ ਸਾਹਮਣੇ ਖੜ੍ਹਾ ਹਾਂ, ਇਸ ਕਰਕੇ ਮੈਂ ਕੁਝ ਵੀ ਨਹੀਂ ਕਹਿ ਸਕਦਾ, ਤੁਸੀਂ ਦੇਖਦੇ ਹੋ ਕਿ ਇਹ ਲੜਕਾ ਹੈ। ਜੇ ਹਨ੍ਹੇਰਾ ਹੋਵੇ ਕੋਈ ਕਹੇ ਤੂੰ ਕੌਣ ਹੈ? ਤਾਂ ਉਹ ਕਹਿੰਦਾ ਹੈ ਮੈਂ ਲੜਕਾ ਹਾਂ ਜਾਂ ਲੜਕੀ ਹਾਂ। ਪੰਗਤ ਵਿਚ ਬੈਠਾ ਹੋਵੇ ਤਾਂ ਉਹ ਆਪਣੀ ਜਾਤ ਦਸਦਾ ਹੈ ਕਿ ਮੈਂ ਫਲਾਣਾ ਹਾਂ ਕਿਉਂਕਿ ਉਨ੍ਹਾਂ ਦਿਨਾਂ ਵਿਚ ਜਾਤ ਪਾਤ ਦਾ ਬੜਾ ਜ਼ੋਰ ਸੀ। ਜੇ ਮਹਾਰਾਜ! ਦਰਵਾਜਾ ਖੜਕਾਵੇ ਆ ਕੇ ਹਨ੍ਹੇਰੇ ਵਿਚ ਤਾਂ ਉਹ ਕਹਿੰਦਾ ਮੈਂ ਫਲਾਣਾ ਸਿੰਘ ਹਾਂ।

ਕਹਿੰਦੇ, "ਹਾਂ! ਠੀਕ ਹੈ।"

ਮੈਂ ਕਿਹਾ,"ਮੈਂ ਤੁਹਾਡੇ ਸਾਹਮਣੇ ਖੜ੍ਹਾ ਹਾਂ। ਪਹਿਲਾਂ ਮੇਰੇ ਮਨ ਵਿਚ ਆਇਆ ਕਿ ਮੈਂ ਨਾਉਂ ਦਸ ਦੇਵਾਂ। ਮੇਰੇ ਫੇਰ ਖਿਆਲ ਆਇਆ ਕਿ ਨਾਉਂ ਵੀ ਦੋ ਸੀ ਇਕ ਚਾਰ ਸਾਲ ਦਾ ਜਦੋਂ ਅੰਮ੍ਰਿਤ ਛਕਿਆ ਉਸ ਤੋਂ ਬਾਅਦ ਮੇਰਾ ਨਾਉਂ ਬਦਲਿਆ ਜਾਂ ਮੈਂ ਆਹ ਕਹਿ ਦੇਵਾਂ ਕਿ 4 ਸਾਲ ਮੈਂ ਆਹ ਸੀ ਤੇ ਹੁਣ ਮੈਂ ਬਾਰਾਂ ਸਾਲ ਤੋਂ ਇਹ ਹਾਂ। ਮੈਨੂੰ ਉਦੋਂ ਹੀ ਮਹਾਰਾਜ! ਧਿਆਨ ਆ ਗਿਆ ਕਿ ਪਿਛਲਾ ਜਨਮ ਵੀ ਮੇਰਾ ਸੀ, ਉਸ ਤੋਂ ਪਹਿਲਾਂ ਵੀ, ਉਸ ਤੋਂ ਪਹਿਲਾਂ ਵੀ। ਜਿਵੇਂ ਭੌਣੀ (ਘਿਰਨੀ) ਹੁੰਦੀ ਹੈ। ਕੋਈ ਖੂਹ ਹੋਵੇ ਬੇਅੰਤ ਡੂੰਘਾ, ਹਜ਼ਾਰਾਂ ਮੀਲ ਡੂੰਘਾ ਹੋਵੇ ਤੇ ਉਹ ਭੌਣੀ ਛਡ ਦੇਓ ਅਖੀਰ ਦੇ ਉਤੇ ਗੰਢ ਆ ਜਾਂਦੀ ਹੈ। ਮੈਂ ਉਥੇ ਪਹੁੰਚ ਗਿਆ ਤੇ ਹੁਣ ਮੈਨੂੰ ਇਹ ਨਹੀਂ ਪਤਾ ਲਗਦਾ ਕਿ ਮੈਂ ਜਦੋਂ ਬਣਿਆ ਤਾਂ ਕੀ ਸੀ ਇਸ ਤੋਂ ਪਹਿਲਾਂ। ਕੀ ਮੇਰੀ ਹੋਂਦ ਉਸੇ ਦਿਨ ਤੋਂ ਕਾਇਮ ਹੋਈ ਹੈ ਕਿ ਮੈਂ ਉਸ ਤੋਂ ਪਹਿਲਾਂ ਵੀ ਸੀ?"

ਛੋਟੇ ਜਿਹੇ ਇਕ ਬੱਚੇ ਦੇ ਮੂੰਹ ਤੋਂ ਉਨ੍ਹਾਂ ਨੇ ਜਵਾਬ ਸੁਣਿਆ।

ਕਹਿੰਦੇ, "ਇਥੇ ਹੀ ਬਹਿ ਜਾਹ।"

ਆਪ ਨੇਤਰ ਬੰਦ ਕਰ ਲਏ, 45 ਮਿੰਟ ਨਾ ਖੋਲ੍ਹੇ।"

ਕਹਿੰਦੇ, "ਹਾਂ! ਨੇਤਰ ਖੋਲ੍ਹ। ਹੁਣ ਦੱਸ ਫੇਰ ਚੰਗੀ ਤਰ੍ਹਾਂ।

ਮੈਂ ਕਿਹਾ, "ਮਹਾਰਾਜ! ਮੈਨੂੰ ਇੰਜ ਲਗਦਾ ਹੈ, ਮੈਂ ਸਦੀਵੀ ਨਹੀਂ ਹਾਂ। ਕਦੇ ਨਾ ਕਦੇ ਮੇਰੀ ਹੋਂਦ ਕਾਇਮ ਹੋਈ ਹੈ ਤੇ ਉਸ ਤੋਂ ਪਹਿਲਾਂ ਮੈਂ ਕੁਝ ਹੋਰ ਸੀ।"

ਕਹਿੰਦੇ, "ਫੇਰ ਜਿਹੜਾ ਹੋਰ ਕੁਝ ਸੀ, ਉਸ ਨੂੰ ਜੇ ਜਿੰਦਗੀ ਭਰ ਵਿਚ ਸਮਝ ਜਾਵੇਂ, ਇਕ ਕਦਮ ਤੇਰਾ ਰਹਿੰਦਾ ਹੈ ਉਹ ਪੁੱਟ ਲੈ, ਬਸ। ਗੱਲ ਖਤਮ ਹੋ ਜਾਏਗੀ।"

ਇਕੋ ਗੱਲ ਦੇ ਵਿਚ ਮੈਨੂੰ ਜਿਸ ਨੂੰ ਕਹਿੰਦੇ ਨੇ ਉਪਦੇਸ਼

*........... ਤਿਸੁ ਗੁਰਸਿਖ ਗੁਰੂ ਉਪਦੇਸੁ ਸੁਣਾਵੈ॥*

*ਅੰਗ - 306*

ਇਕੋ ਬਚਨ ਕਰਿਆ।

ਮੈਂ ਕਿਹਾ,"ਮਹਾਰਾਜ! ਮੈਨੂੰ ਇਸ ਤਰ੍ਹਾਂ ਲਗਦਾ ਹੈ ਜਿਵੇਂ ਮੈਂ ਕਿਸੇ ਬਹੁਤ ਵੱਡੀ ਰੋਸ਼ਨੀ ਦੇ ਵਿਚੋਂ ਅੱਡ ਹੋ ਕੇ ਇਕ ਕਿਰਨ ਬਣ ਰਿਹਾ ਹਾਂ।"

ਕਹਿੰਦੇ, ਬੱਸ! ਜਿਸ ਦੇ ਵਿਚੋਂ ਅੱਡ ਹੋ ਰਿਹਾ ਹੈਂ, ਉਹ ਤੇਰਾ ਆਪਾ ਸੀ, ਉਸ ਨੂੰ ਪਛਾਣ। ਜਿਹੜਾ ਕੁਝ ਤੂੰ ਕਹਿੰਦਾ ਹੈ ਕਿ ਬਣਿਆ ਹੈ ਇਸ ਦਾ ਨਾਉ ਤਾਂ ਕੋਈ ਨਹੀਂ ਹੁੰਦਾ ਪਰ ਇਸ ਨੂੰ ਜੀਵ ਆਤਮਾ ਕਹਿੰਦੇ ਨੇ। ਸੋ ਇਹ ਜੀਵ ਭਾਵ ਜਿਹੜਾ ਹੈ, ਜੀਵ ਇਹ ਤਾਂ ਬਣਿਆ ਉਸੇ ਵੇਲੇ ਪ੍ਰਮੇਸ਼ਰ ਨੇ ਇਕ ਸ਼ਕਤੀ ਜਿਹੜੀ ਬਹੁਤ ਸ਼ਕਤੀਸ਼ਾਲੀ ਹੈ, ਜਿਸ ਨੂੰ ਹਉਮੈ ਕਹਿੰਦੇ ਨੇ, ਉਹ ਰੱਚ ਦਿੱਤੀ। ਉਸ ਦੇ ਰਚਨ ਦੇ ਨਾਲ ਖੰਡ ਖੰਡ ਨਜਰ ਆਉਣ ਲੱਗ ਗਿਆ ਹੈ, ਤਾਂ ਇਕੋ ਹੀ।"

ਚੰਦ ਇਕ ਹੀ ਹੈ, ਤੁਸੀਂ ਅੱਖ ਦੇ ਕੋਏ ਵਿਚ ਉਂਗਲੀ ਦੇ ਕੇ ਰਾਤ ਨੂੰ ਦੇਖੋ, ਦੋ ਲੱਗਣਗੇ, ਜੇ ਅੱਖ ਵਿਚ ਦੋਸ਼ ਪੈ ਜਾਵੇ ਫੇਰ ਦੋ ਲੱਗਣਗੇ। ਉਹ ਹੈ ਇਕ ਸਤਿ ਨੂੰ ਬੁਝਣਾ ਹੈ।

ਕਹਿੰਦੇ, "ਇਹ ਦੋਸ਼ ਦੂਰ ਕਰ ਲੈ।"

ਸੋ ਇਹ ਚੀਜ਼ ਜੇ ਸਾਡੇ ਸਮਝ ਵਿਚ ਆ ਜਾਵੇ, ਇਸ ਨੂੰ ਸਮਝਣ ਵਾਸਤੇ ਹੀ ਅਸੀਂ ਸਾਰਾ ਕੁਝ ਕਰ ਰਹੇ ਹਾਂ, ਇਸ ਦੇ ਵਾਸਤੇ ਹੀ ਗਿਆਨ ਧਿਆਨ, ਇਸ ਦੇ ਵਾਸਤੇ ਹੀ ਪੜ੍ਹਾਈ, ਤੜਕੇ ਉਠਣਾ, ਨਾਹੁਣਾ-ਧੋਣਾ, ਅਨੁਸ਼ਾਸਿਤ ਜਿੰਦਗੀ ਗੁਜ਼ਾਰਨਾ, ਇਹ ਗੱਲ ਸਮਝ ਲਈ। ਜੇ ਤਾਂ ਸਮਝ 'ਚ ਆ ਜਾਵੇ ਫੇਰ ਤਾਂ ਲੰਘ ਗਿਆ, ਨਾ ਸਮਝ ਆਏ, ਫੇਰ ਨਹੀਂ। ਨਾਲ ਗੁਰੂ ਮਹਾਰਾਜ ਨੇ ਕਹਿ ਦਿਤਾ ਕਿ ਇਹ ਐਨੀ ਗੱਲ ਅਕਲ ਨਾਲ ਨਹੀਂ ਸਮਝ 'ਚ ਆਉਣੀ, ਨਾ ਪੜ੍ਹ ਕੇ ਆਉਣੀ ਹੈ -

*ਪੜਿ ਪੜਿ ਗਡੀ ਲਦੀਅਹਿ ਪੜਿ ਪੜਿ ਭਰੀਅਹਿ ਸਾਥ॥*
*ਪੜਿ ਪੜਿ ਬੇੜੀ ਪਾਈਐ ਪੜਿ ਪੜਿ ਗਡੀਅਹਿ ਖਾਤ॥*
*ਪੜੀਅਹਿ ਜੇਤੇ ਬਰਸ ਬਰਸ ਪੜੀਅਹਿ ਜੇਤੇ ਮਾਸ॥*
*ਪੜੀਐ ਜੇਤੀ ਆਰਜਾ ਪੜੀਅਹਿ ਜੇਤੇ ਸਾਸ॥*
*ਨਾਨਕ ਲੇਖੈ ਇਕ ਗਲ ਹੋਰੁ ਹਉਮੈ ਝਖਣਾ ਝਾਖ॥*

*ਅੰਗ - 467*

ਜੇ ਤਾਂ ਉਹ ਇਕ ਗੱਲ ਬੁਝ ਲਈ, ਜਾਣੀ ਨਹੀਂ, ਮਹਾਰਾਜ ਨੇ ਕਿਹਾ ਜਾਣਨ ਦਾ ਅੱਖਰ ਹੀ ਨਹੀਂ ਕਿਤੇ ਆਇਆ, ਬੁਝਣ ਦਾ ਆਇਆ ਹੈ। ਬੁਝਣ ਤੇ ਜਾਨਣ ਵਿਚ ਕੀ ਫਰਕ ਹੁੰਦਾ ਹੈ? ਵਿਗਿਆਨੀ ਖੜ੍ਹੇ ਨੇ ਖੇਤੀ ਬਾੜੀ ਦੇ। ਨਵੀਂ ਕਿਸਮ ਦਾ ਕੋਈ ਅੰਬ ਆਇਆ ਹੈ, ਫਲ ਲੱਗਿਆ ਹੋਇਆ ਹੈ, ਪੱਕਿਆ ਹੋਇਆ ਹੈ। ਉਥੇ ਉਹ ਲਿਖੀ ਜਾਂਦੇ ਨੇ ਕਿ ਐਨੀਆਂ ਕੈਲਰੀਜ਼ (calories) ਇਸ ਦੇ ਵਿਚ ਹਨ, ਐਨਾ ਤੇਜ਼ਾਬੀ ਮਾਦਾ (acid) ਹੈ, ਐਨੀ ਮਿਠਾਸ (sugar), ਐਨੇ ਪੌਸ਼ਕ ਤੱਤ (food content) ਨੇ, ਆਹ ਸਰੀਰ ਦੇ ਉਤੇ ਅਸਰ ਕਰੇਗਾ, ਮਿਹਦੇ ਦੇ ਉਤੇ ਇਹ ਅਸਰ ਕਰੇਗਾ। ਇਹ ਲਾਇਆ ਜਾਂਦਾ ਹੈ ਫੇਰ ਇਹ ਉਗਦਾ ਹੈ, ਫੇਰ ਵਧਦਾ ਹੈ, ਸਾਰਾ ਕਰੀ ਜਾਂਦੇ ਨੇ ਲੇਕਿਨ ਬੁਝਿਆ ਕਿਸੇ ਨੇ ਨਹੀਂ, ਜਾਣਿਆ ਹੀ ਹੈ। ਇਕ ਬੰਦਾ ਆਉਂਦਾ ਹੈ ਆ ਕੇ ਅੰਬ ਚੂਸਣ ਲੱਗ ਜਾਂਦਾ ਹੈ। ਜਿਸ ਨੇ ਚੂਪਣਾ ਸ਼ੁਰੂ ਕਰ ਦਿੱਤਾ। ਜਿਸ ਨੇ ਜਾਣਿਆ ਹੈ, ਉਸ ਨੂੰ ਕੁਝ ਨਹੀਂ ਪਤਾ ਲੱਗਿਆ। ਸੋ ਜਾਨਣ ਤੇ ਬੁਝਣ ਦਾ ਫਰਕ ਹੋਇਆ ਕਰਦਾ ਹੈ। ਮਹਾਰਾਜ ਨੇ ਕਿਹਾ ਹੈ -

*ਆਵਨ ਆਏ ਸ੍ਰਿਸਟਿ ਮਹਿ ਬਿਨੁ ਬੂਝੇ ਪਸੁ ਢੋਰ॥*

*ਅੰਗ - 251*

ਅਸੀਂ ਤਾਂ ਪਸ਼ੂਆਂ ਵਿਚ ਗਿਣ ਦਿੱਤੇ ਮਹਾਰਾਜ ਨੇ -

*ਨਾਨਕ ਗੁਰਮੁਖਿ ਸੋ ਬੁਝੈ ਜਾ ਕੈ ਭਾਗ ਮਥੋਰ॥*

*ਅੰਗ - 251*

ਜਾਣਦੀ ਦੁਨੀਆ ਸਾਰੀ ਹੈ, ਦਾਰਸ਼ਨਿਕ ਜਾਣਦੇ ਨੇ, ਪੜ੍ਹੇ ਲਿਖੇ ਜਾਣਦੇ ਨੇ, ਕਥਾ ਕਰਨ ਵਾਲੇ ਜਾਣਦੇ ਨੇ, ਵਿਖਿਆਨ ਕਰਨ ਵਾਲੇ ਜਾਣਦੇ ਨੇ ਪਰ ਬੁਝਣ ਵਾਲਾ ਸ਼ਾਇਦ ਇਕ ਅੱਧਾ ਹੋ ਜਾਵੇ ਤਾਂ ਹੋ ਜਾਵੇ। ਜਿਹੜਾ ਇਕ ਅੱਧਾ ਹੋ ਗਿਆ ਉਸ ਦੀ ਨਾ ਕਹੀ ਜਾਂਦੀ ਹੈ ਨਾ ਉਸ ਦੇ ਬਾਰੇ ਕੁਝ ਕਿਹਾ ਜਾ ਸਕਦਾ ਹੈ -

*ਕਬੀਰ ਜਾ ਕਉ ਖੋਜਤੇ ਪਾਇਓ ਸੋਈ ਠਉਰੁ॥*
*ਸੋਈ ਫਿਰਿ ਕੈ ਤੂ ਭਇਆ ਜਾ ਕਉ ਕਹਤਾ ਅਉਰੁ॥*

*ਅੰਗ - 1369*

ਔਰ ਹੀ ਖਤਮ ਹੋ ਜਾਂਦੀ ਹੈ, ਦ੍ਵੈਤ ਖਤਮ ਹੋ ਜਾਂਦੀ ਹੈ, ਕੁਝ ਰਹਿੰਦਾ ਹੀ ਨਹੀਂ ਬਾਕੀ। ਸੋ ਮੈਂ ਕਹਿੰਦਾ ਸੀ ਕਿ ਤਿੰਨ ਟੁਕੜੇ ਕਰ ਦਿੱਤੇ ਹਉਮੈ ਨੇ। ਮਹਾਰਾਜ ਕਹਿੰਦੇ ਇਹ ਜਿਹੜੀ ਹਉਮੈ ਹੈ ਇਸ ਨੂੰ ਕੱਟ ਲੈ, ਫੇਰ ਤੇਰੀ ਗੱਲ ਬਸ ਖਤਮ ਹੋਈ ਹੋਈ ਹੈ। ਇਥੋ ਤੱਕ ਤਾਂ ਜਗਿਆਸੂ ਪਿਛਲੇ ਜਨਮਾਂ ਦੀ ਤਪਸਿਆ ਨਾਲ, ਮਹਾਂਪੁਰਸ਼ਾਂ ਦੀ ਸੰਗਤ ਨਾਲ ਪਹੁੰਚ ਜਾਂਦਾ ਹੈ। ਉਹ ਵੀ ਉਨ੍ਹਾਂ ਦੀ ਕਿਰਪਾ ਹੋਵੇ ਤਾਂ ਪਹੁੰਚਦਾ ਹੈ, ਇਕੱਲਾ ਬਲ ਨਹੀਂ ਹੈ -

*ਇਸ ਕਾ ਬਲੁ ਨਾਹੀ ਇਸੁ ਹਾਥ॥*
*ਕਰਨ ਕਰਾਵਨ ਸਰਬ ਕੋ ਨਾਥ॥* *ਅੰਗ - 277*

ਜਿਹੜੇ ਇਹ ਕਹਿੰਦੇ ਨੇ ਮੈਂ ਤਪ ਕਰਕੇ ਪਹੁੰਚ ਜਾਵਾਂਗੇ ਨਹੀਂ ਪਹੁੰਚਦੇ ਰਹਿ ਜਾਂਦੇ ਨੇ। ਮਹਾਤਮਾ ਬੁੱਧ ਨੇ ਬੜਾ ਯਤਨ ਕਰਿਆ, 6 ਗੁਰੂ ਬਦਲੇ ਉਸ ਨੇ, ਲਗਨ ਬਹੁਤ ਪੱਕੀ ਸੀ, ਲੇਕਿਨ ਜਿਹੜੇ ਛੇ ਦੇ ਛੇ ਸੀ ਉਹ ਅਖੀਰਦੇ ਦਰਜੇ ਦੇ ਨਹੀਂ ਸੀ, ਤੱਤ ਬੇਤੇ ਨਹੀਂ ਸੀ। ਫੇਰ ਆਪ ਮਿਹਨਤ ਕਰੀ, ਨਿਰਵਾਣ ਤੱਕ ਤਾਂ ਉਹ ਗਿਆ

ਪਹੁੰਚ, ਅਭੇਦ ਅਵਸਥਾ ਨਹੀਂ ਉਸ ਨੂੰ ਪ੍ਰਾਪਤ ਹੋਈ। ਇਥੇ ਰੁਕ ਗਿਆ, ਰੁਕਿਆ ਹੋਣ ਕਰਕੇ ਉਸ ਨੇ ਰੱਬ ਦੀ ਕੋਈ ਗੱਲ ਹੀ ਨਹੀਂ ਕਰੀ ਪਰ ਇਮਾਨਦਾਰ ਸੀ। ਅਸੀਂ ਤਾਂ ਸੁਣੀਆਂ ਸੁਣਾਈਆਂ ਰੱਬ ਦੀਆਂ ਗੱਲਾਂ ਕਰ ਦਿੰਦੇ ਹਾਂ, ਉਹ ਬਹੁਤ ਇਮਾਨਦਾਰ ਸੀ ਉਸ ਨੇ ਕਿਹਾ ਮੈਨੂੰ ਨਹੀਂ ਪਤਾ ਲੱਗਿਆ ਅਜੇ ਕੋਈ।

ਸੋ ਜਗਿਆਸੂ ਜੋ ਹੈ ਸ਼ੁਰੂ ਤੋਂ ਕਿਰਪਾ ਤੋਂ ਬਿਨਾ ਤਾਂ ਬਣਦਾ ਨਹੀਂ। ਪਹਿਲਾਂ ਤਾਂ ਪੂਰਬਲੇ ਕਰਮ ਜਾਗੇ ਹੋਣ। ਪੂਰਬਲੇ ਕਰਮ ਜਾਗ ਕੇ ਕਰਦੇ ਕੀ ਨੇ? ਸਤਿਸੰਗ ਮਿਲਾ ਦਿੰਦੇ ਨੇ, ਸਾਧੂ ਦਾ ਦਰਸ਼ਨ ਕਰਾ ਦਿੰਦੇ ਨੇ। ਦੋ ਸ਼ੁਭ ਕਰਮ ਕਰਦੇ ਨੇ। ਜਦੋਂ ਪੁੰਨਾਂ ਦਾ ਅਤਿ ਫਲ ਵਧ ਜਾਂਦਾ ਹੈ। ਚਾਹੇ ਇਲਾਕੇ ਦਾ ਵਧ ਜਾਵੇ, ਚਾਹੇ ਕਿਸੇ ਬੰਦੇ ਦਾ ਅਪਣਾ ਵਧ ਜਾਵੇ। ਉਸ ਵੇਲੇ ਹੁੰਦਾ ਕੀ ਹੈ –

*ਪੂਰਬ ਕਰਮ ਅੰਕੁਰ ਜਬ ਪ੍ਰਗਟੇ ਭੇਟਿਓ ਪੁਰਖੁ ਰਸਿਕ ਬੈਰਾਗੀ॥*
*ਅੰਗ - 204*

ਉਸ ਵੇਲੇ ਪਰਮੇਸ਼ਰ ਦੀ ਕਥਾ ਦਾ ਕੋਈ ਸਮਾਗਮ ਬਣ ਜਾਂਦਾ ਹੈ ਇਲਾਕੇ ਦਾ। ਸਮਝ ਲਓ ਕਿ ਇਲਾਕੇ ਦੇ ਵਿਚ ਜਿਹੜੇ ਪੂਰਬਲੇ ਕਰਮਾਂ ਵਾਲੇ ਸੀ ਪ੍ਰੇਮੀ। ਉਨ੍ਹਾਂ ਦੇ ਕਰਮ ਜਾਗ ਪਏ, ਉਨ੍ਹਾਂ ਕਰਮਾਂ ਨੇ ਪ੍ਰੇਰਨਾ ਸਾਨੂੰ ਵੀ ਦਿੱਤੀ ਕਿ ਚੱਲ ਉਥੇ। ਤੁਹਾਨੂੰ ਵੀ ਦਿੱਤੀ ਕਿ ਚਲੋ ਭਾਈ! ਬਹਿਰਾਮ ਚਲੋ। ਇਹ ਆਪਣੇ ਵਸ ਦੀ ਬਾਤ ਨਹੀਂ, ਇਹ ਪੂਰਬਲੇ ਕਰਮ ਜਿਹੜੇ ਨੇ ਇਹ ਪ੍ਰੇਰਨਾ ਦੇ ਰਹੇ ਨੇ ਅੰਦਰੋਂ, ਬਾਰ-ਬਾਰ ਕਹਿ ਰਹੇ ਨੇ ਕਿ ਜਲਦੀ ਕਰੋ ਕੋਈ ਬਚਨ ਰਹਿ ਨਾ ਜਾਵੇ। ਇਹ ਸਤਿਸੰਗ ਵਿਚ ਲੈ ਆਉਂਦੇ ਨੇ। ਸਤਿਸੰਗ ਵਿਚ ਆ ਕੇ ਸਭ ਤੋਂ ਪਹਿਲੀ ਸੋਝੀ ਇਹ ਹੁੰਦੀ ਹੈ ਕਿ ਗੁਰੂ ਤੋਂ ਬਗੈਰ ਕਿਤੇ ਵੀ ਚੜ੍ਹਾਈ ਨਹੀਂ ਕਰ ਸਕਣੀ, ਗੁਰੂ ਕਰੋ। ਸਾਡੇ ਪਹਿਲਾਂ ਚਰਨਾਮ੍ਰਿਤ ਦਿਆ ਕਰਦੇ ਸੀ ਗੁਰੂ ਨੌਵੇਂ ਪਾਤਸ਼ਾਹ ਤੱਕ। ਉਸ ਤੋਂ ਬਾਅਦ ਗੁਰੂ ਦਸਮੇਸ਼ ਪਿਤਾ ਜੀ ਨੇ ਜੋ ਕੁਝ ਕਰਿਆ ਹੈ ਉਹ ਤੁਸੀਂ ਡਾਕਟਰ ਸਾਹਿਬ ਤੋਂ ਸੁਣਿਆ ਹੈ, ਵਿਸਾਖੀ ਦਾ ਲੇਖ ਪੜ੍ਹਿਓ ਆਤਮ ਮਾਰਗ ਵਿਚ। ਉਹ ਇਕ ਕਰਾਮਾਤ ਸੀ ਜੋ ਗੁਰੂ ਨਾਨਕ ਤੋਂ ਸ਼ੁਰੂ ਹੋਈ ਗੁਰੂ ਦਸਵੇਂ ਪਾਤਸ਼ਾਹ ਵੇਲੇ ਆ ਕੇ ਪੂਰੀ ਹੋਈ ਕਰਾਮਾਤ।

ਇਕ ਰੁਲਦੇ ਖੁਲਦੇ ਮਨੁੱਖ ਨੂੰ ਜਿਸ ਨੂੰ ਕੋਈ ਨਹੀਂ ਸੀ ਪੁਛਦਾ ਭੇਡਾਂ ਬਕਰੀਆਂ ਵਾਂਗ ਹੱਕੀ ਜਾਂਦੇ ਸੀ, ਕਮਾਲ ਕਰ ਦਿੱਤੀ। ਗਾਰੇ ਵਿਚੋਂ, ਚਿਕੜ ਵਿਚੋਂ ਚੁੱਕ ਕੇ ਅਧਮੋਏ ਨੂੰ ਰੱਬ ਬਣਾ ਦਿੱਤਾ ਗੁਰੂ ਮਹਾਰਾਜ ਨੇ। ਨਾਲ ਇਹ ਕਹਿ ਦਿੱਤਾ ਕਿ ਮੇਰੇ ਵਿਚ ਇਸ ਦੇ ਵਿਚ ਮੇਰੇ ਵਿਚ ਤੇ ਰੱਬ ਵਿਚ ਫਰਕ ਨਾ ਜਾਣਿਓ-

*ਆਤਮ ਰਸ ਜਿਹ ਜਾਨਹੀ ਸੋ ਹੈ ਖਾਲਸ ਦੇਵ॥*
*ਪ੍ਰਭ ਮਹਿ ਮੋ ਮਹਿ ਤਾਸ ਮਹਿ ਰੰਚਕ ਨਾਹਨ ਭੇਵ॥*

ਅਸੀਂ ਤਾਂ ਇਕ ਗੱਲ ਕਹੀ ਜਾਂਦੇ ਹਾਂ ਕਿ ਗੁਰੂ ਮਹਾਰਾਜ ਨੇ ਜੀ ਭਗਤੀ ਨਾਲ ਸ਼ਕਤੀ ਰਲਾ ਦਿੱਤੀ। ਇਹ ਗੱਲ ਵੀ ਠੀਕ ਹੈ ਲੇਕਿਨ ਸੀਮਾ ਵਿਚ ਹੈ। ਥੋੜ੍ਹੀ ਹੈ। ਗੁਰੂ ਮਹਾਰਾਜ ਨੇ ਜਿਹੜੀ ਕਰਾਮਾਤ ਕੀਤੀ ਹੈ ਇਨਸਾਨੀਅਤ ਦੇ ਉਤੇ ਉਹ ਬਹੁਤ ਵੱਡੀ ਹੈ। ਉਸ ਦਾ ਬਹੁਤ ਵਿਚਾਰ ਵਿਟਾਂਦਰਾ ਕਰਕੇ 10-11 ਪੰਨੇ ਦਾ ਉਹ ਲੇਖ ਹੈ। ਉਸ ਨੂੰ ਅੰਗ੍ਰੇਜ਼ੀ ਵਿਚ ਅਸੀਂ ਛਪਾ ਰਹੇ ਹਾਂ ਕਿ ਸਾਰੀ ਦੁਨੀਆਂ ਦੇ ਵਿਚ ਭੇਜੀਏ ਸਾਰੇ M.P, M.L.A. ਤੇ ਹੋਰ ਰਾਜਸੀ ਬੰਦਿਆਂ ਦੀਆਂ ਅੱਖਾਂ ਖੋਲ੍ਹੀਏ ਕਿ ਖਾਲਸਾ ਕੀ ਹੁੰਦਾ ਹੈ। ਇਹ ਇਕ ਆਦਰਸ਼ ਹੈ, ਪੂਰਨ ਆਦਰਸ਼ ਜਿਸ ਨਾਲ ਮਨੁੱਖ ਸ਼ੁੱਧ, ਪਵਿੱਤਰ ਹੋ ਜਾਂਦਾ ਹੈ। ਉਸ ਤੋਂ ਬਾਅਦ ਉਹ ਫੇਰ ਨਾਮ ਦਿੰਦੇ ਨੇ। ਬੜੀ ਵੱਡੀ ਬਾਤ ਹੈ। ਮੈਨੂੰ ਮਹਾਰਾਜ ਜੀ ਕਹਿੰਦੇ ਤੂੰ ਨਾਮ ਦੀ ਦਾਤ ਦੇ ਦਿਆ ਕਰ, ਕੋਈ ਮਹਾਤਮਾ ਸੀ ਬਹੁਤ ਵੱਡੇ, ਕਹਿੰਦੇ ਤੂੰ ਨਾਮ ਦੇ ਦਿਆ ਕਰ।"

ਮੈਂ ਕਿਹਾ," ਇਹ ਤਾਂ ਮੁਸ਼ਕਲ ਗੱਲਾਂ ਨੇ। ਪਹਿਲਾਂ ਉਸ ਨੂੰ ਪਵਿੱਤਰ ਕਰੋ, ਕੌਣ ਕਰੇ?"

ਇਹ ਤਾਂ ਗੁਰੂ ਮਹਾਰਾਜ ਦੀ ਬੜੀ ਭਾਰੀ ਮਿਹਰ ਹੈ ਕਿ ਗੁਰੂ ਗ੍ਰੰਥ ਸਾਹਿਬ ਮਹਾਰਾਜ ਆਪ ਹੀ ਕਰ ਦਿੰਦੇ ਨੇ ਸਭ ਕੁਝ । ਜਿਹੜਾ ਸਰੀਰਕ ਕੰਮ ਹੈ ਉਹ ਪੰਜ ਸਿੰਘਾਂ ਤੋਂ ਕਰਾਉਂਦੇ ਨੇ, ਪੰਜ ਪਿਆਰੇ ਉਨ੍ਹਾਂ ਨੂੰ ਆਖਿਆ ਜਾਂਦਾ ਹੈ, ਦੁਪਿਆਰੇ ਨਹੀਂ ਹਨ, ਮਾਇਆ ਦੇ ਪਿਆਰੇ ਨਹੀਂ ਹਨ, ਉਹ ਬਾਲ ਬੱਚੇ ਦੇ ਪਿਆਰੇ ਨਹੀਂ ਹਨ, ਉਹ ਜ਼ਮੀਨਾਂ-ਜਾਇਦਾਦਾਂ ਦੇ ਪਿਆਰੇ ਨਹੀਂ ਹਨ ਉਹ ਗੁਰੂ ਦੇ ਪਿਆਰੇ ਨੇ। ਗੁਰੂ ਪਿਆਰੇ ਜਦੋਂ ਪੰਜ ਖੜ੍ਹ ਕੇ ਸਨਿਮਰ ਹੋ ਕੇ ਬੇਨਤੀ ਕਰਦੇ ਨੇ ਉਸ ਵੇਲੇ –

*ਸਤਿਗੁਰੁ ਜਾਗਤਾ ਹੈ ਦੇਉ॥* *ਅੰਗ - 479*

ਮਤ ਭੁਲਿਓ ਕਿ ਇਹ ਤਾਂ ਜੀ ਅੱਖਰ ਨੇ, ਗੁਰੂ ਗ੍ਰੰਥ ਸਾਹਿਬ ਹੈ। ਉਹ ਜਾਗਦਾ ਦੇਵ ਹੈ ਜਿਹੜਾ ਸਾਨੂੰ ਦਿਸ ਨਹੀਂ ਰਿਹਾ ਇਨ੍ਹਾਂ ਅੱਖਾਂ ਨਾਲ, ਉਹ ਪ੍ਰਵੇਸ਼ ਕਰ ਜਾਂਦਾ ਹੈ ਪੰਜਾਂ ਵਿਚ, ਫੇਰ ਜਿਹੜੇ ਪਹਿਲੇ ਬੰਦੇ ਸੀ ਉਨ੍ਹਾਂ ਦੀ ਜ਼ਿੰਮੇਵਾਰੀ ਖਤਮ ਹੋ ਗਈ। ਉਹ ਇਕ ਪੂਰਾ ਰੂਪ ਗੁਰੂ ਦਾ ਹੋ ਗਿਆ। ਗੁਰੂ ਗ੍ਰੰਥ ਸਾਹਿਬ ਦਾ ਜਿਹੜਾ ਸਰੀਰਕ ਕੰਮ ਕਰਨ ਵਾਲਾ ਸੀ ਉਹ ਫੇਰ ਆਪਣਾ ਕੰਮ ਪੰਜ ਤੋਂ ਲੈਂਦੇ ਨੇ ਇਕ ਤੋਂ ਨਹੀਂ ਲੈਂਦੇ, ਹੋ ਸਕਦਾ ਹੈ ਇਕ ਅਧੂਰਾ ਹੋਵੇ, ਉਸ ਵੇਲੇ ਉਹ ਨਾਮ ਦੀ ਦਾਤ ਦਿੰਦੇ ਹਨ। ਇਹ ਦੂਜਾ ਕੰਮ ਹੁੰਦਾ ਹੈ ਸਤਿਸੰਗ ਵਿਚ ਆਏ ਹਾਂ। ਤੀਸਰਾ ਹੁੰਦਾ ਹੈ ਫੇਰ ਸੰਗਤ ਨਾਮ ਜੱਪਣ ਵਾਲਿਆਂ ਦੀ, ਉਨ੍ਹਾਂ ਨੂੰ ਕੁਝ ਕਹਿ ਲਓ, ਕੋਈ ਸਾਧੂ ਕਹਿ ਲਓ, ਗੁਰਮੁਖ ਕਹਿ ਲਓ ਨਾਮ ਦਾ ਨਹੀਂ ਫਰਕ, ਨਾਮ ਰੱਖੇ ਗਏ ਨੇ ਕਿਉਂਕਿ ਉਨ੍ਹਾਂ ਕਰਤਵ ਐਸੇ ਹੁੰਦੇ ਨੇ –

*ਜਿਨਾ ਸਾਸਿ ਗਿਰਾਸਿ ਨ ਵਿਸਰੈ ਹਰਿ ਨਾਮਾਂ ਮਨਿ ਮੰਤੁ॥*
*ਧੰਨੁ ਸਿ ਸੇਈ ਨਾਨਕਾ ਪੂਰਨੁ ਸੋਈ ਸੰਤੁ॥ ਅੰਗ - 319*

ਜਿਨ੍ਹਾਂ ਦੀ ਦ੍ਵੈਤ ਪੂਰੀ ਤਰ੍ਹਾਂ ਦੂਰ ਹੋ ਗਈ ਤੇ ਜਿਨ੍ਹਾਂ ਦੀ ਦ੍ਰਿਸ਼ਟੀ ਵਿਚ ਸੰਸਾਰ ਪਰਮੇਸ਼ਰ ਹੁੰਦਾ ਹੈ, ਆਪਣਾ ਆਪ ਕੁਝ ਨਹੀਂ ਬਚਿਆ ਹੁੰਦਾ ਉਨ੍ਹਾਂ ਕੋਲ। ਉਹ ਨਾ ਸੰਤ ਹੁੰਦੇ ਨੇ ਨਾ ਅਸੰਤ, ਕੁਝ ਵੀ ਨਹੀਂ ਹੁੰਦੇ। ਜੋ ਹੈ ਉਨ੍ਹਾਂ ਨੂੰ ਆਪ ਪਤਾ ਹੈ, ਬੋਲੀ ਨਹੀਂ ਹੈ, ਅੱਖਰ ਨਹੀਂ ਹਨ ਜਿਨ੍ਹਾਂ ਨਾਲ ਉਹ ਦਸ ਦੇਣ ਕਿ ਅਸੀਂ ਕੀ ਹਾਂ। ਮਹਾਰਾਜ ਕਹਿੰਦੇ –

*ਊਚਾ ਨਹੀ ਕਹਣਾ ਮਨ ਮਹਿ ਰਹਣਾ.........॥*

*ਅੰਗ - 580*

ਸੋ ਉਸ ਵੇਲੇ ਉਨ੍ਹਾਂ ਤੋਂ ਨਾਮ ਲੈ ਕੇ ਉਨ੍ਹਾਂ ਦੀ ਸੰਗਤ ਵਿਚ ਨਾਮ ਜਪਿਆ ਜਾਂਦਾ ਹੈ।

*ਪੂਰਬ ਕਰਮ ਅੰਕੁਰ ਜਬ ਪ੍ਰਗਟੇ*
*ਭੇਟਿਓ ਪੁਰਖੁ ਰਸਿਕ ਬੈਰਾਗੀ॥*
*ਮਿਟਿਓ ਅੰਧੇਰੁ ਮਿਲਤ ਹਰਿ ਨਾਨਕ*
*ਜਨਮ ਜਨਮ ਕੀ ਸੋਈ ਜਾਗੀ॥* *ਅੰਗ - 204*

ਮਹਾਰਾਜ ਨੇ ਜਨਮ ਦਰ ਜਨਮ ਕਿਹਾ ਹੈ, ਜਨਮ ਦਰ ਜਨਮ ਅਸੀਂ ਸੁੱਤੇ ਪਏ ਹਾਂ। ਅਸੀਂ ਕਹਿੰਦੇ ਹਾਂ ਅਸੀਂ ਤਾਂ ਤੁਰਦੇ ਹਾਂ। ਉਹ ਕਹਿੰਦੇ ਸੁੱਤਾ ਪਿਆ ਹੀ ਤੁਰਦਾ ਹੈ। ਇਹ ਨੀਂਦ ਹੈ ਤੇਰੀ ਭਰਮ ਹੈ, ਅਗਿਆਨ, ਅਵਿਦਿਆ ਦੇ ਵਿਚ ਤੂੰ ਤੁਰਿਆ ਫਿਰਦਾ ਹੈ ਤੈਨੂੰ ਜਾਗ ਨਹੀਂ ਆਈ, ਜਾਗ ਆਏਗੀ ਜਦੋਂ ਤੈਨੂੰ ਸਤਿਗੁਰੂ ਦੀ ਕਿਰਪਾ ਹੋਏਗੀ। ਸੋ ਇਸ ਤਰ੍ਹਾਂ ਦੇ ਨਾਲ ਅਸੀਂ ਫੇਰ ਹੌਲੀ ਹੌਲੀ ਤਰੱਕੀ ਕਰਦੇ ਹਾਂ। ਅੰਮ੍ਰਿਤ ਵੇਲੇ ਜਾਗਦੇ ਹਾਂ, ਨਾਮ ਜਪਦੇ ਹਾਂ, ਬਾਣੀ ਪੜ੍ਹਦੇ ਹਾਂ, ਸੁਣਦੇ ਹਾਂ, ਸਤਿਸੰਗਾਂ ਵਿਚ ਜਾਂਦੇ ਹਾਂ। ਸਤਿਸੰਗ ਦੇ ਬਾਰੇ ਮੈਂ ਇਕ ਬੇਨਤੀ ਕਰਦਾ ਹਾਂ ਸਤਿਸੰਗ ਸਾਰੇ ਨਹੀਂ ਹੋਇਆ ਕਰਦੇ, ਸਤਿਸੰਗ ਦੀ ਵਿਆਖਿਆ ਮਹਾਰਾਜ ਨੇ ਕਰ ਦਿੱਤੀ –

*ਸਤਿਸੰਗਤਿ ਕੈਸੀ ਜਾਣੀਐ॥*
*ਜਿਥੈ ਏਕੋ ਨਾਮੁ ਵਖਾਣੀਐ॥* *ਅੰਗ - 72*

ਜਿਥੇ ਲੋਕਾਂ ਨੂੰ ਗਾਲ੍ਹਾ ਕੱਢੋ। ਸਾਰੀ ਸ੍ਰਿਸ਼ਟੀ ਜਿੰਨੀ ਹੈ, 6 ਅਰਬ ਦੇ ਕਰੀਬ ਤੋਂ ਉਤੇ ਲੰਘੀ ਹੋਈ ਉਸ ਦੇ ਉਧਾਰ ਵਾਸਤੇ ਪਰਮੇਸ਼ਰ ਨੇ ਆਦਿ ਜੁਗਾਦਿ ਤੋਂ ਹੀ ਇੰਤਜਾਮ ਕੀਤਾ ਹੋਇਆ ਹੈ। ਜਦੋਂ ਅਸੀਂ ਨਹੀਂ ਸੀ ਉਦੋਂ ਵੀ ਸੀ, ਲੱਖ ਸਾਲ ਪਹਿਲਾਂ ਵੀ ਸੀ, 10 ਲੱਖ ਸਾਲ ਪਹਿਲਾਂ ਵੀ ਸੀ। ਉਸ ਵੇਲੇ ਵੀ ਗੁਰੂ ਦੀ ਬਾਣੀ ਸੀ।

ਗੁਰੂ ਦਾ ਕਦੇ ਅਭਾਵ ਨਹੀਂ ਹੋਇਆ ਕਰਦਾ, ਸਦਾ ਸਦਾ ਗੁਰੂ ਜੋਤੀ ਹੈ, ਪਰਮੇਸ਼ਰ ਆਪ ਹੈ ਗੁਰੂ, ਗੁਰੂ ਹੋਰ ਨਹੀਂ ਹੋਇਆ ਕਰਦਾ –

*ਸਮੁੰਦੁ ਵਿਰੋਲਿ ਸਰੀਰੁ ਹਮ ਦੇਖਿਆ*
*ਇਕ ਵਸਤੁ ਅਨੂਪ ਦਿਖਾਈ॥*
*ਗੁਰ ਗੋਵਿੰਦੁ ਗੁੋਵਿੰਦੁ ਗੁਰੂ ਹੈ ਨਾਨਕ ਭੇਦੁ ਨ ਭਾਈ॥*

*ਅੰਗ - 442*

ਜਿਵੇਂ ਜੋਤੀ ਸਾਰੇ ਪਸਰੀ ਹੋਈ ਹੈ, ਇਕ ਰੱਬ ਤੋਂ ਅਸੀਂ ਅਨੇਕ ਰੂਪ ਧਾਰੇ ਹੋਏ ਨੇ –

*ਏਕ ਮੂਰਤਿ ਅਨੇਕ ਦਰਸਨ ਕੀਨ ਰੂਪ ਅਨੇਕ॥*
*ਖੇਲ ਖੇਲ ਅਖੇਲ ਖੇਲਨ ਅੰਤ ਕਉ ਫਿਰ ਏਕ॥*

*(ਜਾਪੁ ਸਾਹਿਬ)*

ਜਿਹੋ ਜਿਹੀ ਲੋੜ ਹੈ, ਜਿਹੋ ਜਿਹੀ ਦੁਨੀਆ ਹੈ, ਜਿਹੋ ਜਿਹੇ ਹਾਲਾਤ ਨੇ ਪਰਮੇਸ਼ਰ ਉਸੇ ਦੇ ਮੁਤਾਬਕ ਭੇਜਦਾ ਰਹਿੰਦਾ ਹੈ। ਤੁਸੀਂ ਆਪਣੀ ਗੱਲ ਕਰੋ, ਆਪਣੇ ਧਰਮ ਵਿਚ ਪੱਕੇ ਰਹੋ ਦੂਜਿਆਂ ਦੇ ਧਰਮ ਨਾ ਗਿਰਾਓ। ਮਹਾਰਾਜ ਨੇ ਕਿਹਾ ਹੈ ਹੇ ਸੱਚੇ ਪਾਤਸ਼ਾਹ!

*ਜਗਤੁ ਜਲੰਦਾ ਰਖਿ ਲੈ ਆਪਣੀ ਕਿਰਪਾ ਧਾਰਿ॥*
*ਜਿਤੁ ਦੁਆਰੈ ਉਬਰੈ ਤਿਤੈ ਲੈਹੁ ਉਬਾਰਿ॥*

*ਅੰਗ - 853*

ਜਿਥੋਂ ਦੀ ਲੰਘ ਸਕਦਾ ਹੈ ਉਥੋਂ ਦੀ ਲੰਘਾ ਦਿਓ, ਸਾਰੇ ਸਾਡੇ ਜਹਾਜ ਤੇ ਬੈਠੋ, ਇਹ ਅਸੀਂ ਨਹੀਂ ਕਹਿੰਦੇ। ਸਾਡਾ ਤਰੀਕਾ ਆਪਣਾ, ਦੂਜਿਆਂ ਦਾ ਆਪਣਾ ਹੈ। ਈਸਾਈ ਬਤਿਸਮਾ ਦੇਂਦੇ ਨੇ, ਇਸਲਾਮ ਵਾਲੇ ਹੋਰ ਸ਼ਰ੍ਹਾ ਵਰਤਦੇ ਨੇ। ਇਸੇ ਤਰ੍ਹਾਂ ਹੋਰ ਸਾਧੂ ਮਹਾਤਮਾ ਨੇ ਆਪਣੇ ਆਪਣੇ ਉਨ੍ਹਾਂ ਦੇ ਤਰੀਕੇ ਨੇ, ਆਪਣੀਆਂ ਆਪਣੀਆਂ ਉਨ੍ਹਾਂ ਦੀਆਂ ਜੁਗਤਾਂ ਨੇ। ਸੋ ਪਹਿਲੀ ਗੱਲ ਇਹ ਹੈ ਕਿ ਸਾਨੂੰ, ਰਹਿਤਨਾਮੇ ਵਿਚ ਆਉਂਦਾ ਹੈ ਕਿ ਆਪਣੇ ਨਿਸ਼ਚੇ ਵਿਚ ਪੱਕੇ ਰਹੋ ਪਰ ਦੂਸਰਿਆਂ ਦੇ ਨਿਸ਼ਚੇ ਨਾ ਗਿਰਾਓ, ਉਨ੍ਹਾਂ ਦਾ ਵੀ ਸਤਿਕਾਰ ਕਰੋ। ਦੂਸਰੇ ਧਰਮਾਂ ਦਾ ਪੂਰਾ ਸਤਿਕਾਰ ਕਰੋ। ਇਕ ਗੱਲ ਦਾ ਸਾਨੂੰ ਪਤਾ ਨਹੀਂ ਲਗਦਾ, ਗੁਰੂ ਦਸਮੇਸ਼ ਪਿਤਾ ਨੇ ਜਦੋਂ ਔਰੰਗਜੇਬ ਨੂੰ ਚਿੱਠੀ ਲਿਖੀ ਉਸ ਦੇ ਵਿਚ ਲਿਖਿਆ ਹੋਇਆ ਹੈ ਔਰੰਗਜੇਬ! ਜਦੋਂ ਸਾਡੇ ਕੋਲੋਂ ਤੂੰ ਕਿਲ੍ਹਾ ਛਡਾਇਆ ਉਸ ਵੇਲੇ ਇਕ ਸੰਕਟ ਸਾਡੇ ਸਾਹਮਣੇ ਸੀ ਜ਼ਬਰਦਸਤ, ਇਕ ਬੜਾ ਭਾਰਾ ਮਸਲਾ ਸਾਡੇ ਸਾਹਮਣੇ ਆ ਗਿਆ। ਉਹ ਇਹ ਸੀ ਤੂੰ ਸੀ ਤਾਂ ਨਾਸਤਕ, ਕਾਫਰ ਪਰ ਤੂੰ ਕੁਰਾਨ ਸਰੀਫ ਰੱਖ ਦਿੱਤਾ ਨਾਲ, ਕੁਰਾਨ ਸਰੀਫ ਧਾਰਮਿਕ ਪੁਸਤਕ ਹੈ, ਜਿਨ੍ਹਾਂ ਤੋਂ ਲੱਖਾਂ ਬੰਦੇ, ਕਰੋੜਾਂ ਬੰਦੇ ਵਰੋਸਾਏ ਜਾਂਦੇ ਨੇ। ਹੁਣ ਸਾਡਾ ਇਹ ਫਰਜ ਬਣਦਾ ਸੀ ਕਿ ਕੀ ਅਸੀਂ ਰੱਦ ਕਰ ਦੇਈਏ ਉਸ ਨੂੰ ਜਾਂ ਉਸ ਦਾ ਆਦਰ ਕਰੀਏ। ਐ ਔਰੰਗਜੇਬ! ਮੈਂ ਕੁਰਾਨ ਸਰੀਫ ਦਾ ਜੇ ਆਦਰ ਨਾ ਕਰਦਾ, ਤੂੰ ਤਾਂ ਨਾਸਤਕ ਹੈਂ, ਕਾਫਰ ਹੈਂ ਦੱਸ, ਕੌਣ ਉਸ ਦਾ ਆਦਰ ਕਰਦਾ? ਮੈਨੂੰ ਪਤਾ ਸੀ ਕਿ ਤੁਸੀਂ ਹੱਲਾ ਕਰਨਾ ਹੈ ਸਾਡੇ ਉਤੇ। ਕਿੱਡਾ ਸਤਿਕਾਰ ਮਹਾਰਾਜ ਜੀ ਨੇ ਦੱਸਿਆ। ਕਿਸੇ ਧਰਮ ਨੂੰ ਨਿੰਦੋ ਨਾ, ਮਾੜਾ ਨਾ ਕਹੋ। ਮਾੜਾ ਕਹਿਣਾ ਆਪਣੇ ਆਪ ਹੀ ਮਾੜਾ ਹੁੰਦਾ ਹੈ। ਬਾਣੀ ਕਹਿੰਦੀ ਹੈ–

*ਕਬੀਰ ਸਭ ਤੇ ਹਮ ਬੁਰੇ ਹਮ ਤਜਿ ਭਲੋ ਸਭੁ ਕੋਇ॥*

*ਅੰਗ - 1364*

(ਬਾਕੀ ਪੰਨਾ 37 ਤੇ)

(ਪੰਨਾ 28 ਦੀ ਬਾਕੀ)

ਮੈਨੂੰ ਛੱਡ ਕੇ ਬਾਕੀ ਦਾ ਸੰਸਾਰ ਭਲਿਆਂ ਦਾ ਹੀ ਹੈ, ਮੈਂ ਹੀ ਬੁਰਾ ਹਾਂ।

***ਜਿਨਿ ਐਸਾ ਕਰਿ ਬੂਝਿਆ ...........॥ਅੰਗ - 1364***

ਜਾਣਿਆ ਨਹੀਂ ਇਥੇ ਫੇਰ ਬੁਝਿਆ ਆਉਂਦਾ ਹੈ। ਜਿਸ ਨੇ ਦਿਲੋਂ ਬੁਝ ਲਈ ਇਹ ਗੱਲ ਕਹਿੰਦੇ –

*........... ਮੀਤੁ ਹਮਾਰਾ ਸੋਇ॥ ਅੰਗ - 1364*

ਉਹ ਤਾਂ ਸਾਡੀ ਲਾਇਨ ਵਿਚ ਆ ਕੇ ਖੜ੍ਹਾ ਹੋ ਗਿਆ ਕਬੀਰ ਸਾਹਿਬ ਦੀ, ਗੁਰੂ ਨਾਨਕ ਸਾਹਿਬ ਦੀ –

***ਹਮ ਨਹੀ ਚੰਗੇ ਬੁਰਾ ਨਹੀ ਕੋਇ॥ ਅੰਗ - 728***

ਸੋ ਗੁਰਬਾਣੀ ਦੀ ਇਕ ਇਕ ਤੁਕ ਹੈ ਇਹ ਬੜੇ ਵੱਡੇ ਸਿਧਾਂਤ ਨੇ। ਸੋ ਇਸ ਤਰ੍ਹਾਂ ਹੌਲੀ ਹੌਲੀ ਤਰੱਕੀ ਕਰਕੇ ਅਸੀਂ ਚਲਦੇ ਹਾਂ। ਸੋ ਭਾਈ ਮੰਝ ਨੇ ਗੁਰੂ ਮਹਾਰਾਜ ਦੀ ਸੇਵਾ ਕੀਤੀ ਬਹੁਤ ਉੱਚੀ ਅਵਸਥਾ ਵਿਚ ਪਹੁੰਚ ਗਿਆ। ਸਾਰੀਆਂ ਮੰਜ਼ਲਾਂ ਤੈਅ ਕਰ ਲਈਆਂ। ਇਕ ਰਹਿ ਗਈ ਜਿਥੇ ਗੁਰੂ ਨੇ ਮਦਦ ਕਰਨੀ ਸੀ ਪਸੀਜ ਕੇ। ਦਇਆਲ ਹੋਵੇ, ਕਿਵੇਂ ਕੋਈ ਐਸੀ ਗੱਲ ਹੋਵੇ। ਦਇਆਲਤਾ ਦੀ ਲਹਿਰ ਚਲਦੀ ਹੈ ਗੁਰੂ ਦੇ ਅੰਦਰ। ਜਦੋਂ ਉਹ ਦਇਆਲ ਹੋ ਜਾਂਦਾ ਹੈ ਤਾਂ ਕੁਝ ਮੰਗ ਲਓ। ਜਦੋਂ ਦਾਤ ਦੇਣ ਲਗਦਾ ਹੈ ਦਇਆਲ ਹੋ ਕੇ ਦਿੰਦਾ ਹੈ। ਕੱਲ੍ਹ ਨੂੰ ਮੈਂ ਬੇਨਤੀ ਕਰਾਂਗਾ ਕਿਉਂਕਿ ਵਿਸਥਾਰ ਹੋ ਜਾਣਾ ਹੈ ਜ਼ਿਆਦਾ। ਸੋ ਗੁਰੂ ਮਹਾਰਾਜ ਨੇ ਗੁਰਸਿਖ ਨੂੰ ਪਰਖਿਆ, ਦੇਖਿਆ ਕਿ ਹੁਣ ਆਖਰੀ ਅਵਸਥਾ ਤੇ ਪਹੁੰਚ ਗਿਆ ਹੈ ਤੇ ਮੈਂ ਆਪਣੇ ਨਾਲ ਅਭੇਦ ਕਰਨਾ ਹੈ ਇਸ ਨੂੰ। ਸਿਖ ਦਾ ਤੇ ਗੁਰੂ ਦਾ ਜਿਹੜਾ ਵੱਖਰਾ ਵੱਖਰਾ ਅਨੁਭਵ ਹੈ ਇਹ ਮੈਂ ਇਕ ਕਰਨਾ ਹੈ। ਉਹ ਇਕ ਤਾਂ ਕਰਦਾ ਹੈ ਜੇ ਉਹ ਫਨਾਹ ਹੋਵੇ, ਜਿੰਨਾ ਚਿਰ ਫਨਾਹ ਨਹੀਂ ਹੁੰਦਾ, ਇਸਲਾਮ ਵਾਲਿਆਂ ਦੀ ਆਖਰੀ ਅਵਸਥਾ ਸੂਫੀਆਂ ਦੀ ਫਨਾਹ-ਫਿੱਲਾ ਹੈ ਜਾਂ ਫਨਾ-ਏ-ਅੱਲ੍ਹਾ ਕਹਿ ਦਿੰਦੇ ਨੇ। ਰੱਬ ਦੇ ਵਿਚ ਅਭੇਦ ਹੋ ਜਾਣਾ, ਆਪਣਾ ਆਪਾ ਖਤਮ ਹੋ ਜਾਣਾ ਤੇ ਰੱਬ ਹੀ ਪਰਮੇਸ਼ਰ ਪਹਿਲਾ ਵੀ ਹੈ, ਉਹ ਜਿਹੜੀ ਹਉਮੈ ਦੀ ਖਾਈ ਸੀ, ਬੁਲਬੁਲਾ ਬਣਿਆ ਹੋਇਆ ਸੀ ਉਹ ਖਤਮ ਹੋ ਜਾਂਦਾ ਹੈ, ਹੈ ਤਾਂ ਰੱਬ ਹੀ –

***ਜਲ ਤਰੰਗ ਅਰੁ ਫੇਨ ਬੁਦਬੁਦਾ ਜਲ ਤੇ ਭਿੰਨ ਨ ਹੋਈ॥***
***ਅੰਗ - 485***

ਲੇਕਿਨ ਮਾਇਆ ਦੇ ਵਿਚ ਚੇਤੰਨਤਾ ਆਉਣ ਕਰਕੇ –

***ਕਬੀਰ ਨਿਰਮਲ ਬੂੰਦ ਅਕਾਸ ਕੀ ਪਰਿ ਗਈ ਭੂਮਿ ਬਿਕਾਰ॥***
***ਬਿਨੁ ਸੰਗਤਿ ਇਉ ਮਾਂਨਈ ਹੋਇ ਗਈ ਭਠ ਛਾਰ॥***
***ਅੰਗ - 1375***

ਉਸ ਦੇ ਨਾਲੋਂ, ਅਸਲ ਨਾਲੋਂ ਟੁੱਟ ਕੇ ਮਾਇਆ ਦਾ ਹੀ ਰੂਪ ਜੜ੍ਹ ਬਣ ਗਈ। ਇਸ ਨੂੰ ਮੁੜ ਕੇ ਉਸ ਦੀ ਅਸਲੀ ਮੂਰਤ ਵਿਚ ਲਿਆਉਣਾ ਗੁਰੂ ਦਾ ਕੰਮ ਹੁੰਦਾ ਹੈ, ਗੁਰੂ ਤੋਂ ਬਗੈਰ ਨਹੀਂ ਇਹ ਕਦੇ ਵੀ ਹੁੰਦਾ ਜਿੰਨਾ ਜੀਅ ਕਰਦਾ ਹੈ ਜ਼ੋਰ ਲਾ ਲਓ। ਬਾਬੇ ਫਰੀਦ ਨੇ 24 ਸਾਲ ਉਹ ਤਪਸਿਆ ਕਰੀ ਕਿ ਦੁਨੀਆ ਭਰ ਦੇ ਮਹਾਤਮਾ ਦੇਖਣ ਜਾਂਦੇ ਸੀ, ਵੱਡੇ ਵੱਡੇ ਪੀਰ ਸੀ ਜੋ ਉਸ ਵੇਲੇ ਦੇ, ਉਹ ਦੇਖਣ ਜਾਂਦੇ ਸੀ। ਇਕ ਪੀਰ ਆਏ ਕਹਿਣ ਲੱਗੇ, "ਫਰੀਦਾ! ਕਿਥੇ ਕੁ ਪਹੁੰਚ ਗਿਆ?" ਉਸ ਨੇ ਥੱਲੇ ਤੋਂ ਉਪਰ ਵੱਲ ਨੂੰ ਹੱਥ ਕਰ ਦਿੱਤਾ। ਉਸ ਨੇ ਹੱਥ ਕਿਰਿਆ ਉਹ ਕੁਰਸੀ ਸਣੇ ਹੀ ਉਪਰ ਨੂੰ ਹੋਈ ਜਾਵੇ। ਉਸ ਨੇ ਕੁਰਸੀ ਤੇ ਹੱਥ ਮਾਰਿਆ ਕੁਰਸੀ ਥੱਲੇ ਆ ਗਈ। ਕਹਿੰਦੇ, "ਅਜੇ ਤਾਂ ਤੂੰ ਕਿਤੇ ਵੀ ਨਹੀਂ ਪਹੁੰਚਿਆ, ਤੇਰੀ ਮੰਜਲ ਤਾਂ ਦੂਰ ਪਈ ਹੈ ਅਜੇ।"

ਸੋ ਇਸ ਤਰ੍ਹਾਂ ਦੇ ਨਾਲ ਮਿਹਨਤਾਂ ਕਰਦੇ ਨੇ ਫੇਰ ਜਾ ਕੇ ਗੁਰੂ ਪਸੀਜਦਾ ਹੈ। ਸੋ ਭਾਈ ਮੰਝ ਨੂੰ ਸਾਰੀਆਂ ਅਵਸਥਾਵਾਂ ਉਹ ਤਾਂ ਪ੍ਰਾਪਤ ਹੋ ਗਈਆਂ, ਸਿਰਫ ਇਕ ਚੀਜ਼ ਰਹਿੰਦੀ ਸੀ। ਜਿਥੇ ਮਾਇਆ ਦਾ ਪੂਰੀ ਤਰ੍ਹਾਂ ਨਾਲ ਖਾਤਮਾ ਹੋ ਜਾਂਦਾ ਹੈ, ਹਨ੍ਹੇਰਾ ਹਟ ਜਾਂਦਾ ਹੈ ਤੇ ਜਿਹੜਾ ਮੈਂ ਭਾਵ ਹੈ –

***ਜਬ ਹਮ ਹੋਤੇ ਤਬ ਤੂ ਨਾਹੀ ਅਬ ਤੂਹੀ ਮੈ ਨਾਹੀ॥***
***ਅੰਗ - 657***

ਇਹ ਭਾਵ ਨਹੀਂ ਹਟਦਾ ਚਾਹੇ ਸੰਤ ਹੈ, ਚਾਹੇ ਕੋਈ ਹੈ। ਉਹ ਕੋਈ ਕੋਈ ਵਿਰਲੇ ਮਹਾਤਮਾ ਨੇ ਜਿਨ੍ਹਾਂ ਦੇ ਅੰਦਰ ਇਹ ਚੀਜ਼ ਹਟ ਜਾਇਆ ਕਰਦੀ ਹੈ ਗੁਰੂ ਦੀ ਕਿਰਪਾ ਨਾਲ। ਸੋ ਉਸ ਵੇਲੇ ਗੁਰੂ ਮਹਾਰਾਜ ਨੇ ਦੇਖਿਆ ਕਿ ਹੁਣ ਸ਼ਕਲ ਬਣਾਉਣ ਵਾਸਤੇ ਜਿਵੇਂ ਸੋਨੇ ਨੂੰ, ਗਹਿਣਾ ਬਣਾਉਣ ਵਾਸਤੇ ਕੁਠਾਲੀ ਦੇ ਵਿਚ ਪਾਇਆ ਜਾਂਦਾ ਹੈ ਤੇ ਪਹਿਲਾਂ ਉਸ ਨੂੰ ਪਵਿੱਤਰ ਕੀਤਾ ਜਾਂਦਾ ਹੈ, ਮੈਲ ਲਾਹੀ ਜਾਂਦੀ ਹੈ, ਬਾਰ-ਬਾਰ ਤਓ ਦੇ ਕੇ। ਤੇ ਹੁਣ ਲੋੜ ਹੈ ਕਿ ਇਸ ਗੁਰਸਿਖ ਦੇ ਉਤੇ ਕਸਵੱਟੀ ਲਾ ਦਿੱਤੀ ਜਾਵੇ ਤੇ ਇਸ ਨੂੰ ਪੂਰਨ ਅਵਸਥਾ ਵਿਚ ਪਹੁੰਚਾ ਦਿੱਤਾ ਜਾਵੇ, ਇਹ ਗੁਰੂ ਦਾ ਫਰਜ ਹੁੰਦਾ ਹੈ। ਜਿਹੜਾ ਗੁਰੂ ਅਧੂਰਾ ਹੈ –

***ਕਬੀਰ ਮਾਇ ਮੂੰਡਉ ਤਿਹ ਗੁਰੂ ਕੀ***
***ਜਾ ਤੇ ਭਰਮੁ ਨ ਜਾਇ॥ ਅੰਗ - 1369***

ਜਿਹੜਾ ਗੁਰੂ ਭਰਮ ਦੂਰ ਨਹੀਂ ਕਰ ਸਕਦਾ ਉਹ ਗੁਰੂ ਕਿਸੇ ਕੰਮ ਦਾ ਨਹੀਂ ਹੋਇਆ ਕਰਦਾ, ਉਹ ਆਪ ਹੀ ਫਸਿਆ ਹੋਇਆ ਹੈ।

ਗੁਰੂ ਸਮਰੱਥ ਹੁੰਦਾ ਹੈ –

***ਘਰ ਮਹਿ ਘਰੁ ਦੇਖਾਇ ਦੇਇ***

*ਸੋ ਸਤਿਗੁਰੁ ਪੁਰਖੁ ਸੁਜਾਣੁ॥ ਅੰਗ - 1291*

ਜਿਹੜਾ ਸਰੀਰ ਦੇ ਘਰ ਵਿਚ ਪਰਮੇਸ਼ਰ ਦਾ ਘਰ ਦਿਖਾ ਦਏ ਕਿਉਂਕਿ ਰਹਿੰਦਾ ਤਾਂ ਪਰਮੇਸ਼ਰ ਹੈ, ਪਰਛਾਵੇ ਦੇ ਅਸੀਂ ਬਣੇ ਹੋਏ ਹਾਂ, ਆਪਣਾ ਕਬਜਾ ਕਰੀ ਬੈਠੇ ਹਾਂ, ਆਪੇ ਹੀ ਬਣੇ ਬੈਠੇ ਹਾਂ, ਵਾਧੂ ਦੀ ਚੀਜ਼ ਹੈ। ਜੰਮੀ ਜਾਂਦੀ ਹੈ, ਮਰੀ ਜਾਂਦੀ ਹੈ –

*ਹਉਮੈ ਏਹਾ ਜਾਤਿ ਹੈ ਹਉਮੈ ਕਰਮ ਕਮਾਹਿ॥*
*ਹਉਮੈ ਏਈ ਬੰਧਨਾ ਫਿਰਿ ਫਿਰਿ ਜੋਨੀ ਪਾਹਿ॥*
*ਅੰਗ - 466*

ਜਿਹੜਾ ਅੰਦਰ ਬੈਠੇ ਸੁਲਤਾਨ ਦੇ ਦਰਸ਼ਨ ਕਰਾ ਦੇਵੇ ਉਹ ਤਾਂ ਗੁਰੂ ਹੁੰਦਾ ਹੈ।

ਦਰਸ਼ਨ – ਇਸ ਦੇ ਵਿਚ ਵੀ ਭੇਦ ਹੈ। ਜਦੋਂ ਦਰਸ਼ਨ ਕਰੇ ਜੀ! ਫਲਾਣੇ ਨੂੰ ਦਰਸ਼ਨ ਹੋ ਗਏ। ਬਿਲਕੁਲ ਗਲਤ ਹੈ। ਦਰਸ਼ਨ ਕਰਕੇ ਆਪਣਾ ਬਚਦਾ ਹੀ ਨਹੀਂ ਕੁਝ, ਨਹੀਂ ਕੁਝ ਵੀ ਬਚਦਾ ਉਹ ਦਰਸ਼ਨਾਂ ਦੇ ਵਿਚ ਹੀ ਲੀਨ ਹੋ ਜਾਂਦਾ ਹੈ ਉਹ ਰਹਿੰਦਾ ਹੀ ਨਹੀਂ ਹੈ। ਉਹ ਤਾਂ ਜਿਹੜਾ ਰਹਿ ਜਾਂਦਾ ਹੈ ਪਰਮੇਸ਼ਰ ਹੀ ਰਹਿ ਜਾਂਦਾ ਹੈ। ਸੋ ਇਹ ਗੁਰੂ ਦਾ ਫਰਜ਼ ਹੋਇਆ ਕਰਦਾ ਹੈ।

ਸੋ ਮਹਾਰਾਜ ਨੇ ਉਸ ਅਵਸਥਾ ਵਿਚ ਇਸ ਗੁਰਸਿਖ ਨੂੰ ਲੈ ਜਾਣ ਵਾਸਤੇ ਕਿਉਂਕਿ ਘਾਲ ਕਮਾਈ ਬਹੁਤ ਕਰੀ ਇਸ ਨੇ, ਮਜਬੂਤ ਇਰਾਦੇ ਦਾ ਸੀ। ਪਹਿਲਾਂ ਤਾਂ ਲੋਕ ਲਾਜ ਮਾਰੀ ਉਸ ਨੇ ਚੁਕ ਕੇ ਪਾਸੇ। ਫੇਰ ਜਦੋਂ ਗੁਰੂ ਮਹਾਰਾਜ ਨੇ ਭੇਜਿਆ ਤਾਂ ਮਹਾਰਾਜ ਨੇ ਐਸੀ ਪ੍ਰੇਰਨਾ ਕਰ ਦਿੱਤੀ ਸਾਰੇ ਸੰਗੀ ਸਾਥੀ ਬਿਲਕੁਲ ਰੁੱਖੇ ਬਣਾ ਦਿੱਤੇ, ਇਸ ਦੀ ਸਰਦਾਰੀ ਖੋਹ ਲਈ, ਜ਼ਮੀਨ ਖੋਹ ਲਈ ਪਸ਼ੂ ਮਰਵਾ ਦਿੱਤੇ ਸਾਰੇ। ਜੋ ਨੁਕਸਾਨ ਹੋ ਸਕਦਾ ਹੈ ਦੁਨੀਆਂ ਵਿਚ ਉਹ ਕਰਿਆ ਲੇਕਿਨ ਡੋਲਿਆ ਨਹੀਂ। ਬਥੇਰੇ ਆਏ ਕਹਿਣ ਵਾਲੇ ਕਿ ਤੂੰ ਫੇਰ ਆ ਜਾ, ਭੁੱਲ ਬਖਸ਼ਾ ਲੈ। ਉਹ ਕਹਿੰਦਾ ਪਿਆਰਿਓ! ਮੈਂ ਤਾਂ ਖਰਾ ਸੌਦਾ ਕਰਿਆ ਹੈ। ਮੈਂ ਹੁਣ ਖੋਟ ਵਿਚ ਨਹੀਂ ਆ ਸਕਦਾ ਦੁਨੀਆਂ ਦੇ ਵਾਸਤੇ। ਇਥੇ ਕੋਈ ਰਹਿੰਦਾ ਹੈ ਸਭ ਚਲੇ ਜਾਂਦੇ ਨੇ। ਅੱਜ ਤੱਕ ਤਾਂ ਕੋਈ ਇਥੇ ਰਿਹਾ ਨਹੀਂ ਹੈ, ਇੰਜ ਪੜ੍ਹ ਲਓ –

*ਧਾਰਨਾ - ਇਥੇ ਰਹਿਆ ਨਾ ਜਗਤ ਉਤੇ ਕੋਈ,*
*ਵਾਰੀ ਆਈ ਤੁਰ ਜਾਵਣਾ -2, 2.*
*ਮੇਰੇ ਪਿਆਰੇ, ਵਾਰੀ ਆਈ ਤੁਰ ਜਾਵਣਾ -2, 2.*
*ਇਥੇ ਰਹਿਆ ਨਾ ਜਗਤ ਉਤੇ ਕੋਈ,............ -2.*

ਜਦੋਂ ਤੋਂ ਸੰਸਾਰ ਚਲਿਆ ਹੈ, ਬਹੁਤ ਵੱਡੇ ਵੱਡੇ ਆਏ ਸੰਸਾਰ ਦੇ ਅੰਦਰ, ਜਿਨ੍ਹਾਂ ਦੇ ਬਾਰੇ ਕੋਈ ਰਿਕਾਰਡ ਨਹੀਂ, ਨਾ ਅਸੀਂ ਜਾਣਦੇ ਹਾਂ। ਗੁਰੂ ਮਹਾਰਾਜ ਨੇ ਕਿਹਾ ਕਿ ਦੇਖੋ! ਸ਼ਿਵ ਜੀ ਹੈ ਨਾਹ, ਇਸ ਦੀ 16 ਕਰੋੜ ਖਰਬ ਸਾਲ ਉਮਰ ਵਿਸ਼ੇਸ਼ਕ ਸ਼ਾਸਤਰ ਨੇ ਮਿਥੀ ਹੈ। ਉਹ ਕਾਲ ਵਾਦੀ ਹੈ ਉਸ ਨੇ ਸਾਰੀਆਂ ਚੀਜ਼ਾਂ ਦੇ ਕਾਲ ਜੋੜੇ ਨੇ, 16 ਲੱਖ ਖਰਬਸਾਲ ਬ੍ਰਹਮਾ ਦੀ ਉਮਰ ਹੈ। ਉਹ ਇਕ ਆਉਂਦਾ –

*ਏਕ ਸਿਵ ਭਏ ਏਕ ਗਏ ਏਕ ਫੇਰ ਭਏ॥*
*ਰਾਮ ਚੰਦ੍ਰ ਕ੍ਰਿਸ਼ਨ ਕੇ ਅਵਤਾਰ ਭੀ ਅਨੇਕ ਹੈਂ॥*
*ਅਕਾਲ ਉਸਤਤਿ*

ਪਤਾ ਨਹੀਂ ਕਿੰਨੇ ਕੁ ਸ਼ਿਵ ਜੀ ਹੋ ਚੁੱਕੇ ਨੇ, ਕਿੰਨੇ ਕੁ ਬ੍ਰਹਮਾ ਹੋ ਚੁੱਕੇ ਨੇ ਸਾਡੀ ਧਰਤੀ ਤੇ। ਇਥੇ ਰਹਿਣ ਦਾ ਥਾਂ ਨਹੀਂ ਇਥੇ ਤਾਂ ਜਿਹੜਾ ਵੀ ਆਇਆ ਹੈ –

*ਜੋ ਆਇਆ ਸੋ ਚਲਸੀ ਸਭੁ ਕੋਈ ਆਈ ਵਾਰੀਐ॥*
*ਅੰਗ - 474*

ਕਹਿਣ ਲੱਗਿਆ ਭਾਈ ਮੰਝ, ਪਿਆਰਿਓ! ਇਹੋ ਜਿਹੀਆਂ ਕੱਚੀਆਂ ਗੱਲਾਂ ਨਾ ਮੈਨੂੰ ਸੁਣਾਓ। ਇਹ ਸਭ ਕੁਝ ਮੇਰੇ ਗੁਰੂ ਦੇ ਭਾਣੇ ਵਿਚ ਵਰਤ ਰਿਹਾ ਹੈ।

ਜੋ ਹੋ ਰਿਹਾ ਹੈ ਮੈਂ ਉਸ ਨੂੰ ਮਿੱਠਾ ਕਰਕੇ ਮੰਨ ਰਿਹਾ ਹਾਂ, ਕੋਈ ਗੱਲ ਨਹੀਂ। ਜ਼ਮੀਨ ਜਾਇਦਾਦ ਖੋਹ ਲਈ, ਧੱਕੇ ਮਾਰ ਕੇ ਕੱਢ ਦਿੱਤਾ, ਕੋਈ ਸਾਥ ਨਹੀਂ ਦੇ ਰਿਹਾ ਨਾ ਭਰਾ, ਨਾ ਭਤੀਜੇ ਕੋਈ ਨਹੀਂ। ਸਾਰਿਆਂ ਦੇ ਮਨ ਬਦਲ ਗਏ। ਉਸ ਵੇਲੇ ਜੋ ਲੜਕੀ ਸੀ, ਘਰਵਾਲੀ ਸੀ, ਉਹ ਬਹੁਤ ਗੁਰੂ ਨਾਲ ਪਿਆਰ ਕਰਦੀਆਂ ਸੀ। ਗੱਲ ਚਲਾਈ ਰਸਤੇ ਦੇ ਅੰਦਰ ਕਿ ਪਿਤਾ ਜੀ! ਸਵੇਰ ਦੇ ਪਰਸ਼ਾਦੇ ਤਾਂ ਅਸੀਂ ਉਥੇ ਛਕ ਲਏ ਸੀ ਹੁਣ ਤਾਂ ਕੋਈ ਪਾਣੀ ਵੀ ਨਹੀਂ ਮੰਗਿਆ ਹੋਇਆ ਦਿੰਦਾ, ਭੁੱਖ ਤਾਂ ਤਿਆਰ ਹੀ ਖੜ੍ਹੀ ਹੈ ਛੇਤੀ ਹੀ। ਆਪਣੇ ਕੋਲ ਹੈ ਵੀ ਕੋਈ ਚੀਜ਼ ਨਹੀਂ। ਇਕ ਵੀ ਪੈਸਾ ਨਹੀਂ ਹੈ, ਤਨ ਦੇ ਕਪੜੇ ਨੇ ਜਿਹੜੇ ਸਾਡੇ ਕੋਲ ਹਨ ਕਿ ਉਸ ਦਾ ਕੀ ਬਣੇਗਾ? ਚਿੰਤਾ ਹੁੰਦੀ ਹੈ, ਘਰਵਾਲੀ ਬੀਬੀ ਨੇ ਵੀ ਕਿਹਾ, ਕਹਿੰਦੀ, "ਇਹ ਤਾਂ ਗੱਲ ਸੋਚਣੀ ਪੈਣੀ ਹੈ ਆਪਾਂ ਨੂੰ।"

ਕਹਿੰਦਾ, "ਨਾਂਹ! ਤੁਹਾਨੂੰ ਗੁਰੂ ਦੀ ਬਾਣੀ ਦਾ ਪੂਰਾ ਪਤਾ ਨਹੀਂ ਹੈ। ਮੇਰੇ ਸਤਿਗੁਰੂ ਤਾਂ ਇਸ ਤਰ੍ਹਾਂ ਨਾਲ ਫੁਰਮਾਨ ਕਰਦੇ ਨੇ –

*ਧਾਰਨਾ - ਰੋਜ਼ੀ ਦਿੰਦਾ ਹੈ ਪੱਥਰ ਦੇ ਕੀੜੇ ਨੂੰ,*
*ਤੈਨੂੰ ਕਿਉਂ ਨਾ ਦੇਵੇ ਬੰਦਿਆ -2, 2.*
*ਤੈਨੂੰ ਕਿਉਂ ਨਾ ਜੀ, ਦੇਵੇ ਬੰਦਿਆ -2, 2.*
*ਰੋਜ਼ੀ ਦਿੰਦਾ ਹੈ ਪੱਥਰ ਦੇ ਕੀੜੇ ਨੂੰ,... -2.*

*ਕਾਹੇ ਰੇ ਮਨ ਚਿਤਵਹਿ ਉਦਮੁ*
*ਜਾ ਆਹਰਿ ਹਰਿ ਜੀਉ ਪਰਿਆ॥*
*ਸੈਲ ਪਥਰ ਮਹਿ ਜੰਤ ਉਪਾਏ*
*ਤਾ ਕਾ ਰਿਜਕੁ ਆਗੈ ਕਰਿ ਧਰਿਆ॥ ਅੰਗ - 10*

*'ਚਲਦਾ'*

# ਸੰਤ ਬਿਮਲਾ ਸਿੰਘ

***ਡਾ. ਭਾਈ ਵੀਰ ਸਿੰਘ ਜੀ***

(ਨੋਟ: ਮਹਾਂਪੁਰਸ਼ਾਂ ਦੇ ਆਦੇਸ਼ਾਂ ਅਨੁਸਾਰ ਦੂਜੀ ਪਾਤਸ਼ਾਹੀ ਗੁਰੂ ਅੰਗਦ ਦੇਵ ਜੀ ਦੀ ਜੀਵਨ ਗਾਥਾ ਲੜੀਵਾਰ ਹਾਜਰ ਹੈ।)

*(ਲੜੀ ਜੋੜਨ ਲਈ ਦੇਖੋ ਆਤਮ ਮਾਰਗ, ਅਗਸਤ ਪੰਨਾ-56)*

## ੬

ਸਿੱਖੀ ਦੀ ਪਰਖ ਹੋ ਗਈ, ਸਭ ਨੂੰ ਪਤਾ ਲੱਗ ਗਿਆ ਕਿ ਸਿੱਖੀ ਦਾ ਕਮਾਲ ਸ੍ਰੀ ਲਹਿਣਾ ਜੀ ਵਿਚ ਹੈ। ਸਾਰੀ ਸ੍ਰਿਸ਼ਟੀ ਜੋ ਤਾਉ ਵਿਚ ਕੱਸੀ ਨਿਕਲਦੀ ਰਹੀ ਸੀ, ਬਖਸ਼ੀ ਗਈ, ਸ੍ਰੀ ਲਹਿਣਾ ਜੀ ਦੀ ਤੁਫੈਲ ਬਖਸ਼ੀ ਗਈ। ਕਿਸ ਤੇ ਸਤਿਗੁਰੂ ਖਫ਼ੇ ਨਹੀਂ ਹੋਏ। ਆਪ ਨੇ ਦੱਸਿਆ ਕਿ ਜੋ ਪਰਖਣਾ ਸੀ ਕਿਸੇ ਹੋਰ ਭਾਵ ਲਈ ਸੀ, ਸੰਗਤ ਵਿਚ ਭਾਈ ਬੁੱਢੇ ਵਰਗੇ ਪੂਰਨ ਪੁਰਖ ਬੀ ਸੇ ਜੋ ਹੁਣ ਸਾਰੇ ਸਮਝਦੇ ਸੇ ਕਿ ਸ੍ਰੀ ਲਹਿਣਾ ਜੀ ਧੁਰੋਂ ਬਖਸ਼ੇ ਹੋਏ ਆਪੇ ਹਨ ਤੇ ਗੁਰੂ ਜੀ ਨੇ ਥਾਪਣੇ ਹਨ। ਇਹ ਕੌਤਕ ਇਸ ਲਈ ਵਰਤਾਇਆ ਸੀ ਕਿ ਸਾਨੂੰ ਸਭ ਨੂੰ ਸਮਝ ਆ ਜਾਵੇ ਕਿ ਗੁਰੂ ਨਾਨਕ ਦੀ ਚੋਣ ਠੀਕ ਹੈ, ਤੇ ਉਹ ਚੋਣ ਅਗੰਮੀ ਹੁਕਮ ਹੈ, ਸਾਡੇ ਸਿਦਕ ਅੱਗੋਂ ਨੂੰ ਬਣੇ ਰਹਿਣ ਤੇ ਅਸੀਂ ਭਟਕੀਏ ਨਾਂ। ਸੋ ਸਿੱਖਾਂ ਵਿਚ ਕੋਈ ਖੁਣਸ ਕੋਈ ਸ਼ਰੀਕਾ ਬਾਕੀ ਨਾ ਰਿਹਾ, ਸਾਰੇ ਸਤਿਕਾਰ ਨਾਲ ਤੱਕਦੇ ਹਨ ਤੇ ਸ੍ਰੀ ਲਹਿਣਾ ਜੀ ਨੂੰ ਵੇਖ ਕੇ, 'ਧੰਨ ਜਨਮ', 'ਧੰਨ ਕਮਾਈ' ਆਖਦੇ ਹਨ। ਪਰ ਇਸ ਨਿਤਾਰੇ ਦਾ ਅਸਰ ਪਰਿਵਾਰ ਤੇ ਭਲਾ ਨਾ ਪਿਆ, ਮਾਤਾ ਜੀ ਤੇ ਪੁੱਤਰਾਂ ਨੂੰ ਬੁਰਾ ਲੱਗਾ ਕਿ ਇਹ ਜੋ ਸੇਵਕ ਬਣ ਕੇ ਆਇਆ ਸੀ ਇਹੋ ਹੀ ਸਾਬਤ ਹੋਇਆ ਹੈ, ਇਹ ਗੱਦੀ ਨਾ ਲੈ ਜਾਏ। ਉਹ ਗੱਦੀ ਦੁਨੀਆਂ ਦੀ ਕੋਈ ਸਰਦਾਰੀ ਸਮਝਦੇ ਸੇ। ਪਰ ਗੱਦੀ ਤਾਂ ਦਾਤ ਇਲਾਹੀ ਸੀ ਤੇ ਉਸੇ ਨੂੰ ਮਿਲਣੀ ਸੀ ਜੋ ਇਸ ਨੂੰ ਸੰਭਾਲ ਸਕਦਾ ਸੀ, ਯਥਾ -

***ਨਹਿ ਕਿਸਹੂੰ ਕੇ ਕਰ ਬਿਖੈ ਸਭ ਕਰਤਾਰ ਅਧੀਨ॥***
***ਜਿਸ ਪਰ ਕਰੁਨਾ ਦ੍ਰਿਸਟਿ ਹ੍ਵੈ ਤਿਨਹਿ ਬਸਤੁ ਇਹ ਲੀਨ॥***

ਇਹ ਉਤਰ ਉਸ ਵੇਲੇ ਗੁਰੂ ਜੀ ਨੇ ਦਿਤਾ ਸੀ ਜਦੋਂ ਮਾਤਾ ਜੀ ਨੇ ਆ ਕੇ ਆਖਿਆ ਕਿ ਗੱਦੀ ਪੁਤਰਾਂ ਨੂੰ ਦਿਓ। ਸੋ ਹੁਣ ਜਦ ਮਾਤਾ ਜੀ ਗੁਰੂ ਜੀ ਦੇ ਭਾਵ ਨੂੰ ਨਾ ਸਮਝੇ ਤਾਂ ਉਨ੍ਹਾਂ ਪੁੱਤਰਾਂ ਦੀ ਪਰਖ ਆਰੰਭੀ। ਪਹਿਲੀ ਹੀ ਪਰਖ ਵਿਚ ਪੁੱਤਰਾਂ ਨੇ ਆਖਾ ਮੰਨਣ ਦੀ ਥਾਂ ਤੇ ਤਰਕ ਕੀਤੀ ਤੇ ਸ੍ਰੀ ਲਹਿਣਾ ਜੀ ਤਤਕਾਲ ਆਗਿਆ ਪਾਲਨ ਕਰ ਆਏ। ਉਸ ਵੇਲੇ ਗੁਰੂ ਜੀ ਨੇ ਆਖਿਆ -

***ਮੂਲੇ ਸੁਤਾ! ਪਿਖਹੁ ਮਨ ਗੁਨੀਏ॥***
***ਏ ਨਿਜ ਸੁਤ, ਸੋ ਪਰ ਸੁਤ ਜਨੀਏ॥***

ਹੇ ਸੁਲਖਣੀ ਦੇਖ ਇਹ ਆਪਣੇ ਪੁਤਰ ਹਨ ਜੋ ਕਦੇ ਬਚਨ ਨਹੀਂ ਮੰਨਦੇ, ਉਹ ਪਰਾਇਆ ਪੁੱਤਰ ਹੈ ਜੋ ਸਦਾ ਆਗਿਆ ਵਿਚ ਟੁਰਦਾ ਹੈ। ਫੇਰ ਇਕ ਵੇਰੇ ਰਾਤ ਸਮੇਂ ਗੁਰੂ ਜੀ ਨੇ ਸ੍ਰੀ ਚੰਦ ਜੀ ਨੂੰ ਕਿਹਾ, ਕਿ ਚਾਦਰ ਧੋ ਲਿਆਓ, ਉਸ ਨੇ ਕਿਹਾ ਕਿ ਰਾਤ ਦਾ ਵੇਲਾ ਹੈ, ਦਿਨ ਹੋਵੇਗਾ ਦਾਸ ਤੋਂ ਧੁਆ ਦਿਆਂਗਾ। ਇਹੋ ਉਤਰ ਅੱਗੋ ਲਖਮੀਦਾਸ ਜੀ ਨੇ ਕਿਹਾ। ਫੇਰ ਸ੍ਰੀ ਲਹਿਣਾ ਜੀ ਨੂੰ ਕਿਹਾ ਤਾਂ ਉਹ ਉਸੇ ਵੇਲੇ ਗਏ ਤੇ ਆਗਿਆ ਦਾ ਪਾਲਣ ਕਰ ਆਏ। ਇਹ ਕੌਤਕ ਦਿਖਾ ਕੇ ਫੇਰ ਇਕ ਦਿਨ ਸ੍ਰੀ ਸੁਲੱਖਣੀ ਜੀ ਨੂੰ ਇਕ ਕੌਤਕ ਹੋਰ ਗੁਰੂ ਜੀ ਨੇ ਦਿਖਾਇਆ। ਇਕ ਭਾਂਡਾ ਇਕ ਚਿਕੜੇਲੇ ਥਾਂ ਵਿਚ ਸਿੱਟ ਦਿਤਾ। ਪੁੱਤਰਾਂ ਨੂੰ ਕਿਹਾ, ਕੱਢ ਲਿਆਓ, ਪਰ ਦੋਹਾਂ ਨੇ ਮੈਲੇ ਥਾਂ ਹੱਥ ਪਾਉਣੋਂ ਨਾਂਹ ਕੀਤੀ। ਫਿਰ ਸ੍ਰੀ ਲਹਿਣਾ ਜੀ ਵਲ, ਜੋ ਬੜੇ ਸਵੱਛ ਵਸਤਰਾਂ ਵਿਚ ਬੈਠੇ ਸਨ, ਗੁਰੂ ਜੀ ਨੇ ਤੱਕਿਆ ਤਦ ਉਹ ਉਸੇ ਵੇਲੇ ਗਏ, ਭਾਂਡਾਂ ਕੱਢਿਆ ਆਪਣੇ ਕਪੜੇ ਮੈਲੇ ਹੋ ਗਏ ਪਰ ਪਰਵਾਹ ਨਹੀਂ ਕੀਤੀ, ਧੋ ਬਣਾ ਕੇ ਲਿਆ ਕੇ ਅੱਗੇ ਧਰਿਆ। ਇਸ ਤਰ੍ਹਾਂ ਪੁੱਤਰਾਂ ਦੀ ਬੀ ਖੋਜ ਭਾਲ ਹੋ ਗਈ। ਉਹ ਆਪਣੇ ਮਾਨ ਵਿਚ ਸਨ, ਹਉਂ ਵਿਚ ਸਨ, ਉਹ ਗੁਰਿਆਈ ਨੂੰ ਮਾਨਤਾ ਤੇ ਮਹਾਨਤਾ ਸਮਝਦੇ ਸਨ। ਪਰ ਇਹ ਤਾਂ ਦੀਨ ਦੁਨੀ ਦਾ ਭਾਰ ਸੀ, ਜ਼ਿੰਮੇਵਾਰੀ ਸੀ, ਫਰਜ਼ ਸੀ ਜੋ ਗੁਰੂ ਨਾਨਕ ਹੀ ਉਠਾ ਸਕਦਾ ਸੀ ਜਿਸ ਲਈ ਦੂਸਰਾ ਅਵਤਾਰ ਗੁਰੂ ਨਾਨਕ ਹੁਣ ਆਪ ਹੀ ਧਾਰ ਰਿਹਾ ਸੀ।

ਜਾਂ ਕਥਾ ਇਥੇ ਕੁ ਅੱਪੜੀ ਤਾਂ ਦੀਵਾਨ ਵਿਚ ਇਕ ਭਗਵੇ ਵਸਤਰਾਂ ਵਾਲਾ ਸਾਧੂ 'ਨਿਹਚਲ ਦਾਸ' ਨਾਮੇ ਬੈਠਾ ਕਥਾ ਸੁਣ ਰਿਹਾ ਸੀ। ਉਹ ਸੰਤਾਂ ਦੀ ਵਿਦਿਆ, ਤਪੋਸ਼ਕਤੀ ਤੇ ਜੀਵਨ ਅੱਗੇ ਸਿਰ ਝੁਕਾਉਂਦਾ ਸੀ, ਪਰ ਹੁਣ ਉਠ ਖੜੋਤਾ ਤੇ ਕਹਿਣ ਲੱਗਾ ਜੀਓ ਆਪ ਨੇ ਜੋ ਕਥਨ ਕੀਤਾ ਹੈ ਉਸ ਵਿਚ ਉਜ਼ਰ ਨਹੀਂ, ਇਤਿਹਾਸ ਹੈ ਪਰ ਕੀਹ ਇਤਿਹਾਸ ਤੋਂ ਵੱਡਾ ਪ੍ਰਮਾਣ ਬੀ ਪੁੱਤਰਾਂ ਦੇ ਆਗਿਆਕਾਰੀ ਨਾ ਹੋਣ ਦਾ ਸੀ ਜੀ, ਕੋਈ ਦੱਸ ਸਕਦੇ ਹਨ, ਜੋ ਮੇਰੀ ਪੂਰੀ ਨਿਸ਼ਾ ਹੋ ਜਾਵੇ, ਖਿਮਾ ਕਰਨੀ।

ਸੰਤ—ਸਾਧਾਰਾਮ ਜੀ! ਆਪ ਦਾ ਪ੍ਰਸ਼ਨ ਸੁਖਦਾਈ ਹੈ। ਖਿਮਾ ਦੀ ਕੋਈ ਗੱਲ ਨਹੀਂ। ਅਸੀਂ ਪੱਖਵਾਦ ਦੀ ਵਾਰਤਾ ਕਰ ਹੀ ਨਹੀਂ ਰਹੇ। ਜੋ ਵਰਤਿਆ ਸੋ ਸੱਚੋ ਸੱਚ ਕਹਿ ਦੇਣਾ

ਸੱਚ ਨੂੰ ਪ੍ਰਤਿਪਾਦਨ ਕਰਨਾ ਹੈ। ਦੂਸਰੇ ਰਹੀ ਬੇਅਦਬੀ, ਅਸੀਂ ਗੁਰੂ ਕੇ ਸਿੱਖ ਹਾਂ, ਪਰ ਅਸੀਂ ਗੁਰੂ ਕੇ ਪੁਤਰਾਂ ਨਾਲ ਕੋਈ ਬੇਅਦਬੀ ਦਾ ਭਾਵ ਨਹੀਂ ਧਾਰਨ ਕਰਦੇ। ਇਹ ਤਾਂ ਨਿਹੰਸਕ ਕਹਾਂਗੇ ਕਿ ਟਿਕੇ ਗੁਰੂ ਅੰਗਦ ਜੀ ਗਏ, ਉਹ ਉਚੇ ਸਨ ਪੁਤਰਾਂ ਕੋਲੋਂ, ਪਰਖ ਵਿਚ ਬੀ ਗੁਰੂ ਜੀ ਨੇ ਸ੍ਰੀ ਲਹਿਣਾ ਜੀ ਨੂੰ ਨਿਤਾਰ ਕੇ ਉਚਾ ਕਰ ਦੱਸਿਆ ਹੈ, ਸੋ ਬਾਤ ਸੱਚ ਹੈ ਤੇ ਸੱਚ ਤੋਂ ਸਿਰ ਫੇਰਨਾ ਠੀਕ ਨਹੀਂ। ਬਾਕੀ ਰਹੀ ਗੱਲ ਸਾਡੀ ਤੇ ਬਾਬਾ ਸ੍ਰੀ ਚੰਦ ਜੀ ਦੀ। ਉਹ ਵੱਡੇ ਹਨ, ਗੁਰੂ ਪੁੱਤਰ ਹਨ, ਸਾਡੇ ਸਨਮਾਨ ਦੇ ਥਾਂ ਹਨ, ਸਾਡੇ ਸਭਨਾਂ ਦੇ ਆਦਰਯੋਗ ਹਨ। ਤੇ ਜੋ ਕਥਾ ਦਾਸ ਨੇ ਕੀਤੀ ਹੈ ਉਸ ਦੇ ਹੋਰ ਉਚੇਰੇ ਸਬੂਤ ਆਪ ਚਾਹੁੰਦੇ ਹੋ। ਸੋ ਭਾਈ ਗੁਰਦਾਸ ਜੀ ਦੀ ਬਾਣੀ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਹੈਨ। ਆਪ ਸੁਣੋ ਤਾਂ ਮੈਂ ਆਪ ਜੋਗਾ ਕੁਛ ਸੁਣਾਉਂਦਾ ਹਾਂ। ਇਹ ਕਹਿ ਕੇ ਆਪ ਨੇ ਟਿੱਕੇ ਦੀ ਵਾਰ ਕੱਢੀ ਤੇ ਪਾਠ ਸੁਣਾਇਆ ਤੇ ਫੇਰ ਆਖਿਆ ਕਿ ਲਓ ਇਨ੍ਹਾਂ ਤੁਕਾਂ ਨੂੰ ਖਾਸ ਧਿਆਨ ਨਾਲ ਵਿਚਾਰ ਲਓ। ਵੇਖ ਲਓ ਕਿ ਇਥੇ ਪੁੱਤਰਾਂ ਦਾ ਪਰਤਾਵਾ ਤੇ ਉਨ੍ਹਾਂ ਦਾ ਕਾਮਯਾਬ ਨਾ ਨਿਕਲਣਾ ਅੰਕਿਤ ਹੈ –

*ਪੁਤ੍ਰੀ ਕਉਲੁ ਨ ਪਾਲਿਓ ਕਰਿ ਪੀਰਹੁ ਕੰਨ ਮੁਰਟੀਐ॥*
*ਦਿਲਿ ਖੋਟੈ ਆਕੀ ਫਿਰਨਿ ਬੰਨਿ ਭਾਰੁ ਉਚਾਇਨਿ ਛਟੀਐ॥*
*ਅੰਗ - 967*

ਇਕ ਹੋਰ ਤੁਕ ਸੁਣਾਉਂਦਾ ਹਾਂ ਇਸ ਵਿਚ ਸਿੱਖਾਂ ਤੇ ਪੁਤਰਾਂ ਨੂੰ, ਦੋਹਾਂ ਨੂੰ, ਪਰਤਾ ਕੇ ਸ੍ਰੀ ਲਹਿਣਾ ਜੀ ਨੂੰ ਟਿਕਣ ਦਾ ਜ਼ਿਕਰ ਹੈ –

*ਸਿਖਾਂ ਪੁਤਰਾਂ ਘੋਖਿ ਕੈ ਸਭ ਉਮਤਿ ਵੇਖਹੁ ਜਿ ਕਿਓਨੁ॥*
*ਜਾਂ ਸੁਧੋਸ ਤਾਂ ਲਹਣਾ ਟਿਕਿਓਨੁ॥ ਅੰਗ - 967*

ਇਹ ਉਗਾਹੀ ਸਾਧ ਸੰਗਤ ਜੀ ਉਨ੍ਹਾਂ ਦੀ ਹੈ ਜੋ ਉਸ ਵੇਲੇ ਹੋਏ ਹਨ ਤੇ ਉਨ੍ਹਾਂ ਦੀ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਪੰਜਵੇਂ ਸਤਿਗੁਰਾਂ ਨੇ ਆਪ ਚਾੜ੍ਹੀ ਹੈ, ਇਸੀ ਤਰ੍ਹਾਂ ਭਾਈ ਗੁਰਦਾਸ ਜੀ ਦਾ ਵਾਕ ਹੈ –

*ਉਲਟੀ ਗੰਗ ਵਹਾਈਓਨੁ ਗੁਰ ਅੰਗਦ ਸਿਰ ਉਪਰ ਧਾਰਾ॥*
*ਪੁੱਤ੍ਰੀਂ ਕੌਲ ਨ ਪਾਲਿਆ ਮਨ ਖੋਟੇ ਆਕੀ ਨਸਿਆਰਾ॥*
*ਵਾਰ 1/38*

*ਪੁਨਾ - ਥਾਪਿਆ ਲਹਿਣਾ ਜੀਂਵਦੇ*
*ਗੁਰਿਆਈ ਸਿਰ ਛਤ੍ਰ ਫਿਰਾਯਾ॥*
*ਜੋਤੀ ਜੋਤਿ ਮਿਲਾਇਕੈ*
*ਸਤਿਗੁਰ ਨਾਨਕ ਰੂਪ ਵਟਾਯਾ॥ ਵਾਰ - 1/45*

ਸੋ ਸੰਤ ਜੀ ਆਪ ਦੇ ਪ੍ਰਸ਼ਨ ਦਾ ਉਤਰ ਦੇ ਕੇ ਆਗਿਆ ਹੋਵੇ ਤਾਂ ਹੁਣ ਅੱਗੇ ਟੁਰੀਏ। ਆਪ ਨੇ ਏਹ ਤਾਂ ਸਮਝ ਲਿਆ ਹੈ ਕਿ ਇਹ ਇਕ ਇਤਿਹਾਸਕ ਸਚਾਈ ਹੈ ਜੋ ਪ੍ਰਸੰਗ ਸਿਰ ਆਈ ਹੈ, ਵੈਸੇ ਮੇਰੇ ਚਿਤ ਵਿਚ ਬਾਬਾ ਸ੍ਰੀ ਚੰਦ ਜੀ ਤੇ ਬਾਬਾ ਲਖਮੀ ਚੰਦ ਜੀ ਨਾਲ ਕੋਈ ਮਾੜਾ ਭਾਵ ਨਹੀਂ, ਬਹੁਤ ਸਤਿਕਾਰ ਹੈ।

ਸਾਧੂ–ਬਹੁਤ ਠੀਕ ਹੈ ਜੀ, ਆਪ ਜੀ ਨਿਰਵੈਰਤਾ ਤੇ ਸਚਾਈ ਦੋਹਾਂ ਦੇ ਬਲਿਹਾਰ ਹਾਂ।

ਸੰਤ ਬਿਮਲਾ ਸਿੰਘ ਜੀ – ਜਦੋਂ ਇਹ ਵਾਰਤਾ ਹੋ ਬੀਤੀਆਂ ਤਾਂ ਲਿਖਿਆ ਹੈ ਕਿ ਭਾਈ ਬੁੱਢਾ ਜੀ, ਜੋ ਪਰਮ ਸਿਦਕਵਾਨ ਸਿੱਖ ਸੇ, ਤੇ ਜੋ ਪਿਛਲੀਆਂ ਪਰਖਾਂ ਵਿਚ ਨਿਸ਼ਾ ਪਾ ਚੁਕੇ ਸੇ ਕਿ ਸ੍ਰੀ ਲਹਿਣਾ ਜੀ ਸਾਡੇ ਵਿਚ ਵਰਤਦੇ ਤਾਂ ਸਿੱਖਾਂ ਵਾਂਗੂ ਹਨ ਪਰ ਉਹ ਧੁਰੋਂ ਬਖਸ਼ਿਸ਼ਾਂ ਵਾਲੇ ਹੋ ਆਏ ਹਨ, ਹੁਣ ਕੁਛ ਡੋਲੇ ਕਿ ਮੇਰਾ ਸਿਦਕ ਤੇ ਪ੍ਰੇਮ ਬੀ ਤਾਂ ਘੱਟ ਨਹੀਂ, ਕਿਉਂ ਮੇਰੇ ਪਰ ਓਤਨੀ ਕ੍ਰਿਪਾ ਨਹੀਂ। ਜਾਪਦਾ ਹੈ ਕਿ ਅੰਤਮ ਸਿੱਖ–ਪ੍ਰੀਖਯਾ ਵੇਲੇ ਜੋ ਦੂਸਰੇ ਸਿੱਖ ਸੇ ਸੋ ਆਪ ਸੇ। ਪਰ ਪ੍ਰੀਖਯਾ ਵਿਚ ਤਾਂ ਆਪ ਦਾ ਨਾਮ ਸਾਫ ਆਉਂਦਾ ਹੈ। ਇਕ ਵੇਰੀ ਰਾਤ ਵੇਲੇ ਸਤਿਗੁਰਾਂ ਨੇ ਭਾਈ ਬੁੱਢੇ ਨੂੰ ਆਖਿਆ, ਬੁਢਿਆ! ਬਾਹਰ ਜਾ ਕੇ ਵੇਖ ਕਿ ਰਾਤ ਕਿੰਨੀ ਕੁ ਹੈ? ਤਾਂ ਉਸ ਨੇ ਆ ਕੇ ਦੱਸਿਆ ਅੱਧੀ ਰਾਤ ਹੈ। ਫੇਰ ਗੁਰੂ ਜੀ ਨੇ ਭਾਈ ਭਗੀਰਥ ਜੀ ਨੂੰ ਤੇ ਮਗਰੋਂ ਭਾਈ ਸਧਾਰਨੇ ਨੂੰ ਕਿਹਾ ਕਿ ਦੇਖੋ ਕਿੰਨੀ ਕੁ ਰਾਤ ਬੀਤੀ ਹੈ? ਦੋਹਾਂ ਨੇ ਕਿਹਾ ਕਿ ਜੀ ਅੱਧੀ ਰਾਤ ਹੈ। ਤਦ ਗੁਰੂ ਜੀ ਨੇ ਕਿਹਾ ਤੁਸੀਂ ਜਯੋਤਸ਼ ਨਹੀਂ ਪੜ੍ਹੇ ਰਾਤ ਕਿਵੇਂ ਗਿਣੀ ਨੇ? ਤ੍ਰੈਹਾਂ ਨੇ ਕਿਹਾ ਕਿ ਅਸੀਂ ਖੇਤੀਆਂ ਕਰਦੇ ਰਾਖੀਆਂ ਭਰਦੇ ਰਾਤ ਜਾਗਦੇ ਹਾਂ, ਇਸ ਤਰ੍ਹਾਂ ਅਭਿਆਸ ਹੋ ਗਿਆ ਹੈ ਤਦੋਂ ਗੁਰੂ ਜੀ ਨੇ ਸ੍ਰੀ ਲਹਿਣਾ ਜੀ ਨੂੰ ਇਹੋ ਗੱਲ ਆਖੀ। ਉਨ੍ਹਾਂ ਨੇ ਜੋ ਉਤਰ ਦਿਤਾ ਸੋ ਮੈਂ ਆਪ ਨੂੰ ਮਹਿਮਾ ਪ੍ਰਕਾਸ਼ ਵਿਚੋਂ ਉਹੋ ਤੁਕਾਂ ਹੀ ਸੁਣਾਉਂਦਾ ਹਾਂ ਜੋ ਬੜੀਆਂ ਸੁਆਦਲੀਆਂ ਹਨ –

*ਕਰ ਜੋੜ ਲਹਿਣਾ ਜੀ ਬਿਨਤੀ ਕੀਨਾ॥*
*ਤੁਮ ਸਭ ਕਿਛੁ ਜਾਨੋ ਦਿਆਲ ਪ੍ਰਬੀਨਾ॥*
*ਰਾਤ ਦਿਵਸ ਤੁਮਰੋ ਹੈ ਕੀਤਾ॥*
*ਤੁਮ ਬਿਨ ਅਵਰ ਨ ਜਾਨਤ ਬੀਆ॥*
*ਲਗੀ ਲਗਨ ਮਨ ਚਰਨ ਸਰੋਜਨ॥*
*ਨਿਸਦਿਨ ਸੋ ਕਿਛੁ ਨਹੀ ਪਰੋਜਨ॥*
*ਚਾਤ੍ਰਿਕ ਬੂੰਦ ਕਿਰਖੀ ਕਉ ਮੇਂਹੁ॥*
*ਹਮਰੋ ਪ੍ਰਭ ਚਰਨ ਕਮਲ ਸਿਉ ਨੇਂਹੁ॥*
*ਸਰਧਾ ਰਾਖਨਪਰਮ ਸੁਜਾਨ॥*
*ਰਾਤ ਦਿਵਸ ਹਮ ਜਾਨਤ ਨਾਹੀਂ॥......*

ਇਸ ਪਰ ਸਾਧੂ ਜੀ ਫੇਰ ਉਠ ਖੜ੍ਹੇ ਹੋਏ ਤੇ ਕਹਿਣ ਲੱਗੇ ਸੰਤ ਜੀ! ਆਪ ਦੀ ਕਥਨੀ ਦੀ ਲੜੀ ਨਦੀ ਵਾਂਙ ਚਲ ਰਹੀ ਹੈ, ਇਸ ਵਿਚ ਆਪਣੇ ਵੇਗ ਵਿਚ ਟੁਰਨਾ ਵਿਘਨਕਾਰੀ ਹੋ ਰਿਹਾ ਹਾਂ, ਕ੍ਰਿਪਾ ਕਰਕੇ ਸਾਨੂੰ ਸਮਝਾਓ। ਇਹ ਪਰਖ ਤਾਂ ਬੜੀ ਸੋਹਣੀ ਆਈ ਹੈ, ਪਰ ਸਮਝ ਨਹੀਂ ਪਿਆ ਕਿ ਤਾਤਪਰਜ ਕੀ ਹੈ? ਜ਼ਰਾ ਵਿਆਖਿਆ ਕਰਨ

ਦੀ ਕ੍ਰਿਪਾ ਕਰੋ। ਤਦ ਸੰਤ ਜੀ ਬੋਲੇ-ਵਾਹ, ਵਾਹ, ਜਿਵੇਂ ਸੰਗਤ ਜੀ ਰਜ਼ਾ। ਪਿਆਰਿਓ, ਵਾਕਿਆਤ ਵਰਤਣ ਵੇਲੇ ਦਾਸ ਜਾਂ ਆਪ ਇਸ ਜਾਮੇ ਵਿਚ ਨਹੀਂ ਸੇ। ਭਲੇ ਪੁਰਖਾਂ ਦੇ ਲਿਖੇ ਹਾਲਾਂ ਤੋਂ ਜੋ ਦਾਸ ਦੀ ਸਮਝ ਆਉਂਦਾ ਹੈ ਬੇਨਤੀ ਕਰਦਾ ਹਾਂ -

ਤ੍ਰੈਹਾਂ ਸਿੱਖਾਂ ਦੇ ਬਚਨਾਂ ਵਿਚ ਕਾਲ ਦੇ ਗਿਆਨ ਦੀ ਸੰਭਾਵਨਾ ਹੈ, ਉਨ੍ਹਾਂ ਨੂੰ ਰਾਤ ਵੇਲੇ ਪਤਾ ਹੈ ਕਿ ਕਿੰਨੀ ਰਾਤ ਬੀਤੀ ਹੈ, ਤੇ ਆਪਣੇ ਗਿਆਨ ਉਤੇ ਮਾਣ ਬੀ ਹੈ ਕਿ ਸਾਨੂੰ ਅਭਿਆਸ ਹੈ, ਇਸ ਵਿਚ ਦੋਸ਼ ਕੋਈ ਨਹੀਂ, ਪਰ ਸ੍ਰੀ ਲਹਿਣਾ ਜੀ ਦੇ ਉਤਰ ਤੋਂ ਸਮਝ ਪੈਂਦੀ ਹੈ ਕਿ ਉਨ੍ਹਾਂ ਨੂੰ ਜੋ ਇਕ ਲਗਾਤਾਰੀ ਰਸ ਪਿਆਰੇ ਦੇ ਪ੍ਰੇਮ ਦਾ ਅਰ ਲਿਵ ਦੀ ਤਾਰ ਦਾ ਨਿਰੰਤਰ ਬੱਝੇ ਰਹਿਣ ਦਾ ਪ੍ਰਾਪਤ ਹੋ ਗਿਆ ਸੀ, ਉਸ ਵਿਚ ਕਾਲ ਦੇ ਬੀਤਣ ਵਲ ਧਿਆਨ ਦੇ ਜਿਸ ਹਿੱਸੇ ਨੇ ਜਾਣਾ ਹੈ, ਉਹ ਨਹੀਂ ਸੀ ਜਾਂਦਾ। 'ਸੁਣਿਐ ਲਾਗੈ ਸਹਜ ਧਿਆਨ'। ਆਪ ਦਾ ਧਿਆਨ ਸਹਜ ਧਿਆਨ ਹੋ ਕੇ ਐਸਾ ਲੱਗਾ ਹੈ ਕਿ ਉਸ ਵਿਚ ਵਿਰਲ ਵਿੱਥ ਨਹੀਂ ਰਹੀ ਸੀ। ਜ਼ਰਾ ਧਿਆਨ ਦੇ ਕੇ ਸਮਝਣਾ, ਸਾਧ ਸੰਗਤ ਜੀ, ਹਰ ਛਿਨ ਦੇ ਬਾਅਦ ਛਿਨ ਆਉਂਦੀ ਹੈ, ਚਾਹੋ ਨਾਲੋ ਨਾਲ ਆਉਂਦੀ ਹੈ, ਪਰ ਵਿਚ ਵਿਚ ਵਿੱਥ ਹੁੰਦੀ ਹੈ, ਚਾਹੋ ਕਿੰਨੀ ਘੱਟ ਹੋਵੇ। ਨਾਮ ਜਪੀਦਾ ਹੈ ਤਾਂ ਇਕ ਵੇਰੇ ਕਹਿਣ ਦੇ ਬਾਅਦ ਦੂਜੀ ਵੇਰ ਕਹਿਣੇ ਵਿਚ ਵਿੱਥ ਹੁੰਦੀ ਹੈ। ਜਦੋਂ ਕਹਿੰਦੇ ਕਹਿੰਦੇ ਇਹ ਵਿੱਥ ਇੰਨੀ ਘਟ ਜਾਂਦੀ ਹੈ ਕਿ ਸਾਡੀ ਬੁਧੀ ਉਸ ਨੂੰ ਨਾ ਲਖ ਸਕੇ ਤਾਂ ਉਹ ਦਸ਼ਾ ਲਿਵ ਕਹੀਦੀ ਹੈ। ਇਹੋ ਪਰਪੱਕਤਾ ਸਹਿਜ ਧਿਆਨ ਹੈ। ਸਹਿਜ ਧਿਆਨ ਵਿਚ ਸੁਤੇ ਤੇ ਲਗਾਤਾਰ ਅੰਦਰਲਾ ਨਾਮ ਵਿਚ ਲਗਾ ਰਹਿੰਦਾ ਹੈ। ਸੋ ਪ੍ਰੇਮ ਲਗਨ ਵਿਚ ਸ੍ਰੀ ਲਹਿਣਾ ਜੀ ਦੀ ਲਿਵ ਲਗਾਤਾਰੀ ਹੈ, ਅਰ ਉਸ ਰਸ ਵਿਚ ਲੱਗੀ ਹੋਰ ਪਾਸੇ ਜਾਂਦੀ ਨਹੀਂ। ਰਸ ਵਿਚ ਮਗਨ ਹੋਇਆਂ ਰਸੀਆਂ ਨੂੰ ਕਾਲ ਬੀਤਦਾ ਨਹੀਂ ਜਾਪਦਾ। ਮੋਟੀ ਜਿਹੀ ਗੱਲ ਤੁਸੀਂ ਦੇਖ ਲਓ ਕਿ ਤੁਸੀਂ ਜੇ ਕਿਸੇ ਕੰਮ ਵਿਚ ਸਾਰੇ ਖਚਿਤ ਹੋ ਕੇ ਲਗ ਜਾਓ ਤਾਂ ਤੁਹਾਨੂੰ ਜਾਪੇਗਾ ਕਿ ਇਕ ਘੜੀ ਬੀਤੀ ਹੈ ਪਰ ਹੈਰਾਨ ਹੋਵੋਗੇ ਕਿ ਤ੍ਰੈ ਘੜੀਆਂ ਬੀਤ ਗਈਆਂ ਹਨ। ਕਈ ਵੇਰੀ ਕਹੀਦਾ ਹੈ, ਹੈਂ ਮੈਂ ਤਾਂ ਏਡਾ ਰੁੱਝਾ ਰਿਹਾ ਕਿ ਸਮਾਂ ਬੀਤਦੇ ਦਾ ਪਤਾ ਹੀ ਨਹੀਂ ਲੱਗਾ। ਸੋ ਸ੍ਰੀ ਗੁਰੂ ਜੀ ਦੀ ਬਖਸ਼ੀ ਲਿਵ ਵਿਚ ਤੇ ਪ੍ਰੇਮ ਵਿਚ ਸ੍ਰੀ ਲਹਿਣਾ ਜੀ ਸਹਿਜ ਧਿਆਨ ਵਿਚ ਜੀਉ ਰਹੇ ਸਨ, ਕਾਲ ਲੰਘਦੇ ਦੀ ਪਰਵਾਹ ਤੇ ਪਤਾ ਉਨ੍ਹਾਂ ਨੂੰ ਨਹੀਂ ਸੀ। ਦੂਜੀ ਗੱਲ ਇਕ ਹੋਰ ਹੈ ਕਿ ਰਾਤ ਪਹਿਰ ਕੁ ਹੀ ਬਾਕੀ ਹੈ। ਸਿੱਖ ਕਹਿ ਰਹੇ ਸਨ ਕਿ ਨਹੀਂ ਠੀਕ ਅੱਧੀ ਰਾਤ ਬਾਕੀ ਹੈ। ਇਹ ਗੁਰੂ ਕੇ ਬਚਨ ਦਾ ਫੇਰ ਹੋ ਰਿਹਾ ਸੀ। ਗੁਰੂ ਜੀ ਤ੍ਰਿਪਹਿਰੇ ਵਜੇ ਭਜਨ ਵਿਚ ਬੈਠ ਜਾਂਦੇ ਸਨ, ਇਸ਼ਨਾਨ ਇਸ ਤੋਂ ਕੁਛ ਪਹਿਲੇ ਅਰਥਾਤ ਤੀਜੇ ਪਹਿਰ ਵਿਚ ਆਪ ਕਰਦੇ ਸੇ। ਸੋ ਸਿੱਖ ਤਾਂ ਦਸਦੇ ਸੇ ਕਿ ਅੱਧੀ ਰਾਤ ਹੈ ਤੇ ਸੀ ਤੀਜਾ ਪਹਿਰ ਲਗ ਭੱਗ ਬੀਤ ਚੁਕਾ। ਗੁਰੂ ਜੀ ਦਾ ਕਹਿਣਾ ਠੀਕ ਸੀ ਤੇ ਸਿੱਖਾਂ ਦਾ ਠੀਕ ਨਹੀਂ ਸੀ, ਕਿਉਂਕਿ ਉਹ ਤਾਂ ਤੀਜਾ ਪਹਿਰ ਸੀ ਤੇ ਸ੍ਰੀ ਲਹਿਣਾ ਜੀ ਦੇ ਆਪਣੇ ਚਿੱਤ ਦੀ ਅਵਸਥਾ ਲਗਨ ਦੀ ਲਿਵ ਦੀ ਸੀ, ਨਾ ਦੂਜੇ ਤੀਜੇ ਪਹਿਰ ਵਲ ਧਿਆਨ ਸੀ ਨਾ ਕਿਸੇ ਤਜਰਬੇ ਦਾ ਮਾਣ ਸੀ।

ਸੋ ਏਸ ਪ੍ਰਕਾਰ ਦੇ ਵਰਤਾਰੇ ਕਈ ਵਰਤੇ ਹੋਣਗੇ ਜਿਨ੍ਹਾਂ ਨਾਲ ਸਤਿਗੁਰ ਨੇ ਸਾਬਤ ਕਰ ਦਿਤਾ ਕਿ ਸ੍ਰੀ ਲਹਿਣਾ ਜੀ ਦਾ ਵਜੂਦ ਐਸਾ ਹੈ ਕਿ ਜੋ ਨਿਰੰਤਰ ਸਾਂਈਂ ਮੇਲ ਵਿਚ ਰਹਿੰਦਾ ਤਦਰੂਪ ਹੀ ਹੋ ਚੁੱਕਾ ਹੈ, ਸੋ ਤਯਾਰ ਸਨ ਕਿ ਇਸ ਰੂਪ ਵਿਚ ਹੁਣ ਸਾਡਾ ਦੂਜਾ ਅਵਤਾਰ ਹੋਵੇ। ਨਾਲੇ ਤਾਂ ਸ੍ਰੀ ਗੁਰੂ ਨਾਨਕ ਜੋਤੀ ਜੋਤ ਜਾ ਬਿਰਾਜਣ, ਨਾਲੇ ਸ੍ਰੀ ਲਹਿਣਾ ਜੀ ਵਿਚ ਅਵਤਰਣ ਹੋ ਜਾਵਣ। ਏਹ ਸਰੀਰਕ ਗੱਲਾਂ ਨਹੀਂ, ਆਤਮ ਗੱਲਾਂ ਹਨ। ਜਿਵੇਂ ਮੈਂ ਦੱਸਿਆ ਸੀ, ਇਕ ਦ੍ਰਿਸ਼ਟਾਂਤ ਮਾਤਰ ਕਿ ਕਿਸੇ ਸੂਖਮ ਸੰਸਾਰ ਵਿਚ ਬੂਟੇ ਨਾਲ ਬੀ ਫੁਲ ਲੱਗਾ ਰਹਿੰਦਾ ਹੈ ਨਾਲੇ ਤੋੜਿਆਂ ਸਾਡੇ ਹੱਥ ਵਿਚ ਬੀ ਹੁੰਦਾ ਹੈ। ਸੋ ਦੇਖੋ ਭਾਈ ਸੰਤੋਖ ਸਿੰਘ ਜੀ ਨੇ ਬੀ ਇੰਜ ਹੀ ਲਿਖਿਆ ਹੈ ਕਿ ਗੁਰੂ ਨਾਨਕ ਠਾਨ ਲਈ ਮਨ-ਅੰਗਦ ਦੇਹਿ ਮੇਂ ਜਾਉਂ ਸਮਾਏ। ਫੇਰ ਲਿਖਦੇ ਹਨ, ਸੋ ਗੁਰੂ ਨਾਨਕ ਜੀਅ ਠਟੀ- ਲਹਿਣੇ ਤਨ ਬੀਚੇ ਬਿਰਾਜਹੁ ਜਾਏ।

ਜੋ ਗੁਰੂ ਨਾਨਕ ਦੇਵ ਜੀ ਹੀ ਹੁਣ ਦੂਜਾ ਅਵਸਾਤਰ ਧਾਰਨ ਲੱਗੇ ਹਨ। ਇਕ ਦਿਨ ਅੰਮ੍ਰਿਤ ਵੇਲੇ ਸ੍ਰੀ ਬਾਬਾ ਜੀ ਰਾਵੀ ਇਸ਼ਨਾਨ ਕਰਨ ਗਏ, ਨਿੱਤ ਵਾਂਙੂ ਸ੍ਰੀ ਲਹਿਣਾ ਜੀ ਸ਼ਨਾਨ ਕਰਕੇ ਕਪੜੇ ਪਾ ਕੇ ਕਿਨਾਰੇ ਬੈਠ ਗਏ। ਆਪ ਜਲ ਵਿਚ ਖੜ੍ਹੀ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਮੂਰਤੀ ਵਲ ਪ੍ਰੇਮ ਨਾਲ ਤੱਕ ਰਹੇ ਸਨ ਕਿ ਤਕਦੇ-ਤਕਦੇ ਨੈਣ ਜੁੜ ਗਏ, ਐਸੇ ਜੁੜੇ ਕਿ ਉਸ ਬੱਝੇ ਧਿਆਨ ਵਿਚ ਸ੍ਰੀ ਲਹਿਣਾ ਜੀ ਵਿਦੇਹ ਹੋ ਗਏ। ਜਦ ਸ੍ਰੀ ਗੁਰੂ ਜੀ ਬਾਹਰ ਆਏ ਕੀ ਦੇਖਦੇ ਹਨ ਕਿ ਸ੍ਰੀ ਲਹਿਣਾ ਜੀ ਦੇਹ ਦੀ ਸੁੱਧ ਤੋਂ ਬੇਸੁਧ ਹਨ ਅਰ ਇਸ ਵੇਲੇ ਸਰੂਪ ਵਿਚ ਮਗਨ ਹਨ। ਤਦ ਸ੍ਰੀ ਗੁਰੂ ਜੀ ਨੇ ਉਸ ਧਿਆਨ ਦੀ ਮੂਰਤੀ ਨੂੰ ਜਿਸ ਪਰ ਟਿਕੇ ਹੋਏ ਸ੍ਰੀ ਲਹਿਣਾ ਜੀ ਵਿਦੇਹ ਹੋ ਰਹੇ ਸਨ ਖਿੱਚ ਲਿਆ। ਇਸ ਦੇ ਖਿਚਦੇ ਸਾਰ ਸ੍ਰੀ ਲਹਿਣਾ ਜੀ ਦੇ ਨੈਣ ਖੁਲ੍ਹ ਗਏ। ਪ੍ਰਤੱਖ ਗੁਰੂ, ਸਮਰੱਥ ਗੁਰੂ, ਸਿਰ ਤੇ ਹੱਥ ਧਰ ਕੇ ਪਿਆਰ ਦੇਂਦਾ ਖੜ੍ਹਾ ਦੇਖਿਆ। ਚਰਨਾਂ ਤੇ ਸਿਰ ਧਰਿਆ ਤੇ ਸ੍ਰੀ ਗੁਰੂ ਜੀ ਦੀ ਆਗਿਆ ਵਿਚ ਨਾਲ ਹੋ ਟੁਰੇ ਅਰ

ਧਰਮਸਾਲ ਅੱਪੜੇ। ਇਸ ਵੇਲੇ ਚਾਨਣਾ ਹੋ ਰਿਹਾ ਸੀ। ਧਰਮਸਾਲ ਵਿਚ ਸੰਗਤ ਜੁੜੀ ਹੋਈ ਸੀ। ਮੁਖੀ ਸਿੱਖ ਬੀ ਹਾਜ਼ਰ ਸੇ। ਜੋ ਨਹੀਂ ਸੇ, ਬੁਲਾ ਘੱਲੇ ਤਾਂ ਪੁੱਤਾਂ ਨੂੰ ਬੀ ਸਦਵਾ ਭੇਜਿਆ। ਫਿਰ ਸੀ ਲਹਿਣਾ ਜੀ ਨੂੰ ਮਸਨਦ ਤੇ ਬਿਠਾ ਕੇ ਪੰਜ ਪੈਸੇ ਤੇ ਨਲਯੇਰ ਅੱਗੇ ਧਰਿਆ ਤੇ ਹੱਥ ਜੋੜ ਕੇ ਸੀਸ ਨਿਵਾਇਆ। ਸੀਸ ਨਿਵਾਉਂਦੇ ਸਾਰ ਸ੍ਰੀ ਗੁਰੂ ਜੀ ਅਵਤਰਣ ਕਰ ਗਏ ਲਹਿਣਾ ਸਰੂਪ ਵਿਚ। ਸ੍ਰੀ ਪਰਮ ਪਾਵਨ ਲਹਿਣਾ ਸ੍ਰੀ ਗੁਰੂ ਗੁਰੂ ਨਾਨਕ ਹੋ ਗਿਆ। ਹਾਂ ਗੁਰੂ ਬਾਬੇ ਨੇ 'ਅੰਗਦ' ਕਰਕੇ ਪੁਕਾਰਿਆ ਕਿ ਇਹ ਗੁਰੂ ਨਾਨਕ ਦਾ ਹੀ ਸਰੀਰ ਹੈ। ਪ੍ਰੇਮ ਦੇ ਰੰਗਾਂ ਨਾਲ ਕੋਮਲ ਹੋਏ ਗੁਰੂ ਅੰਗਦ ਜੀ ਨੇ ਆਪਣੇ ਪਿਆਰੇ ਸਿਰਤਾਜ ਦਾ ਸੀਸ ਨੀਉਂਦਾ ਨਾ ਸਹਾਰਿਆ, ਤਦ ਗੁਰੂ ਜੀ ਨੇ ਹੋੜਿਆ, ਖਬਰਦਾਰ ਮੂੰਹੋਂ ਕੁਛ ਨਹੀਂ ਕੱਢਣਾ –

*ਆਇਸ ਮੰਨਹੁ ਅਸ ਮਤ ਮੇਰੋ,*
*ਭਾ ਸਭ ਕੋ ਗੁਰੁ ਹੈ ਜਗ ਚੇਰੋ।*
*ਅੰਗਦ ਨਾਮ ਆਜ ਤੇ ਹੋਈ।*
*ਨਿਜ ਅੰਗਨ ਤੇ ਕੀਨੋ ਤੋਹੀ॥*
*ਸਿਮਰਨ ਸਤਿਨਾਮ ਪ੍ਰਗਟਾਵੋ।*
*ਜਹਿਂ ਤਹਿਂ ਸਿਖੀ ਰੀਤਿ ਚਲਾਵੋ।*

ਜਾਂ ਸੰਤ ਜੀ ਕਥਾ ਕਰਦੇ ਹੋਏ ਇਥੇ ਕੁ ਅਪੜੇ ਤੇ ਸੰਗਤ ਗਦ-ਗਦ ਹੋ ਰਹੀ ਸੀ ਤਾਂ ਫੇਰ ਉਹ ਭਗਵੇ ਕਪੜਿਆਂ ਵਾਲੇ ਗੁਰੂ ਘਰ ਦੇ ਸਾਧੂ ਜੀ ਖੜ੍ਹੋ ਗਏ ਤੇ ਬੋਲੇ, ਹੇ ਭਗਵਨ! ਕੋਈ ਵਿਸ਼ੇਸ਼ ਪਰਮਾਣ ਬੀ ਹੈ ਜਿਸ ਵਿਚ ਗੁਰੂ ਨਾਨਕ ਦੇਵ ਜੀ ਹੀ ਸ੍ਰੀ ਲਹਿਣਾ ਜੀ ਬਣ ਗਏ, ਜਿਸ ਤੋਂ ਨਿਸਚਿਤ ਇਹ ਗੱਲ ਸਿੱਧ ਹੋ ਜਾਵੇ?

ਇਹ ਸੁਣ ਕੇ ਇਕ ਖਿਨ ਵਿਚਾਰ ਕੇ ਸੰਤ ਬਿਮਲਾ ਸਿੰਘ ਜੀ ਬੋਲੇ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਤੋਂ ਉਪਰ ਹੋਰ ਕਿਹੜਾ ਵਿਸ਼ੇਸ਼ ਪ੍ਰਮਾਣ ਗੁਰਸਿੱਖਾਂ ਵਾਸਤੇ ਹੈ। ਏਹ ਸਬਦ ਪ੍ਰਮਾਣ ਹੈ, ਆਪਤ ਵਚਨ ਹੈ ਤੇ ਪ੍ਰਤੱਖ ਵੇਖਣਹਾਰਿਆਂ ਸਤਿ ਵਕਤਿਆਂ ਦੀ ਸਕਯੋਕਤੀ ਅਰਥਾਤ ਸੱਚ ਵਰਨਣ ਕਰਨਾ ਹੈ। ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪ੍ਰਮਾਣ ਦਾਸ ਨੂੰ ਯਾਦ ਆਉਂਦੇ ਹਨ ਸੋ ਸੁਣਾਉਂਦਾ ਹਾਂ –

*ਜੋਤਿ ਰੂਪਿ ਹਰਿ ਆਪਿ ਗੁਰੂ ਨਾਨਕ ਕਹਾਯਉ॥*
*ਤਾ ਤੇ ਅੰਗਦੁ ਭਯਉ ਤਤ ਸਿਉ ਤਤ ਮਿਲਾਯਉ॥*
*ਅੰਗ - 1408*

ਹਾਂ ਹੋਰ ਸੁਣੋ –

*ਸਤਿਗੁਰਿ ਨਾਨਕਿ ਭਗਤਿ ਕਰੀ ਇਕ ਮਨਿ*
*ਤਨੁ ਮਨੁ ਧਨੁ ਗੋਬਿੰਦ ਦੀਅਉ॥*
*ਅੰਗਦਿ ਅਨੰਤ ਮੂਰਤਿ ਨਿਜ ਧਾਰੀ*
*ਅਗਮ ਗਯਾਨਿ ਰਸਿ ਰਸਉ ਹੀਅਉ॥ ਅੰਗ - 1405*

ਹਾਂ ਜੀ, ਸਾਧਸੰਗਤ ਜੀ! ਬੋਲੋ ਸ੍ਰੀ ਵਾਹਿਗੁਰੂ, ਧਿਆਨ ਕਰੋ ਸ੍ਰੀ ਪਦ ਪਦਮ ਵਲ, ਤੇ ਸ੍ਰਵਣ ਕਰੋ –

*ਜੋਤਿ ਸਮਾਣੀ ਜੋਤਿ ਮਾਹਿ ਆਪੁ ਆਪੈ ਸੇਤੀ ਮਿਕਿਓਨੁ॥*
*ਅੰਗ - 967*

ਹੋਰ –

*ਜੋਤਿ ਓਹਾ ਜੁਗਤਿ ਸਾਇ ਸਹਿ ਕਾਇਆ ਫੇਰਿ ਪਲਟੀਐ॥*
*ਅੰਗ - 967*

ਪੁਨ –

*ਨਾਨਕੁ ਕਾਇਆ ਪਲਟੁ ਕਰਿ ਮਲਿ ਤਖਤੁ ਬੈਠਾ ਸੈ ਡਾਲੀ॥*
*ਅੰਗ - 967*

ਸੰਗਤ –ਬਲਿਹਾਰ ਬਲਿਹਾਰ! ਧੰਨ ਗੁਰੂ ਨਾਨਕ! ਵਾਹ ਵਾਹ! ਸਚਮੁੱਚ ਗੁਰੂ ਅੰਗਦ ਜੀ ਗੁਰੂ ਨਾਨਕ ਦੇਵ ਜੀ ਦਾ ਹੀ ਹੀ ਦੂਸਰਾ ਅਵਤਾਰ ਹੋਏ। ਸੰਤ ਜੀ ਆਪ ਦੀ ਰਸਨਾ ਤੋਂ ਬਲਿਹਾਰ।

ਹੁਣ ਨਰੋਤਮ ਸਿੰਘ ਜੀ ਫੇਰ ਬੋਲ ਪਏ। ਆਪ ਜੀ ਦੀ ਕਥਨੀ ਤੇ ਆਪ ਦੇ ਉਤਰ ਆਨੰਦ ਦੇ ਰਹੇ ਹਨ। ਅਸੀਂ ਵਿਘਨ ਪਾਉਂਦੇ ਰਹੇ ਹਾਂ। ਐਸਾ ਕਰਨਾ ਜੈਸਾ ਅਸੀਂ ਕਰਦੇ ਰਹੇ ਹਾਂ ਰਸ ਭੰਗ ਕਰਦਾ ਹੈ। ਪਰ ਅਸੀਂ ਤ੍ਰਿਹਾਏ ਆਦਮੀ ਵਾਂਙ ਕਟੋਰਾ ਲੱਭੇ ਤੇ ਬਹੁਤ ਪੀਣ ਦੇ ਮਗਰ ਪਏ ਹੋਏ ਹਾਂ। ਕ੍ਰਿਪਾ ਕਰਕੇ ਇਕ ਮੇਰੀ ਮੂਰਖਿ ਮਤ ਨੂੰ ਸੁਮੱਤ ਦੇ ਦਿਓ। ਆਪ ਦੇ ਉਚੇ ਖਿਆਲ ਤੇ ਆਤਮ ਭਾਵ ਦਿਲਾਂ ਤੇ ਅਸਰ ਕਰ ਗਏ ਹਨ, ਕੋਈ ਮੋਟੀ ਮਿਸਾਲ ਇਸ ਦਿਸਦੇ ਜਗਤ ਦੀ ਬੀ ਦੱਸ ਦਿਓ ਕਿ ਇਕ ਸ਼ੈ ਅਪਨਾ ਹੋਰ ਰੂਪ ਬੀ ਧਾਰ ਲਏ ਤੇ ਆਪਣੇ ਆਪ ਵਿਚ ਬੀ ਕਾਇਮ ਰਹੇ ਤੇ ਹੋਵੇ ਬੀ ਕੋਈ ਸੂਖਮ ਗਤੀ ਦੀ।

ਤਾਂ ਸੰਤ ਜੀ ਬੋਲੇ – ਸਿੰਘ ਜੀ! ਇਕ ਦੀਪਕ ਬਲ ਰਿਹਾ ਹੈ। ਇਕ ਦੂਜਾ ਦੀਪਕ ਹੈ, ਉਸ ਵਿਚ ਤੇਲ ਵਟੀ ਸਭ ਕੁਛ ਹੈ, ਪਰ ਜੋਤ ਨਹੀਂ। ਜਦੋਂ ਉਸ ਨੂੰ ਜਗਦੇ ਦੀਪਕ ਦਾ ਸਤਿਸੰਗ ਮਿਲਦਾ ਹੈ ਤਾਂ ਉਹ ਬੀ ਜੋਤ ਰੂਪ ਹੋ ਜਾਂਦਾ ਹੈ। ਹੁਣ ਦੇਖੋ ਜਯੋਤਿ ਦਾਨ ਕਰਨ ਵਾਲਾ ਦੀਪਕ ਜਯੋਤੀ ਸਰੂਪ ਹੈ। ਤੇ ਦੂਜਾ ਬੀ ਉਹੋ ਜਿਹਾ ਜਯੋਤੀ ਸਰੂਪ ਹੋ ਗਿਆ ਹੈ। ਪਹਿਲੇ ਨੇ ਦੂਏ ਨੂੰ ਜੋਤ ਦਾਨ ਕੀਤੀ ਹੈ ਪਰ ਆਪ ਹੀ ਜੋਤ ਰੂਪ ਕਾਇਮ ਹੈ। ਇਹ ਇਕ ਮੋਟੀ ਮਿਸਾਲ ਹੋ ਸਕਦੀ ਹੈ। ਇਕ ਹੋਰ ਬੇਨਤੀ ਕਰ ਦਿਆਂ ਕਿ ਮਿਸਾਲ ਯਾ ਦ੍ਰਿਸ਼ਟਾਂਤ ਸਦਾ ਦਲੀਲ ਦਾ ਦਰਜਾ ਨਹੀਂ ਰਖਦੇ ਪਰ ਦ੍ਰਿਸ਼ਟਾਂਤ ਨਾਲ ਗੱਲ ਸਮਝ ਸੌਖੀ ਆ ਜਾਂਦੀ ਹੈ ਪਰ ਇਕ ਹੋਰ ਖਿਆਲ ਕਰ ਲਿਆ ਜੇ ਕਿ ਦ੍ਰਿਸ਼ਟਾਂਤ ਦਾ ਇਕੋ ਅੰਗ ਲਈਦਾ ਹੈ, ਸਾਰਾ ਨਹੀਂ ਘਟਾਈਦਾ।

ਸੰਗਤ-ਬਹੁਤ ਠੀਕ ਹੈ ਜੀਓ! ਹੁਣ ਆਪ ਅਗਲੀ ਕਥਾ ਸੁਣਾਓ।

ਸੰਤ- ਇਨ੍ਹਾਂ ਕੌਤਕਾਂ ਦੇ ਬੀਤ ਜਾਣ ਮਗਰੋਂ ਸ੍ਰੀ ਗੁਰੂ ਜੀ ਨੇ ਗੁਰੂ ਅੰਗਦ ਜੀ ਨੂੰ ਆਗਿਆ ਕੀਤੀ ਕਿ ਹੁਣ ਤੁਸੀਂ ਜਗਤ ਦੇ ਉਧਾਰ ਵਾਸਤੇ ਬਾਣੀ ਇਕੱਠੀ ਕਰੋ, ਤਾਂ ਜੋ ਬਾਣੀ ਥਿਰ ਰਹੇ ਤੇ ਸਾਥੋਂ ਪਿੱਛੇ ਆਉਣ ਵਾਲਿਆਂ ਦਾ ਬੀ ਉਧਾਰ ਹੋਵੇ। ਤਦੋਂ ਸ੍ਰੀ ਗੁਰੂ ਜੀ ਨੇ ਜਪੁਜੀ ਸਾਹਿਬ ਇਕੱਠੀ ਕੀਤੀ ਤੇ ਆ ਕੇ ਸੁਣਾਈ। ਐਸਾ ਖਿਆਲ ਪੈਂਦਾ ਹੈ ਕਿ ਕਈ ਪੌੜੀਆਂ ਗੁਰੂ ਨਾਨਕ ਦੇਵ ਜੀ ਨੇ ਉਨ੍ਹੀਂ ਦਿਨੀਂ ਰਚੀਆਂ ਤੇ ਕਈ ਪਹਿਲੇ ਦੀਆਂ ਸਨ। ਸਾਰੀ ਇਕੱਠੀ ਕੀਤੀ ਬਾਣੀ ਦਾ ਨਾਮ 'ਜਪੁ' ਰਖਿਆ। ਇਸ ਦੇ ਅਖੀਰ ਪਰ ਜੋ ਸਲੋਕੁ ਹੈ ਉਹ ਮਾਝ ਦੀ ਵਾਰ ਤੋਂ ਪਤਾ ਲਗਦਾ ਹੈ ਕਿ ਗੁਰੂ ਅੰਗਦ ਦੇਵ ਜੀ ਦਾ ਹੈ। ਸੋ ਜਾਪਦਾ ਹੈ ਕਿ ਜਪੁਜੀ ਦੇ ਅਖੀਰ ਤੇ ਇਹ ਸਲੋਕ ਗੁਰੂ ਨਾਨਕ ਦੇਵ ਜੀ ਨੇ ਆਪ ਰਖਵਾਇਆ ਕਿ ਸ੍ਰੀ ਗੁਰੂ ਅੰਗਦ ਦੇਵ ਜੀ ਦੀ ਬਾਣੀ ਤੇ ਉਨ੍ਹਾਂ ਦੀ ਬਾਣੀ ਇਕ ਤੁੱਲ ਹੋਵੇ ਤੇ ਉਨ੍ਹਾਂ ਦੇ ਹੁੰਦਿਆਂ 'ਨਾਨਕ' ਪਦ ਗੁਰੂ ਅੰਗਦ ਜੀ ਵਰਤ ਲੈਣ ਤੇ ਸੰਗਤਾਂ ਸਿਰ ਝੁਕਾ ਦੇਣ।

ਤਦ ਸ੍ਰੀ ਗੁਰੂ ਜੀ ਨੇ ਆਪ ਜਪੁਜੀ ਦੇ ਪਾਠ ਦਾ ਮਹਾਤਮਾ ਦੱਸਿਆ ਤੇ ਰੋਜ਼ ਪਾਠ ਕਰਨ ਦਾ ਹੁਕਮ ਦਿਤਾ। ਸੋ ਸਾਧ ਸੰਗਤ ਜੀ! ਜੋ ਸਿੱਖੀ ਦਾ ਚਾਹਵਾਨ ਹੋਵੇ ਸੋ ਸਵੇਰੇ ਉਠ ਕੇ ਜਪੁਜੀ ਸਾਹਿਬ ਦਾ ਪਾਠ ਕਰੇ। ਪਾਠ ਕਰਦਿਆਂ ਚਿੱਤ ਪਾਠ ਵਿਚ ਰੱਖੇ ਤੇ ਬਾਣੀ ਦੇ ਅਰਥਾਂ ਵਲ ਬੀ ਰੁਚੀ ਰੱਖੇ। ਇਸ ਨਾਲ ਮਨ ਟਿਕੇਗਾ, ਮੈਲ ਉਤਰੇਗੀ ਤੇ ਚਿੱਤ ਨਾਮ ਵਿਚ ਜਾਏਗਾ। ਇਹ ਬਾਣੀ ਕਲਿਆਣ ਦੀ ਸਹਾਇਕ ਹੈ ਤੇ ਕਲਿਆਣ ਦੀ ਦਾਤੀ ਹੈ। ਮਨ ਦੇ ਦੁਖ ਕਲੇਸ਼ ਸਰੀਰ ਦੇ ਔਖ ਆਦਿ ਬੀ ਇਸ ਦੇ ਪਾਠ ਨਾਲ ਘਟਣਗੇ ਤੇ ਦੂਰ ਹੋਣਗੇ। ਸੋ ਜਪੁਜੀ ਸਿੱਖਾਂ ਦਾ ਜਪ ਮੰਤ੍ਰ ਹੈ ਜੋ ਸਵੇਰੇ ਸਭ ਤੋਂ ਪਹਿਲਾਂ ਕਰਕੇ ਮਗਰੋਂ ਹੋਰ ਕੁਛ ਕਰਦੇ ਹਨ। ਸਾਰੇ ਗੁਰੂ ਸਾਹਿਬ ਆਪ ਪਾਠ ਕਰਦੇ ਸੇ। ਅੰਤ ਸਮੇਂ ਬੀ ਹਰ ਗੁਰੂ ਸਾਹਿਬ ਨੇ ਜਪੁਜੀ ਦਾ ਪਾਠ ਕੀਤਾ ਹੈ। ਸਾਧ ਸੰਗਤ ਜੀ, ਨੇਮ ਧਾਰੋ ਕਿ ਰੋਜ਼ ਮਨ ਜੋੜ ਕੇ ਪਾਠ ਕਰਿਆ ਕਰਾਂਗੇ।

ਮੈਨੂੰ ਸੰਸਾ ਪੈਂਦਾ ਹੈ ਕਿ ਹੁਣੇ ਕਿਸੇ ਸੱਜਣ ਨੇ ਦੀਵਾਨ ਵਿਚੋਂ ਉਠ ਕੇ ਆਖਣਾ ਹੈ ਕਿ ਇਕ ਵੇਰੀ ਸਮਝ ਲਿਆ ਰੋਜ਼-ਰੋਜ਼ ਦੇ ਪਾਠ ਦਾ ਕੀ ਲਾਭ ਹੈ। ਸੋ ਮੈਂ ਆਪ ਹੀ ਇਕ ਦ੍ਰਿਸ਼ਟਾਂਤ ਦੇ ਕੇ ਖੋਹਲ ਕੇ ਦਸਦਾ ਹਾਂ। ਸਾਧਸੰਗਤ ਜੀ ਵਿਚਾਰ ਕਰਨਾ ਕਿ ਸਾਡੇ ਘਰਾਂ ਵਿਚ ਰੋਜ਼ ਧੂੜ ਪੈਂਦੀ ਹੈ। ਬੰਦ ਮਕਾਨਾਂ ਵਿਚ ਬੀ ਪੈਂਦੀ ਹੈ। ਫੇਰ ਰੋਜ਼ ਸਫਾਈ ਕਰੀਦੀ ਹੈ। ਸਾਧ ਸੰਗਤ ਜੀ! ਜੋ ਘੜੀ ਤੁਹਾਡੇ ਖੀਸੇ ਵਿਚ ਹੈ, ਕਿਤਨੀ ਬੰਦ ਕੀਤੀ ਹੋਈ ਹੈ, ਜਦੋਂ ਘੜੀ ਸਾਜ਼ ਕੋਲ ਕਦੇ ਲਿਜਾਓ ਤਾਂ ਕਹਿੰਦਾ ਹੈ, ਮੈਲੀ ਹੋ ਗਈ ਹੈ। ਮੈਲ ਉਸ ਬੰਦ ਘੜੀ ਵਿਚ ਬੀ ਲੰਘ ਜਾਂਦੀ ਹੈ। ਸੋ ਤਿਵੇਂ ਮਨ ਤੇ ਰੋਜ਼ ਮੈਲ ਪੈਂਦੀ ਹੈ। ਇਹ ਮੈਲ ਅੰਦਰ ਦੀ ਹੈ ਕਿਉਂਕਿ ਸਾਡੇ ਅੰਦਰੋਂ ਵਾਸ਼ਨਾ ਪਸ਼ੂਆਂ ਨਾਲ ਸਾਂਝੀ ਕਿਸਮ ਦੀਆਂ ਆਪੇ ਉਠਦੀਆਂ ਹਨ, ਉਹ ਮੈਲ ਹੈ ਸਾਡੇ ਅੰਦਰ ਦੀ, ਇਹ ਮੈਲ ਬਾਹਰ ਦੀ ਬੀ ਹੈ ਕਿਉਂਕਿ ਬਾਹਰੋਂ ਜੋ ਅਸੀਂ ਪਦਾਰਥਾਂ ਮਨੁੱਖਾਂ ਆਦਿ ਨੂੰ ਵੇਖ ਕੇ ਮੋਹ ਵਿਚ, ਭੈ ਵਿਚ, ਨਫਰਤ ਵਿਚ, ਗੁੱਸੇ ਵਿਚ, ਕਾਮ ਵਿਚ, ਲੋਭ ਵਿਚ ਜਾਂਦੇ ਹਾਂ, ਇਹ ਮਨ ਉਤੇ ਜੋ ਅਕਸ ਪੈਂਦੇ ਹਨ ਸੋ ਮਾਨੋਂ ਧੂੜ ਪੈਂਦੀ ਹੈ। ਲੋਕੀ ਤੇ ਸਬੰਧੀ ਜਿਸ ਭਾਵ ਨਾਲ ਸਾਡੇ ਵਲ ਤਕਦੇ ਹਨ, ਉਹ ਬੀ ਕੁਛ ਆਪਣਾ ਅਸਰ ਕਰਦੇ ਹਨ। ਫੇਰ ਜੋ ਅਸੀਂ ਕਰਮ ਕਰਦੇ ਹਾਂ, ਉਨ੍ਹਾਂ ਦਾ ਕਰਨਾ 'ਵਾਦੀ' ਬਣਦਾ ਹੈ। ਵਾਦੀ ਅੰਦਰ ਜੰਮ ਕੇ ਸਾਨੂੰ ਮੈਲੇ ਪਾਸੇ ਦੀ ਰੁਚੀ ਦਿੰਦੀ ਹੈ। ਇਹ ਰੁਚੀ ਜੰਮੀ ਹੋਈ ਮੈਲ ਬਣਦੀ ਹੈ, ਇਸ ਕਰਕੇ ਸਾਨੂੰ ਕੋਈ ਉਪਰਾਲਾ ਮੈਲ ਧੋਣ ਦਾ ਬੀ ਲੋੜੀਏ। ਜਪੁਜੀ ਦਾ ਪਾਠ ਸਾਨੂੰ ਇਸ ਧੋਣ ਦਾ ਕੰਮ ਦੇਂਦਾ ਹੈ। ਇਹ ਬਾਣੀ ਮਨ ਦੇ ਇਕ ਪਾਸੇ ਹੋਣ ਦਾ, ਏਕਾਗਰ ਹੋਣ ਦਾ ਅਸਰ ਪਾਉਂਦੀ ਹੈ। ਮਨ ਜੋ ਹਰ ਵੇਲੇ ਹੋਰ ਹੋਰ ਪਾਸੇ ਧਾ ਰਿਹਾ ਹੈ, ਇਕ ਪਾਸੇ ਤੇ ਭਲੇ ਪਾਸੇ ਆਉਂਦਾ ਹੈ। ਫਿਰ ਜਦ ਨਾਲ ਨਾਲ ਅਰਥ ਵਿਚਾਰ ਕਰਦੇ ਹਾਂ ਤਾਂ ਬਾਣੀ ਦਾ ਭਾਵ ਸਾਨੂੰ ਸੱਚੇ ਸੁੱਚੇ ਖਿਆਲ ਦਿੰਦਾ ਹੈ। ਮਾੜੇ ਕਰਮਾਂ ਤੇ ਸੋਚਾਂ ਤੋਂ ਹੋੜਦਾ ਹੈ ਤੇ ਰੱਬ ਜੀ ਦੀ ਸਿਫਤ ਸਲਾਹ ਦੇ ਭਾਵ ਪੈਦਾ ਕਰਦਾ ਹੈ। ਸੋ ਜਪੁਜੀ ਦੇ ਪਾਠ ਨਾਲ ਉਚੇ ਭਾਵ ਪੈਦਾ ਹੁੰਦੇ ਹਨ, ਨੀਵੇਂ ਦੂਰ ਹੁੰਦੇ ਹਨ, ਮਨ ਖਿੰਡਾਉ ਤੋਂ ਏਕਾਗਰਤਾ ਦੇ ਦਾਇਰੇ ਵਿਚ ਆਉਂਦਾ ਹੈ। ਇਉਂ ਜਦ ਦਿਲ ਲਾ ਕੇ ਪਾਠ ਕਰੋ ਤਾਂ ਮਗਰੋਂ ਵੇਖੋ ਕਿ ਮਨ ਹਲਕਾ ਤੇ ਉਜਲ ਉਜਲ ਹੁੰਦਾ ਹੈ।

ਤਾਂ ਇਕ ਸਿੰਘ ਸ਼ੇਰ ਸਿੰਘ ਉਠ ਕੇ ਬੋਲਿਆ-ਸੰਤ ਜੀ ਜ਼ੋਰ ਤਾਂ ਲਾਈਦਾ ਹੈ, ਪਰ ਮਨ ਪਾਠ ਵਿਚ ਲਗਦਾ ਨਹੀਂ, ਮਨ ਨਾ ਲੱਗੇ ਤਾਂ ਜੇਹਾ ਕੀਤਾ ਤੇਹਾ ਨਾ ਕੀਤਾ। ਕੋਈ ਜੁਗਤ ਦੱਸੋ ਜੋ ਮਨ ਪਾਠ ਵਿਚ ਲਗ ਜਾਵੇ।

ਤਦ ਸੰਤ ਜੀ ਬੋਲੇ-ਭਾਈ, ਇਹ ਗੱਲ ਮੁੜ ਕੇ ਨਾ ਕਹਿਣੀ ਕਿ ਜੇਹਾ ਕੀਤਾ ਤੇਹਾ ਨਾ ਕੀਤਾ। ਕਰਨਾ ਨਾ ਕਰਨ ਤੋਂ ਸਦਾ ਚੰਗਾ ਹੈ, ਕਿਉਂਕਿ ਜੇ ਸਾਰੇ ਪਾਠ ਪੁਰ ਇਕ ਪੱਕੀ ਘੜੀ ਲਗ ਜਾਵੇ ਤੇ ਮਨ ਉਡਦਾ ਬੀ ਰਹੇ ਤਾਂ ਭੀ ਜੇ ਵਿਚੋਂ ਦੋ ਚਾਰ ਪਲਾਂ ਛਿਨਾਂ ਕੁਛ ਵਕਤ ਹੀ ਮਨ ਲਗ ਗਿਆ, ਕਿਤੇ ਹੀ ਪਰਮੇਸ਼ਰ ਜੀ ਦੀ ਸਿਫਤ ਸਲਾਹ ਦਾ ਭਾਵ ਚਿੱਤ ਆ ਗਿਆ, ਤਾਂ ਉਨਾਂ ਸਮਾਂ ਹੀ ਸਫਲ ਹੋ ਗਿਆ। ਸੋ ਸੋਚ ਲਓ, ਕਿ ਕਰਨਾ ਨਾ ਕਰਨੇ ਤੋਂ ਸਦਾ ਚੰਗਾ ਹੈ। ਬਾਕੀ ਰਿਹਾ ਦਿਲ ਲਗਣਾ। ਸੋ ਦੋ ਭਾਵਾਂ ਨਾਲ ਹੁੰਦਾ ਹੈ, ਪ੍ਰੇਮ ਨਾਲ, ਭੈ ਨਾਲ। ਜੇ ਵਾਹਿਗੁਰੂ

ਜੀ ਨਾਲ ਪ੍ਰੇਮ ਹੈ ਤਾਂ ਇਹ ਬਾਣੀ ਉਸ ਦੀ ਸਿਫਤ ਸਲਾਹ ਹੈ। ਪ੍ਰੇਮ ਨਾਲ ਪੜ੍ਹਿਆਂ ਉਸ ਦੇ ਪ੍ਰੇਮ ਵਿਚ ਚਿੱਤ ਲੱਗੇਗਾ। ਜੇ ਨਹੀਂ ਤਾਂ ਭੈ, ਸੋਹਣਾ ਭੈ ਲਿਆਓ ਮਨ ਵਿਚ। ਪਾਠ ਵਲ ਖਿਆਲ ਕਰੋ ਕਿ ਗੁਰੂ ਨਾਨਕ ਦੇਵ ਜੀ ਗੁਰੂ ਹਨ ਤੇ ਉਹ ਅਮਰ ਹਨ ਤੇ ਹਰ ਥਾਂ ਹਨ ਤੇ ਮੇਰੇ ਨਾਲ ਹਨ, ਮੈਂ ਇਹ ਪਾਠ ਉਨ੍ਹਾਂ ਦੀ ਹਜ਼ੂਰੀ ਵਿਚ ਕਰਨ ਲੱਗਾ ਹਾਂ। ਜਿਵੇਂ ਉਸਤਾਦ ਦੀ ਹਜ਼ੂਰੀ ਵਿਚ ਸੰਥਿਆ ਦਿਲ ਲਾ ਕੇ ਸੁਣਾਈਦੀ ਹੈ, ਤਿਵੇਂ ਪਾਠ ਗੁਰੂ ਜੀ ਨੂੰ ਸੁਣਾਓ। ਸੋਚ ਲਓ ਜਦੋਂ ਸਬਕ ਸੁਣਾਓ ਤੇ ਉਸਤਾਦ ਸੁਣਦਾ ਹੋਵੇ ਤਾਂ ਵਿਦਿਆਰਥੀ ਦਿਲ ਲਾ ਕੇ ਸੁਣਾਉਂਦਾ ਹੈ, ਉਸਤਾਦ ਦੀ ਹਜ਼ੂਰੀ ਦਾ ਭੈ ਉਸ ਨੂੰ ਹੁੰਦਾ ਹੈ, ਐਉਂ ਹਜ਼ੂਰੀ ਸਮਝ ਕੇ ਪਾਠ ਕਰੋ। ਭਾਵ ਇਹ ਕਿ ਪਾਠ ਐਉਂ ਕਰੋ ਕਿ ਪਾਠ ਗੁਰੂ ਜੀ ਨੂੰ ਸੁਣਾ ਰਹੇ ਹੋ। ਜੇ ਮਨ ਭੱਜੇ ਤਾਂ ਭੈ ਕਰੋ ਤੇ ਮਨ ਨੂੰ ਸਮਝਾਓ ਕਿ ਹਜ਼ੂਰੀ ਦਾ ਸਬਕ ਪੱਕਣ ਲਗ ਜਾਂਦਾ ਹੈ। ਬਾਣੀ ਜਦ ਆਪਣਾ ਅਸਰ ਕਰ ਲੈਂਦੀ ਹੈ ਤਦ ਮਨ ਸਾਫ ਹੁੰਦਾ ਜਾਂਦਾ ਹੈ, ਫਿਰ ਨਾਮ ਜਪੋ। ਜਪਦਿਆਂ ਨਾਮ ਸਿਮਰਨ ਬਣ ਜਾਂਦਾ ਹੈ। ਸਿਮਰਨ ਲਗਾਤਾਰ ਹੋ ਕੇ ਹਜ਼ੂਰੀਵਾਸ ਹੋ ਜਾਂਦਾ ਹੈ। ਜੋ ਅੱਠ ਪਹਿਰ ਹਜ਼ੂਰੀ ਵਿਚ ਹੈ ਸੋ ਪਾਰਗਿਰਾਮੀ ਹੈ। ਅੱਠ ਪਹਿਰ ਮਨ ਦਾ ਪਰਵਾਹ ਸੰਕਲਪਾਂ ਵਿਕਲਪਾਂ ਵਿਚ ਹੈ, ਸੁਪਨਿਆਂ ਵਿਚ ਬੀ ਮਨ ਫੁਰਨਿਆਂ ਵਿਚ ਹੈ। ਹੇ ਸਾਧਸੰਗਤ ਜੀ! ਜਦ ਮਨ ਉਡਦਾ ਹੀ ਰਹਿੰਦਾ ਹੈ ਤੇ ਮੈਲੇ ਖਿਆਲਾਂ ਵਲ ਬੀ ਜਾਂਦਾ ਰਹਿੰਦਾ ਹੈ ਤਾਂ ਇਸ ਦੇ ਜੁੜਨ ਤੇ ਸਫਾਈ ਲਈ ਜਪੁਜੀ ਸਾਹਿਬ ਦਾ ਸਤਿਸੰਗ ਬੀ ਰੋਜ਼ ਲੋੜੀਂਦਾ ਹੈ। ਫਿਰ ਇਹ ਗੁਰੂ ਜੀ ਦਾ ਹੁਕਮ ਹੈ। ਤਾਂ ਤੇ ਰੋਜ਼ ਪਾਠ ਕਰੋ।

ਸੋ ਸਾਧਸੰਗਤ ਜੀ! ਜਪੁਜੀ ਸੰਕਲਤ ਹੋ ਗਈ ਤਾਂ ਜਾਪਦਾ ਹੈ ਗੁਰੂ ਅੰਗਦ ਦੇਵ ਜੀ ਨੇ ਗੁਰਮੁਖੀ ਅੱਖਰ ਰਚੇ। ਤੁਸਾਂ ਵਿਚੋਂ ਕੋਈ ਸੱਜਣ ਆਖ ਸਕਦਾ ਹੈ ਕਿ ਇਹ ਗੱਲ ਪਰੰਪਰਾ ਤੋਂ ਚਲੀ ਆਈ ਤਾਂ ਹੈ ਪਰ ਕੋਈ ਲਿਖਤੀ ਬੀ ਹੈ? ਤਾਂ ਸਾਧ ਸੰਗਤ ਜੀ, ਵਿਚਾਰੋ ਕਿ ਪਰੰਪਰਾ ਦੀ ਤਹਿ ਵਿਚ ਬੀ ਸੱਚ ਹੋਇਆ ਕਰਦਾ ਹੈ। ਇਹ ਵਿਚਾਰ ਫੇਰ ਕਰਾਂਗੇ। ਲਿਖਤੀ ਸਬੂਤ ਇਹ ਹੈ ਕਿ ਸ੍ਰੀ ਗੋਇੰਦਵਾਲ ਸਾਹਿਬ ਜੋ ਪੋਥੀ ਹੈ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਤੋਂ ਪੁਰਾਣੀ, ਜੋ ਬਾਬੇ ਮੋਹਨ ਪਾਸੋਂ ਸਨਮਾਨ ਸਹਿਤ ਗੁਰੂ ਅਰਜਨ ਦੇਵ ਜੀ ਲੈ ਗਏ ਸਨ, ਉਸ ਦੇ ਵਿਚ ਇਕ ਸ਼ਬਦ ਦੇ ਬਾਹਰ ਵਾਰ ਇਸ ਤਰ੍ਹਾਂ ਇਬਾਰਤ ਲਿਖੀ ਹੋਈ ਹੈ –

ਗੁਰੂ ਅੰਗਦ ਗੁਰਮੁਖੀ ਅਖਰੁ ਬਨਾਏ ਬਾਬੇ ਦੇ ਅਗੇ ਸ਼ਬਦ ਭੇਟ ਕੀਤਾ। ਜਿਸ ਦਾ ਇਹ ਭਾਵ ਹੈ ਕਿ ਗੁਰਮੁਖੀ ਅੱਖਰ ਗੁਰੂ ਅੰਗਦ ਦੇਵ ਜੀ ਨੇ ਬਨਾਏ ਤੇ ਪਹਿਲਾ ਸ਼ਬਦ ਗੁਰਮੁਖੀ ਵਿਚ ਇਹ ਲਿਖ ਕੇ ਗੁਰੂ ਨਾਨਕ ਦੇਵ ਜੀ ਦੇ ਅੱਗੇ ਪੇਸ਼ ਕੀਤਾ।

ਮੈਨੂੰ ਚਿਰ ਹੋਇਆ ਹੈ ਦਰਸ਼ਨ ਕੀਤੇ ਪਰ ਯਾਦ ਪੈਂਦਾ ਹੈ ਕਿ ਪੰਨ 216 ਦੇ ਖੱਬੇ ਪਾਸੇ ਹੈ ਤੇ ਸ਼ਬਦ ਹੈ – 'ਅਪੁਨੇ ਠਾਕੁਰ ਕੀ ਹਉ ਚੇਰੀ।' ਇਸ ਤੋਂ ਸੰਭਾਵਨਾ ਹੁੰਦੀ ਹੈ ਕਿ ਆਦਿ ਗੁਰੂ ਜੀ ਨੇ ਅੱਖਰ ਪਸੰਦ ਕੀਤੇ। ਫੇਰ ਇਹ ਗੱਲ ਕਿ ਅੱਖਰ ਕਿਉਂ ਰਚੇ, ਤਾਂ ਸਪਸ਼ਟ ਹੈ ਕਿ ਕੁਛ ਲਿਖਣ ਲਈ ਤੇ ਕੋਈ ਵਿਸ਼ੇਸ਼ ਗੱਲ ਲਿਖਣ ਲਈ ਤੇ ਉਸ ਵੇਲੇ ਸਭ ਤੋਂ ਵਿਸ਼ੇਸ਼ ਗੱਲ ਲਿਖਣ ਵਾਲੀ ਗੁਰਬਾਣੀ ਸੀ। ਸੋ ਗੁਰਬਾਣੀ ਦਾ ਗੁਰਮੁਖੀ ਅੱਖਰਾਂ ਵਿਚ ਲਿਖਣਾ ਤਦੋਂ ਹੀ ਆਰੰਭ ਹੋਇਆ ਤੇ ਆਗਿਆ ਵਿਚ ਸ੍ਰੀ ਗੁਰੂ ਅੰਗਦ ਜੀ ਨੇ ਕੀਤਾ।

ਹੁਣ ਗੁਰੂ ਕੀ ਪਿਆਰੀ ਸਾਧ ਸੰਗਤ ਜੀ! ਸ੍ਰੀ ਗੁਰੂ ਜੀ ਦੇ ਦੂਜੇ ਅਵਤਾਰ ਧਾਰਨ ਦੀ ਕਥਾ ਤਾਂ ਸਮਾਪਤ ਹੋਈ। ਜੇ ਕਹੋ ਤਾਂ ਦੂਜੇ ਅਵਤਾਰ ਦੇ ਲੋਪ ਹੋ ਕੇ ਪ੍ਰਗਟ ਦੀ ਕਥਾ ਸੁਣਾਦਿਆਂ, ਜਾਂ ਇਥੇ ਭੋਗ ਪਾਂਦਿਆਂ? ਤਾਂ ਸਾਧਸੰਗਤ ਵਿਚੋਂ ਆਵਾਜ਼ ਆਈ ਕਿ ਮਹਾਰਾਜ ਮੁੜ ਪ੍ਰਗਟਣ ਦੀ ਕਥਾ ਸੁਣਾ ਕੇ ਭੋਗ ਪਾਇਆ ਜੇ।

੭

ਤਦ ਸ੍ਰੀ ਸੰਤ ਬਿਮਲਾ ਸਿੰਘ ਜੀ ਸੀਸ ਨਿਵਾ ਕੇ ਬੋਲੇ –

ਧੰਨ ਗੁਰੂ ਨਾਨਕ! ਮੇਰਾ ਨਾਮ ਰੰਗਣਾਂ ਵਾਲਾ ਗੁਰੂ ਨਾਨਕ ਧੰਨਜ! ਸਾਧ ਸੰਗਤ ਜੀਓ, ਗੁਰੂ ਸਭ ਨੂੰ ਤਾਰੇ। ਜਦੋਂ ਸਤਿਗੁਰੂ ਜੀ ਨੇ ਗੁਰੂ ਅੰਗਦ ਜੀ ਵਿਚ ਪ੍ਰਵੇਸ਼ ਕੀਤਾ ਤਾਂ ਸਾਰੀ ਸਾਧਸੰਗਤ ਨੇ ਮੱਥਾ ਟੇਕਿਆ। ਪਰ ਪੁੱਤਾਂ ਨੇ ਨਾ ਟੇਕਿਆ। ਸ੍ਰੀ ਗੁਰੂ ਜੀ ਨੇ ਆਪ ਕਿਹਾ ਤਦ ਬੀ ਨਾ ਮੰਨੇ। ਜਦੋਂ ਸ੍ਰੀ ਗੁਰੂ ਜੀ ਨੇ ਅੰਤਰ ਧਿਆਨ ਹੋਣ ਦੀ ਠਾਣ ਲਈ ਤਾਂ ਉਨ੍ਹਾਂ ਡਿੱਠਾ ਕਿ ਕਰਤਾਰਪੁਰ ਵਿਚ ਪੁੱਤਾਂ ਤੇ ਪਰਿਵਾਰ ਨੇ ਸ੍ਰੀ ਲਹਿਣਾ ਜੀ ਨੂੰ ਜਗਤ ਉਧਾਰ ਦਾ ਕੰਮ ਸੁਖ ਨਾਲ ਨਹੀਂ ਕਰਨ ਦੇਣਾ। ਸੌ ਵਿਸਵੇ ਇਸ ਲਈ, ਗੁਰੂ ਕੀ ਗਤਿ ਗੁਰੂ ਜਾਣੇ, ਪਰ ਆਪ ਨੇ ਸ੍ਰੀ ਲਹਿਣਾ ਜੀ ਨੂੰ ਖਡੂਰ ਟੋਰ ਦਿਤਾ। ਦਰਸ਼ਨ ਮੇਲੇ ਫੇਰ ਆਪੋ ਵਿਚ ਹੋਏ ਹਨ, ਸਗੋਂ ਗੁਰੂ ਨਾਨਕ ਦੇਵ ਜੀ ਆਪ ਖਡੂਰ ਜਾ ਕੇ ਮਿਲਦੇ ਰਹੇ ਹਨ। ਪੁਰਾਤਨ ਜਨਮ ਸਾਖੀ ਤੋਂ ਇਹ ਬੀ ਪਤਾ ਲਗਦਾ ਹੈ ਕਿ ਸਚਖੰਡ ਪਜਾਨ ਵੇਲੇ ਬੀ ਗੁਰੂ ਅੰਗਦ ਜੀ ਪਾਸ ਸਨ ਤੇ ਉਸ ਸਮੇਂ ਆਖਰੀ ਬਾਣੀ ਗੁਰੂ ਨਾਨਕ ਦੇਵ ਜੀ ਨੇ ਤੁਖਾਰੀ ਰਾਗ ਵਿਚ ਉਚਾਰੀ ਹੈ। ਤੇ ਸੌ ਵਿਸਵਾ ਗੁਰਮੁਖੀ ਅੱਖਰਾਂ ਵਿਚ ਲਿਖੀ ਗੁਰੂ ਅੰਗਦ ਦੇਵ ਜੀ ਨੇ, ਗੁਰੂ ਅੰਗਦ ਜੀ ਨੂੰ ਆਪ ਦਿਤੀ ਹੈ। ਗੁਰੂ ਜੀ

ਦੇ ਅੰਤਰ ਧਿਆਨ ਹੋਣ ਮਗਰੋਂ ਸ੍ਰੀ ਗੁਰੂ ਅੰਗਦ ਦੇਵ ਜੀ ਆਗਿਆ ਮੂਜਬ ਫੇਰ ਕਰਤਾਰਪੁਰ ਨਹੀਂ ਰਹੇ, ਉਥੋਂ ਟੁਰ ਗਏ।

ਲਓ ਹੁਣ ਸਾਧ ਸੰਗਤ ਜੀ! ਪ੍ਰੇਮ ਰਾਜ ਦੇ ਅਚਰਜ ਕੌਤਕ ਤੱਕੋ, ਸ੍ਰੀ ਗੁਰੂ ਅੰਗਦ ਜੀ ਦੂਸਰੇ ਸ੍ਰੀ ਗੁਰੂ ਨਾਨਕ ਜੀ ਬਣ ਚੁੱਕੇ ਹਨ। ਐਥੋਂ ਤਾਈਂ ਕਿ ਸਲੋਕ ਮ: ੨ ਰਚ ਕੇ ਵਿਚ ਆਪ ਨੂੰ 'ਨਾਨਕ' ਲਿਖ ਚੁੱਕੇ ਹਨ – 'ਨਾਨਕ ਤੇ ਮੁਖ ਉਜਲੇ ਹੋਰ ਕੇਤੀ ਛੁਟੀ ਨਾਲਿ॥' ਜੇ ਗੁਰੂ ਜੀ ਵਿਚ ਗ਼ਜਾਨ ਕਹੋ ਤਾਂ ਕਮਾਲ ਹੈ, ਜੇ ਰੂਹਾਨੀ ਤਾਕਤ ਕਹੋ ਤਾਂ ਕਮਾਲ ਹੈ, ਜੇ ਜੋਗ ਕਹੋ ਤਾਂ ਕਮਾਲ ਹੈ। ਕਮਾਲ ਤਾਂ ਆਪੇ ਹੋਇਆ ਜੇ ਧੁਰੋਂ ਗੁਰੂ ਹੋਣ ਲਈ ਆਏ ਤੇ ਆ ਕੇ ਮਿਲ ਗਈ ਮੇਹਰ ਕਾਮਿਲਾਂ ਦੇ ਸਰਦਾਰ ਦੀ। ਕਿਸੇ ਗੱਲ ਦੀ ਕਸਰ ਕੋਈ ਨਹੀਂ। ਪਰ ਦੇਖੋ ਪ੍ਰੇਮ ਰਾਜ ਦੇ ਰੰਗ। ਹੁਣ ਦੂਜੇ ਗੁਰੂ ਨਾਨਕ ਜੀ ਵਿਛੋੜੇ ਵਿਚ ਬਿਰਹੇ ਦੇ ਘਰ ਹਨ। ਇਹ ਪ੍ਰੇਮ ਦਾ ਕਮਾਲ ਹੈ। ਰੂਹਾਨੀ ਔਜ ਤਾਂ ਪੂਰਨ ਬੀਤਰਾਗ ਵਾਲਾ ਤੇ ਪੂਰਨ ਸਾਂਈਂ ਨਾਲ ਰਾਗ ਵਾਲਾ ਮੌਜੂਦ ਹੈ, ਪਰ ਇਨਸਾਨੀ ਅਸਲੇ ਦਾ ਕਮਾਲ ਬੀ ਪ੍ਰੇਮ ਦੇ ਘਰ ਹੀ ਹੈ। ਵਾਹ ਵਾਹ!

ਉਹ ਗੁਰੂ ਨਾਨਕ ਦੀ ਰਸਭਿੰਨੜੀ ਆਵਾਜ਼ ਨਹੀਂ ਆਉਂਦੀ। ਉਹ ਬਚਨ ਨਾਦ ਕੰਨੀ ਨਹੀਂ ਪੈਂਦਾ। ਉਹ ਬਚਨ ਨਾਦ ਜਿਸ ਦੀ ਗੁੰਜਾਰ ਸਾਰਾ ਦਿਨ ਕੰਨੀ ਪੈਂਦੀ ਸੀ, ਜਿਸ ਦੀ ਸੰਗੀਤਕ ਲਹਿਰ ਥਰਰ ਕਰਕੇ ਸਾਰੀ ਦੇਹ ਨੂੰ ਕਿਸੇ ਰਸ ਵਿਚ ਝੂੰਮਾਂਦੀ ਰਹਿੰਦੀ ਸੀ ਕਿਥੇ ਹੈ? ਹੈਂ ਉਹ ਪਜਾਰੇ ਦਰਸ਼ਨ, ਉਹ ਇਲਾਹੀ ਦਰਸ਼ਨ ਲੋਪ ਹੋ ਗਏ। ਇਹ ਗੱਲ ਪ੍ਰੇਮ ਪ੍ਰਵੇਧਿਆ ਹਿਰਦਾ ਸ੍ਰੀ ਗੁਰੂ ਅੰਗਦ ਦੇਵ ਜੀ ਦਾ, ਸੋਹਲ ਤੇ ਕੋਮਲ ਹਿਰਦਾ, ਝੱਲ ਨਹੀਂ ਸਕਦਾ। ਪ੍ਰੇਮ ਝੂੰਮ ਵਿਚ ਤ੍ਰਬਕਦੇ ਹਨ ਤਾਂ ਕੀਹ ਦੇਖਦੇ ਹਨ ਕਿ ਪਜਾਰੀ ਮੂਰਤੀ ਅੱਖਾਂ ਦੇ ਸਾਮ੍ਹਣੇ ਖੜ੍ਹੀ ਹੈ। ਵਣ ਤ੍ਰਿਣ ਤੇ ਲਿਖੀ ਪਈ ਹੈ। ਹਾਂ ਜਾਣਦੇ ਹਨ ਕਿ ਸੰਤ ਕਦੇ ਨਹੀਂ ਮਰਦਾ, ਤੇ ਗੁਰ ਨਾਨਕ ਤਾਂ ਆਪ ਰੱਬ ਹਨ, ਰੱਬ ਰੂਪ ਹਨ, ਰੱਬ ਨੇ ਪ੍ਰਤੱਖ ਨਿਵਾਸ ਉਨ੍ਹਾਂ ਦੇ ਹਿਰਦੇ ਰੱਖਿਆ ਹੋਯਾ ਹੈ। ਪਰ ਫੇਰ ਪ੍ਰੇਮ ਕਹਿੰਦਾ ਹੈ, ਉਹ ਕਿਉਂ ਚਲੇ ਗਏ ਹਨ? ਨਹੀਂ ਗਏ, ਇਥੇ ਹਨ, ਕੋਲ ਹਨ, ਅੰਦਰ ਹਨ, ਬਾਹਰ ਹਨ, ਅੰਦਰ ਬਾਹਰ ਹਨ। ਇਉਂ ਰੰਗ ਮਾਣਦੇ ਪਿਆਰਾਂ ਝਰਨਾਟਾਂ ਦੇ ਸਾਂਈਂ ਗੁਰੂ ਅੰਗਦ ਦੇਵ ਜੀ ਦੇ ਨੈਣ ਭਰਕੇ ਫੇਰ ਵੇਖਦੇ ਹਨ ਕਿ ਉਹ ਪਿਆਰੇ ਜੀ ਚਲੇ ਗਏ, ਸਾਨੂੰ ਕੱਲਿਆਂ ਛੋੜ ਗਏ। ਦੀਨ ਦੁਨੀਆਂ ਗੁਪਤ ਪ੍ਰਗਟ ਤਾਕਤਾਂ ਆ ਦਰਸ਼ਨ ਦਿੰਦੀਆਂ ਹਨ। 'ਗੁਰੂ ਜੀ ਤੁਸੀਂ ਕਿਉਂ ਇਕੱਲੇ ਹੋ।' ਪਰ ਹਾਇ ਪ੍ਰੇਮ ਰੰਗ ਰੱਤੇ ਗੁਰੂ ਜੀ ਕਹਿੰਦੇ ਹਨ ਪਿਆਰੇ ਬਿਨ ਇਕੱਲ ਹੈ, ਤੁਸਾਨੂੰ ਕੋਈ ਕੀਹ ਕਹੇ। ਇਥੇ ਤਾਂ ਨੀਂਦ ਭੁੱਖ ਖਾਣ ਪੀਣ ਕੁਛ ਸੁਖਾਉਂਦਾ ਨਹੀਂ ਹੈ। ਸਾਧ ਸੰਗਤ ਜੀ, ਇਹ ਪ੍ਰੇਮ ਜੀਵਨ ਹੈ। ਇਸ ਬਿਨ ਜੀਵਨ ਅਕਾਰਥ ਹੈ। ਸੱਚ ਲਿਖਿਆ ਹੈ ਗੁਰੂ ਬਾਬੇ ਵਿਚ ***'ਅਤਿ ਸੁੰਦਰ ਕੁਲੀਨ ਚਤੁਰ ਮੁਖਿ ਙਿਆਨੀ ਧਨਵੰਤ॥ ਮਿਰਤਕ ਕਹੀਅਹਿ ਨਾਨਕਾ ਜਿਹ ਪ੍ਰੀਤਿ ਨਹੀ ਭਗਵੰਤ॥' ਅੰਗ - 251***

ਪ੍ਰੀਤ ਤਾਰ ਪ੍ਰੋਤੇ ਸ੍ਰੀ ਗੁਰੂ ਜੀ ਟੁਰੇ ਜਾ ਰਹੇ ਹਨ ਥਾਂ-ਥਾਂ ਬੈਠਦੇ ਹਨ, ਕਦੇ ਸਾਵਧਾਨ ਹੋ ਟੁਰਦੇ ਹਨ। ਕਦੇ ਗੁਰੂ ਨਾਨਕ ਰਾਗ ਵਿਚ ਬਿਹਬਲ ਇਕ ਕਦਮ ਬੀ ਨਹੀਂ ਟੁਰ ਸਕਦੇ, ਬਹਿ ਜਾਂਦੇ ਹਨ ਤੇ ਸਾਰਾ ਆਪਾ ਗੁੰਮ ਹੋ ਜਾਂਦਾ ਹੈ। ਹਾਂ ਆਪ ਅਵਧੂਤ ਬੀ ਹਨ, ਰਸਾਲ ਬੀ ਹਨ, ਰਸਿਕ ਬੀ ਹਨ, ਬੈਰਾਗੀ ਬੀ ਹਨ, ਬੀਤਰਾਗ ਬੀ ਹਨ, ਰਾਗ ਰੂਪੀ ਬੀ ਹਨ।

ਸਾਧਸੰਗਤ ਜੀ! ਇਕ ਬ੍ਰਿਛ ਦੀ ਡਾਲੀ ਦੀ ਸੋਟੀ ਬਣਾਈਦੀ ਹੈ। ਇਸ ਤੇ ਕਾਰੀਗਰੀ ਖਰਚ ਕੇ, ਰੰਦ ਕੇ, ਰੰਗ ਰੋਗਨ ਕਰਕੇ, ਦੰਦਖੰਦ ਲਾ ਕੇ ਕੀਮਤੀ ਤੇ ਸੂਛ ਬਣਾ ਲਈਦੀ ਹੈ, ਪਰ ਇਹ ਲੱਕੜੀ ਮੁਰਦਾ ਹੈ ਮੁਰਦਾ। ਇਹ ਸੱਚ ਹੈ ਕਿ ਇਹ ਮੁੜਦੀ ਲਚਕਦੀ ਨਹੀਂ, ਇਕ ਰਸ ਹੋ ਗਈ ਹੈ। ਪਰ ਇਹ ਇਕਰਸਤਾ ਮੁਰਦਾਪਨ ਹੈ, ਇਸੀ ਤਰ੍ਹਾਂ ਰਸਹੀਨ ਬੀਤਰਾਗਤਾ ਮੁਰਦਾਪਨ ਹੈ। ਡਾਲੀ ਸਰਵੀ ਤੇ ਜੀਉਂਦੀ ਉਹ ਹੈ ਜੋ ਪੇੜ ਦੇ ਨਾਲ ਲੱਗੀ ਹੈ, ਤੇ ਆਪਣੇ ਤਾਣ ਵਿਚ ਬੀ ਹੈ, ਪਰ ਉਸ ਵਿਚ ਲਚਕ ਬੀ ਹੈ, ਉਹ ਖੜ੍ਹੀ ਬੀ ਹੈ, ਪਰ ਲਿਫਦੀ ਬੀ ਹੈ। ਸਿਆਣੇ ਸਜਣੋ! ਜੇ ਜੀਵ ਇਕ ਸ਼ਾਖ ਹੈ, ਜੋ ਬ੍ਰਿੱਛ ਨਾਲ ਜਾ ਲੱਗੀ ਹੈ ਜਾਂ ਸ਼ਾਖ ਅੱਗੇ ਲੱਗੀ ਹੋਈ ਪਈ ਸੀ, ਕੇਵਲ ਉਸ ਨੂੰ ਭ੍ਰਮ ਸੀ ਕਿ ਮੈਂ ਵੱਖ ਹਾਂ ਤਾਂ ਬੀ ਅੱਠੇ ਪਹਿਰ ਬ੍ਰਿਛ ਨਾਲ ਲੱਗੇ ਰਹਿਣਾ ਹੀ ਉਸ ਟਹਿਣੀ ਦੇ ਜੀਉਂਦਿਆਂ ਹੋਣ ਦੀ ਨਿਸ਼ਾਨੀ ਹੈ। ਉਹ ਸੋਟੀ ਵਾਂਙੂ ਅਮੁੜ, ਅਹਿੱਲ ਅਝੁਕ ਇਕਰਸਤਾ ਵਿਚ ਨਹੀਂ। ਉਹ ਪੱਕੀ ਹੈ, ਆਪਣੇ ਤਾਣ ਵਿਚ ਹੈ, ਇਕ ਰਸ ਹੈ, ਪਰ ਲਚਕਦੀ ਹੈ, ਝੂੰਮਦੀ ਹੈ, ਹਵਾ ਜਦ ਆ ਕੇ ਉਸ ਦੇ ਗਲ ਲਗਦੀ ਹੈ ਤਾਂ ਸੰਗੀਤ ਧੁਨ ਉਸ ਤੋਂ ਨਿਕਲਦੀ ਹੈ। ਕੁਛ ਐਉਂ ਦਾ ਰੰਗ ਹੁੰਦਾ ਹੈ ਉਸ ਪ੍ਰੇਮੀ ਦਾ ਜੋ ਸਾਂਈ ਜੀ ਨਾਲ ਜੁੜਿਆ ਹੈ। ਸੋ ਸੰਸਾ ਨਹੀਂ ਕਰਨਾ ਕਿ ਪੂਰਨ ਬ੍ਰਹਮਗਿਆਨੀ ਤੇ ਅਵਤਾਰ ਹੋ ਕੇ, ਗੁਰੂ ਅੰਗਦ ਜੀ ਪ੍ਰੇਮ ਤੇ ਬਿਰਹਾ ਵਿਚ ਕਿਉਂ ਹਨ।

ਇਸ ਕਥਾ ਵਿਚ ਇਕ ਜੈਨੀ, ਵਿਦਜਾ ਪਾ ਕੇ ਘਰ ਆਇਆ ਹੋਇਆ, ਬੈਠਾ ਸੀ। ਇਹ ਸੱਜਣ ਜੈਨੀ ਸੀ ਪਰ ਉਂਞ ਸਾਰਗ੍ਰਾਹੀ ਸੀ ਤੇ ਮਤਿ ਭੇਦ ਵਿਚ ਘੱਟ ਵਰਤਦਾ ਸੀ, ਇਸ ਨੇ ਨੌਂਵੇਂ ਪਾਤਸ਼ਾਹ ਦੇ ਸਲੋਕ ਪੜ੍ਹੇ ਹੋਏ ਸਨ। ਜਦ ਕੋਈ ਪੰਜਾਬੀ ਭਰਾ ਇਸ ਤੋਂ ਪੁੱਛੇ ਕਿ ਆਪਣੇ ਮਤ ਦੀ ਮੁਕਤੀ ਦਾ ਸਰੂਪ ਦੱਸੋ ਤਾਂ ਆਪ ਆਖਦਾ ਹੁੰਦਾ ਸੀ

ਨੌਵੀਂ ਪਾਤਸ਼ਾਹੀ ਦੇ ਸਲੋਕ ਪੜ੍ਹ ਲਓ। ਇਹ ਸੱਜਣ ਸੰਤਾਂ ਦੇ ਬਚਨ ਸੁਣ ਕੇ ਉਠਿਆ ਤੇ ਬੋਲਿਆ –

ਸੰਤ ਜੀ ਆਪ ਦੀ ਕਥਾ ਸੁਣ ਕੇ ਰਸ ਆ ਰਿਹਾ ਹੈ। ਮੈਂ ਜੋ ਬੀਤਰਾਗਤਾ ਦਾ ਆਦਰਸ਼ ਚੰਗੀ ਤਰ੍ਹਾਂ ਜਾਣਦਾ ਹਾਂ ਇਸ ਵੇਲੇ ਪਿਆਰ ਦੀਆਂ ਝਰਨਾਟਾਂ ਮੇਰੇ ਅੰਦਰ ਬੀ ਲੰਘੀਆਂ ਹਨ ਪਰ ਕਿਰਪਾ ਕਰਕੇ ਦੱਸੋ ਕਿ ਨੌਵੀਂ ਪਾਤਸ਼ਾਹੀ ਦੇ ਸਲੋਕਾਂ ਵਿਚ ਤਾਂ ਲਿਖਿਆ ਹੈ 'ਹਰਖ ਸੋਗ ਜਾ ਕੈ ਨਹੀ ਬੈਰੀ ਮੀਤ ਸਮਾਨ॥' ਪੁੰਨਾ—***'ਕੰਚਨ ਲੋਹ ਸਮਾਨਿ'। ਪੁਨਾ—'ਜੋ ਪ੍ਰਾਨੀ ਮਮਤਾ ਤਜੇ।'*** ਇਹ ਵੀਚਾਰ ਕੇ ਕ੍ਰਿਪਾ ਕਰਕੇ ਦੱਸੋ ਕਿ ਕ੍ਰਿਆ 'ਪ੍ਰੇਮ' ਬੰਧਨ ਨਹੀਂ ਹੈ? ਅਗਿਆਨ ਨਹੀਂ ਹੈ? ਖਿਮਾ ਕਰਨੀ ਮੈਂ ਰਸ ਭੋਗ ਕਰ ਰਿਹਾ ਹਾਂ, ਆਪ ਦੇ ਪ੍ਰੇਮ ਕਥਨ ਦਾ ਆਨੰਦ ਆ ਰਿਹਾ ਸੀ, ਪਰ ਮੈਥੋਂ ਰਹਿ ਨਹੀਂ ਹੋਇਆ। ਬੇਅਦਬੀ ਦੀ ਖਿਮਾ ਕਰਨੀ ਤੇ ਆਪਣੀ ਰਸਨਾ ਤੋਂ ਗੁਲਾਬ ਪੰਖੜੀਆਂ ਦਾ ਮੀਂਹ ਵਸਾ ਦੇਣਾ।

ਸੰਤ ਜੀ — ਦੂਲੇ ਸੱਜਣਾ! ਤੁਸਾਂ ਚੰਗੀ ਵਿਚਾਰ ਕੀਤੀ ਹੈ। ਵਿਚਾਰ ਕਰਕੇ ਸੰਕੇ ਨਵਿਰਤ ਹੁੰਦੇ ਹਨ, ਸ਼ੰਕੇ ਨਵਿਰਤ ਹੋਇਆਂ ਨਿਸ਼ਚੇ ਦੇ ਘਰ ਜਾਈਦਾ ਹੈ, ਨਿਸ਼ਚੇ ਦੇ ਘਰ ਤੋਂ ਅਗਲੇ ਉਸ ਦੇ ਨਾਲ ਹੀ ਲਗਦਾ ਘਰ ਤਤੂ ਗਿਆਨ ਦਾ ਘਰ ਹੈ, ਜੈਸਾ ਕਿ ਦਾਤਾ ਜੀ ਨੇ ਫੁਰਮਾਇਆ ਹੈ ***'ਜਾ ਕੈ ਰਿਦੈ ਬਿਸਾਸੁ ਪ੍ਰਭ ਆਇਆ॥ ਤਤੁ ਗਿਆਨੁ ਤਿਸੁ ਮਨਿ ਪ੍ਰਗਟਾਇਆ॥'*** ਸੋ ਭਾਈ ਮੈਂ ਉਦਾਸ ਨਹੀਂ। ਕਥਾ ਦੇ ਪ੍ਰਵਾਹ ਵਿਚ ਅਟਕਾਉ ਤਾਂ ਪੈਂਦਾ ਹੈ, ਪਰ ਮੈਂ ਪ੍ਰਸ਼ਨ ਹੋਣ ਤੇ ਉਦਾਸੀ ਨਹੀਂ ਮੰਨਦਾ। ਕਿਉਂਕਿ ਕਿਸੇ ਨੇ ਮੇਹਰ ਕਰਕੇ ਮੇਰੇ ਭ੍ਰਮ ਦੇ ਛੋੜ ਕੱਟੇ ਸਨ, ਹੁਣ ਮੇਰਾ ਧਰਮ ਹੈ ਕਿ ਇਸ ਪੱਖ ਵਿਚ ਮੈਂ ਸੇਵਾ ਕਰਾਂ। ਸੋ ਭਾਈ ਸੁਣੋ, ਜੋ ਇਸ ਦਾਸ ਦੀ ਬੁੱਧੀ ਵਿਚ ਸਮਾ ਰਿਹਾ ਹੈ। ਨੌਵੇਂ ਪਾਤਸ਼ਾਹ ਨੇ ਬ੍ਰਹਮ ਗਿਆਨੀ ਦੇ ਲੱਛਣ ਉਪਰਲੀਆਂ ਤੁਕਾਂ ਵਿਚ ਦੱਸੇ ਹਨ। ਬ੍ਰਹਮ ਗਿਆਨੀ ਵਾਲੇਵੇ ਵਿਚ ਨਹੀਂ ਵਸਦਾ। ਵਾਲੇਵਾ ਹੈ ਜਗਤ ਦਾ ਮੋਹ ਤੇ ਰਾਗ ਦ੍ਵੈਖ ਤੇ ਹਰਖ ਸੋਗ। ਇਨ੍ਹਾਂ ਵਿਚ ਆ ਕੇ ਜੋ ਪੀੜਤ ਹੁੰਦਾ ਹੈ ਸੋ ਅਗਿਆਨ ਵਿਚ ਹੈ, ਜੋ ਸੁੱਧ ਪਿਆਰ ਵਿਚ, ਸ਼ੁਧ ਪ੍ਰੇਮ ਵਿਚ ਹੈ, ਜਿਸ ਵਿਚ ਕਿ ਮੋਹ, ਰਾਗ, ਦ੍ਵੈਖ ਤੇ ਹਰਖ ਸ਼ੋਕ ਨਹੀਂ, ਉਹ ਅਗਿਆਨ ਵਿਚ ਨਹੀਂ ਹੈ। ਇਸ ਪਰ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਵਾਕ ਹੈ –

***ਨਾਨਕ ਰੁੰਨਾ ਬਾਬਾ ਜਾਣੀਐ ਜੇ ਰੋਵੈ ਲਾਇ ਪਿਆਰੋ॥***
***ਵਾਲੇਵੇ ਕਾਰਣਿ ਬਾਬਾ ਰੋਈਐ ਰੋਵਣੁ ਸਗਲ ਬਿਕਾਰੋ॥***
***ਅੰਗ - 579***

ਸੋ ਸਾਡੇ ਆਦਿ ਦੇਵ ਗੁਰੂ ਨਾਨਕ ਦੇਵ ਜੀ ਨੇ ਧਰੁੱਵਾ ਬੰਨ੍ਹ ਦਿਤਾ ਹੈ ਕਿ ਸ਼ੁਧ ਪਿਆਰ ਵਿਚ ਵੈਰਾਗਵਾਨ ਹੋਣਾ ਬੰਧਾਇਮਾਨਤਾ ਤੇ ਅਗਿਆਨ ਨਹੀਂ ਪਰ ਵਾਲੇਵੇ ਦਾ ਰੋਣਾ ਵਿਕਾਰ ਰੂਪ ਹੈ। ਗਿਆਨ ਦਾ ਬਾਧਕ ਹੈ। ਹੁਣ ਆਪ ਨੌਵੇਂ ਪਾਤਸ਼ਾਹ ਦੇ ਸਲੋਕਾਂ ਦਾ ਹੀ ਪਾਠ ਕਰੋ। ਉਥੇ ਇਹ ਵੀ ਲਿਖਿਆ ਹੈ –

***ਜੋ ਪ੍ਰਾਨੀ ਨਿਸਿ ਦਿਨ ਭਜੈ ਰੂਪ ਰਾਮ ਤਿਹ ਜਾਨੁ॥***
***ਹਰਿ ਜਨ ਹਰਿ ਅੰਤਰੁ ਨਹੀ ਨਾਨਕ ਸਾਚੀ ਮਾਨੁ॥***
***ਅੰਗ - 1427***

ਇਥੇ ਦਿਨ ਰਾਤ ਭਜਨ ਕਰਨ ਵਾਲੇ ਨੂੰ ਹਰੀ ਦਾ ਰੂਪ ਕਿਹਾ ਹੈ। ਹਰੀ ਦੇ ਰੂਪ ਦੀ ਵਿਆਖਿਆ ਕੀਤੀ ਹੈ ਕਿ ਉਸ ਦੇ ਤੇ ਹਰੀ ਦੇ ਵਿਚ ਕੋਈ ਫਰਕ ਨਹੀਂ। ਸੋ ਦੇਖੋ ਬ੍ਰਹਮ ਰੂਪ ਹੋਏ ਯਾ ਬ੍ਰਹਮਗਿਆਨੀ ਦਾ ਇਕ ਲੱਛਣ 'ਸਿਮਰਨ' ਆਇਆ ਹੈ। ਫਿਰ ਨੌਂਵੇਂ ਗੁਰਾਂ ਨੇ ਫੁਰਮਾਇਆ ਹੈ –

***'ਜਿਹ ਘਟਿ ਸਿਮਰਨੁ ਰਾਮ ਕੋ ਸੋ ਨਰੁ ਮੁਕਤਾ ਜਾਨੁ॥' ਅੰਗ-1428*** ਅਰਥਾਤ ਸਿਮਰਨ ਵਾਲਾ ਦਾ 'ਮੁਕਤ ਪੁਰਖ' ਹੈ। ਅਤੇ ਮੁਕਤ ਪੁਰਖ ਤੇ ਬ੍ਰਹਮ ਗਿਆਨੀ ਤੇ ਬੀਤਰਾਗ ਤੇ ਗਿਆਨਵਾਨ ਸਾਰੇ ਪਦ ਇਕੋ ਗੱਲ ਦੇ ਸੂਚਕ ਹੈਨ।

ਆਪ ਸੰਸਕ੍ਰਿਤ ਪੜ੍ਹੇ ਹੋ, ਇਕ ਵਿਚਾਰ ਇਸ ਵਿਦ੍ਯਾ ਦੀ ਬੀ ਕਰ ਲਓ ਕਿ 'ਸਮਰਸ' ਨਾਮ ਹੈ ਪਿਆਰ ਦਾ, ਤੇ 'ਸਮਰਣ' ਨਾਮ ਹੈ 'ਯਾਦ ਕਰਨ' ਦਾ ਤੇ ਦੋਹਾਂ ਪਦਾਂ ਦਾ ਧਾਤੂ ਹੈ ਸਮ੍ਰੀ ਅਰਥਾਤ 'ਯਾਦ ਕਰਨਾ'। ਦੂਏ ਪਦ ਇਕੋ ਧਾਤੂ ਤੋਂ ਬਣੇ ਹਨ, ਇਸ ਲਈ ਦੋਹਾਂ ਪਦਾਂ ਦੇ ਅਰਥ ਵਿਚ ਇਕ ਏਕਤਾ ਹੈ। ਉਹ ਏਕਤਾ ਕੀ ਹੈ? ਸਿਮਰਨ ਕਰਨਾ ਤੇ ਪ੍ਰੇਮ ਕਰਨਾ ਕਿਸੇ ਸ਼ਕਲ ਵਿਚ ਇਕੋ ਹੈਨ। ਜਿਸ ਨੂੰ ਪ੍ਰੇਮ ਹੁੰਦਾ ਹੈ ਉਹ ਪਿਆਰੇ ਨੂੰ ਯਾਦ ਰਖਦਾ ਹੈ। ਜਿਸ ਨੂੰ ਕਿਸੇ ਦੀ ਨਿਰੰਤਰ ਯਾਦ ਦਾ ਅਭਿਆਸ ਕਰਾਓ ਇਸ ਨਿਸਚੇ ਨਾਲ ਕਿ ਇਹ ਪ੍ਰਿਯਾ ਵਸਤੂ ਹੈ ਤਾਂ ਉਸ ਦਾ ਸਿਮਰਣ ਕਰਨਾ ਕਿਸੇ ਦਿਨ ਨੂੰ ਪ੍ਰੇਮ ਬਣ ਜਾਂਦਾ ਹੈ। ਸਿਮਰਨ ਪ੍ਰੇਮ ਦਾ ਹੀ ਇਕ ਸਰੂਪ ਹੈ। ਪਿਆਰੇ ਦੇ ਪ੍ਰੇਮ ਦਾ ਵਿਦਤ ਸਰੂਪ ਸਾਡੇ ਅੰਦਰ ਸਿਮਰਨ (ਯਾਦ) ਹੀ ਹੁੰਦਾ ਹੈ। ਇਸ ਕਰਕੇ ਸਤਿਗੁਰ ਨੇ ਮੁਕਤ ਪੁਰਖ ਦਾ ਇਕ ਚਿੰਨ੍ਹ ਨਿਰੰਤਰ ਸਿਮਰਨ ਯਾ ਪ੍ਰੇਮ ਦੱਸਿਆ ਹੈ। ਸੋ ਸਦਾ ਮੁਕਤ ਗੁਰੂ ਅੰਗਦ ਜੀ ਪ੍ਰੇਮ ਵਿਚ ਹੈਨ। ਵਾਲੇਵੇ ਵਿਚ ਨਹੀਂ ਹੈਨ। ਸ਼ੁੱਧ ਭਾਵ ਸ਼ੁੱਧ ਪ੍ਰੇਮ, ਸ਼ੁੱਧ ਸਿਮਰਣ ਉਨ੍ਹਾਂ ਦੇ ਅੰਦਰ ਹੈ। ਗੁਰੂ ਨਾਨਕ ਨੂੰ ਉਨ੍ਹਾਂ ਰੱਬ ਰੂਪ ਸਿਞਾਤਾ ਸੀ, ਰੱਬ ਦੀ ਹੀ ਗੁਰੂ ਕਲਾ ਦੇਹ ਧਾਰ ਕੇ ਜਗਤ ਤੇ ਆਈ ਸੀ, ਆਪ ਬੀ ਉਹੀ ਰੂਪ ਹੈਨ।

ਫਿਰ ਇਕ ਹੋਰ ਵੀਚਾਰ ਹੈ। ਨਿਰਾ ਵੈਰਾਗ ਜਗਤ ਤੋਂ ਤਾਂ ਤ੍ਰੋੜ ਦੇਂਦਾ ਹੈ, ਪਰ ਬੰਨ੍ਹਦਾ ਕਿਸੇ ਨਾਲ ਨਹੀਂ, ਕਿਸੇ ਘਰ ਦੀ ਚੂਥੀ ਪੁੱਟ ਦਿਓ ਇਹ ਤਾਂ ਹੈ ਵੈਰਾਗ। ਇਸ ਕਰਨ ਨਾਲ ਜਦ ਹਨ੍ਹੇਰੀ ਵਗੇਗੀ ਤਾਂ ਬੂਹੇ ਫਟ ਫਟ ਵੱਜਣਗੇ ਤੇ ਢਹਿ-ਢਹਿ ਪੈਣਗੇ। ਚੂਥੀ ਪੁੱਟ ਕੇ ਕਬਜ਼ੇ ਲਾਓ ਤਾਂ ਕੋਈ ਉਨਤੀ ਹੋਈ, ਨਹੀਂ ਤਾਂ ਅਵੁੱਨਤੀ। ਸੋ ਵੈਰਾਗ ਤਾਂ ਸਫਲ ਹੈ ਜੇ ਅੰਦਰਲਾ ਸਾਡਾ ਵਾਹਿਗੁਰੂ ਦੇ ਰਾਗ ਵਿਚ ਬੱਝ ਜਾਵੇ। ਇਹ ਵੀਚਾਰ ਦਸਦੀ ਹੈ ਕਿ ਅਨਿਸਥਿਰ ਜਗਤ ਤੋਂ ਵੈਰਾਗ ਕਰਕੇ ਸਦਾ ਅਟੱਲ ਸਾਂਈਂ

ਨਾਲ ਰਾਗ ਕਰਨਾ ਹੀ ਉਨਤੀ ਹੈ। ਹੋਰ ਦੇਖੋ ਪੰਚਮ ਸਤਿਗੁਰੂ ਜੀ ਨੇ ਫੁਰਮਾਇਆ ਹੈ -

*ਪੂਰਬ ਕਰਮ ਅੰਕੁਰ ਜਬ ਪ੍ਰਗਟੇ ਭੇਟਿਓ ਪੁਰਖੁ ਰਸਿਕ ਬੈਰਾਗੀ॥*
*ਮਿਟਿਓ ਅੰਧੇਰੁ ਮਿਲਤ ਹਰਿ ਨਾਨਕ ਜਨਮ ਜਨਮ ਕੀ ਸੋਈ ਜਾਗੀ॥*

*ਅੰਗ - 204*

ਇਥੇ ਇਕ ਪਦ ਵਰਤਿਆ ਹੈ 'ਰਸਿਕ ਬੈਰਾਗੀ'। ਵੈਰਾਗ ਤੇ ਰਸ ਦੋ ਉਲਟ ਚੀਜ਼ਾਂ ਹਨ। ਪਰ ਗੁਰੂ ਨਾਨਕ ਦੇਵ ਜੀ 'ਰਸਿਕ ਬੈਰਾਗੀ' ਹੈਨ। ਭਾਵ ਉਹੋ ਹੈ ਜੋ ਬ੍ਰਿਛ ਨਾਲ ਲੱਗੀ ਝੂੰਮਦੀ ਟਾਹਣੀ ਦਾ ਮੈਂ ਦੱਸ ਚੁੱਕਾ ਹਾਂ। ਇਹ ਟਾਹਣੀ ਸਾਕਤ ਲੱਕੜੀਆਂ ਤੋਂ ਵੈਰਾਗੀ ਹੈ ਪਰ ਬ੍ਰਿਛ ਨਾਲ ਰਸਿਕ ਹੈ। ਵਿਚਾਰ ਲਓ ਕਿ ਦੂਜੇ ਰੂਪ ਵਿਚ ਬੀ ਗੁਰੂ ਨਾਨਕ ਦੇਵ ਜੀ ਰਸਿਕ ਬੈਰਾਗੀ ਹਨ, ਪੂਰਨ ਵੈਰਾਗ ਬੀਤਰਾਗਤਾ ਵਿਚ ਇਸਥਿਤ ਹਨ ਪਰ ਨਾਲ ਹੀ ਪ੍ਰੇਮ ਭਾਵ ਦੇ ਰਸਿਕ ਬੀ ਪੂਰੇ ਹੈਨ। ਫਿਰ ਸ਼ਾਸਤਰਾਂ ਦੀ ਬੀ ਵਿਚਾਰ ਕਰ ਲਓ ਕਿ ਵਾਹਿਗੁਰੂ ਦੇ ਸਰੂਪ ਨੂੰ ਵਰਣਨ ਕਰਦਿਆਂ ਉਸ ਨੂੰ 'ਪ੍ਰੇਯ' ਆਖਿਆ ਹੈ, ਅਰਥਾਤ ਉਹ ਪ੍ਰੇਮ ਹੈ। ਪ੍ਰੇਮ ਸਰੂਪ ਦਾ ਅਨੁਭਵ ਰਸਿਕ ਬਿਨਾਂ ਕੀਕੂੰ ਹੋ ਸਕਦਾ ਹੈ?

ਸੋ ਗੁਰੂ ਜੀ ਹਰਖ, ਸ਼ੋਕ, ਰਾਗ, ਦ੍ਵੈਖ, ਮੋਹ, ਮਾਯਾ ਤੋਂ ਅਤੀਤ ਹੋਣ ਕਰਕੇ ਬੀਤ-ਰਾਗ ਹੈਨ, ਪ੍ਰੇਮ ਪੁੰਜ ਹੋਣ ਕਰਕੇ ਰਸਿਕ ਹੈਨ, 'ਰਸਿਕ ਬੈਰਾਗੀ' ਜੀਵਨ ਪਦਵੀ ਹੈ। ਸੋ ਗੁਰੂ ਜੀ ਦਾ ਬਿਰਹਾ ਮਹਾਨ ਉਚਾ ਸੁੱਚਾ ਜੀਵਨ ਹੁਲਾਰਾ ਹੈ, ਜ਼ਿੰਦਗੀ ਹੈ। ਕਿਉਂ ਜੀ ਠੀਕ ਹੈ ਕਿ ਹੋਰ ਵਿਸਥਾਰ ਕਰਾਂ, ਆਪ ਵਿਦਵਾਨ ਹੋ।

ਜੈਨ ਸੱਜਣ—ਮਹਾਰਾਜ ਠੀਕ ਹੈ, ਬੜੀ ਕ੍ਰਿਪਾਲਤਾ ਹੈ।

ਸੰਤ—ਫਿਰ ਸਜਣੋਂ ਪ੍ਰੇਮ ਰਸ ਦੇ ਰਸਿਕ ਗੁਰੂ ਅੰਗਦ ਜੀ ਆਏ—ਆਪਣੇ ਦਾਤਾ ਜੀ ਦੇ ਕਰਤਾਰਪੁਰੋਂ ਆ ਗਏ ਖਡੂਰ ਵਿਚ। ਤਖਤ ਮਲ ਚੌਧਰੀ ਤੇ ਹੋਰ ਆਪਣੇ ਪਰਾਏ ਨੂੰ ਨਹੀਂ ਮਿਲੇ। ਸਿੱਧੇ ਮਾਈ ਭਰਾਈ ਦੇ ਘਰ ਗਏ, ਤੇ ਆਖਣ ਲੱਗੇ, ਇਕ ਕੋਠੇ ਵਿਚ ਸਾਨੂੰ ਟਿਕਾਣਾ ਦੇ ਦੇ, ਤੇ ਇਸ ਕੋਠੇ ਦਾ ਬੂਹਾ ਬਾਹਰਲਾ ਚਿਣਦੇ, ਅਸੀਂ ਟਿੱਕ ਕੇ ਬੈਠਣਾ ਹੈ। ਤੂੰ ਕਿਸੇ ਨੂੰ ਸਾਡਾ ਪਤਾ ਨਹੀਂ ਦੇਣਾ। ਮਾਈ ਨੇ ਹੁਕਮ ਮੰਨ ਲਿਆ। ਉਹ ਗੁਰੂ ਨਾਨਕ ਦੇਵ ਜੀ ਦੀ ਤਾਰੀ ਸ੍ਰੀ ਗੁਰੂ ਜੀ ਨੂੰ ਸਤਿਗੁਰੂ ਨਾਨਕ ਦੇਵ ਹੀ ਸਮਝਦੀ ਸੀ। ਅੰਦਰ ਬੈਠਣ ਨੂੰ ਤਖਤ ਪੋਸ਼ ਤੇ ਥੋੜ੍ਹਾ ਸੁਖ ਦਾ ਸਾਮਾਨ ਰੱਖ ਕੇ, ਕੁੰਡਾ ਮਾਰ ਬਾਹਰਲਾ ਬੂਹਾ ਚਿਣ ਦਿਤਾ। ਗੁਰੂ ਜੀ ਜਿਉਂ ਆਪਣੇ ਪ੍ਰੀਤਮ ਦੇ ਰੰਗ ਵਿਚ ਬੈਠੇ ਹਨ, ਬੈਠ ਗਏ। ਇਕੋ ਖਿੱਚ ਜੋ ਖਾਧੀ ਹੋਈ ਹੈ ਉਸੇ ਮੰਡਲ ਵਿਚ ਬੈਠ ਗਏ ਤੇ ਟਿਕ ਗਏ ਤੇ ਆਪਣੇ ਪ੍ਰਾਏ ਘਰ ਬਾਰ, ਇਸਤ੍ਰੀ ਪੁੱਤਰ ਪਦਾਰਥ ਕਿਸੇ ਨਾਲ ਸਬੰਧ ਨਹੀਂ ਹੈ। ਹੈ ਨਾਂ ਪੂਰਨਬੀਤ-ਰਾਗਤਾ ਪਰ ਅੰਦਰ ਜੀਵਨ ਕਣੀ ਪ੍ਰੇਮ ਦੀ ਦਗ ਦਗ ਕਰ ਰਹੀ ਹੈ। ਛੇ ਮਹੀਨੇ ਇਸੇ ਤਰ੍ਹਾਂ ਬੀਤ ਗਏ।

ਹੁਣ ਦੂਜੇ ਪਾਸੇ ਦਾ ਹਾਲ ਸੁਣੋਂ। ਕਰਤਾਰ ਪੁਰੋਂ ਪਹਿਲੇ ਗੁਰੂ ਨਾਨਕ ਦੇਵ ਜੀ ਤਾਂ ਅੰਤਰ ਧਿਆਨ ਹੋ ਗਏ ਤੇ ਦੂਸਰੇ ਗੁਰੂ ਜੀ ਖਡੂਰ ਪੁੱਜ ਕੇ ਅੰਤਰ ਧਿਆਨ ਧਾਰ ਕੇ ਬੈਠ ਗਏ ਹਨ ਤੇ ਪਤਾ ਕਿਸੇ ਨੂੰ ਨਹੀਂ, ਕੀਰਤਨ ਕਰਨ ਵਾਲੇ ਉਥੋਂ ਟੁਰ ਗਏ। ਮੁਖੀ ਮੁਖਈ ਸਿੱਖ ਬਾਬੇ ਬੁੱਢੇ ਵਰਗੇ, ਸਧਾਰਨੇ ਵਰਗੇ, ਭਗੀਰਥ ਵਰਗੇ, ਘਰੋ ਘਰੀਂ ਜਾ ਬੈਠੇ। ਜਦੋਂ ਖੇਵਟ ਟੁਰ ਗਏ, ਚੱਪੇ ਟੁਰ ਗਏ, ਬੇੜੀ ਟੁਰ ਗਈ ਤਾਂ ਕਰਤਾਰ ਪੁਰੇ ਕੌਣ ਆਵੇ ਜਾਵੇ। ਕੋਈ ਪ੍ਰੇਮੀ ਜਿਸ ਨੂੰ ਪਤਾ ਨਹੀਂ ਲੱਗਾ ਆਵੇ ਤਾਂ ਉਸ ਨੂੰ ਜੇ ਇਹ ਪਤਾ ਲੱਗ ਜਾਵੇ ਕਿ ਗੁਰੂ ਜੀ ਜੋਤੀ ਜੋਤ ਸਮਾ ਗਏ ਹਨ ਤੇ ਦੂਸਰਾ ਰੂਪ ਉਨ੍ਹਾਂ ਦਾ ਏਥੇ ਨਹੀਂ ਹੈ। ਸੋ ਬਾਬੇ ਸ੍ਰੀ ਚੰਦ ਜੀ ਤੇ ਬਾਬੇ ਲੱਖਮੀ ਚੰਦ ਜੀ ਦੇ, ਗੁਰੂ ਸਪੁੱਤਰ ਜਾਣ ਕੇ ਦਰਸ਼ਨ ਕਰਕੇ ਮੁੜ ਜਾਵੇ। ਇਸ ਤਰ੍ਹਾਂ ਗੁਰੂ ਨਾਨਕ ਪ੍ਰੇਮੀ ਸਿੱਖ ਗੁਰੂ ਬਿਨਾ ਵਿਆਕੁਲ ਹੋਣ ਲੱਗੇ। ਕੁਛ ਸਿਆਣੇ ਭਾਈ ਬੁੱਢਾ ਜੀ ਕੋਲ ਉਨ੍ਹਾਂ ਦੇ ਗਿਰਾਂ ਗਏ। ਭਾਈ ਸਧਾਰਨੇ ਵਰਗੇ ਸਿਆਣੇ ਬੀ ਪਹੁੰਚੇ। ਲੱਗੀਆਂ ਵਿਚਾਰਾਂ ਹੋਣ। ਸੰਗਤ ਆਖੇ 'ਹੇ ਭਾਈ ਬੁੱਢਾ ਤੇਰੇ ਪਰ ਗੁਰੂ ਨਾਨਕ ਦੀ ਅਤਿ ਮੇਹਰ ਸੀ, ਤੇਰੀ ਗਤੀ ਪੂਰਨ ਪੁਰਖ ਦੀ ਹੈ। ਤੂੰ ਗੁਰੂ ਨਾਨਕ ਨੂੰ ਗੁਰੂ ਅੰਗਦ ਵਿਚ ਸਿਞਾਤਾ ਸੀ ਤੇ ਸਭ ਤੋਂ ਪਹਿਲਾਂ ਤੂੰ ਗੁਰੂ ਨਾਨਕ ਨੂੰ ਨਵੇਂ ਰੂਪ ਵਿਚ ਮੱਥਾ ਟੇਕਿਆ ਸੀ। ਤੈਨੂੰ ਗੁਰੂ ਜੀ ਨੇ ਵਰ ਦਿਤਾ ਸੀ। ਤੂੰ ਹੁਣ ਬੀ ਸਿਆਣਦਾ ਹੈਂ, ਕਿ ਗੁਰੂ ਕਿੱਥੇ ਹੈ। ਸੰਗਤਾਂ ਨੂੰ ਗੁਰੂ ਮਿਲਾ, ਗੁਰੂ ਤੇਰਾ ਭਲਾ ਕਰੇ। ਸੰਗਤ ਦੀ ਆਗਿਆ ਮੰਨ ਕੇ ਭਾਈ ਜੀ ਨੇ ਕੜਾਹ ਪ੍ਰਸ਼ਾਦਿ ਕੀਤਾ ਤੇ ਸ੍ਰੀ ਗੁਰੂ ਨਾਨਕ ਦੇਵ ਜੀ ਮੁਹਰੇ ਅਰਦਾਸ ਕੀਤੀ ਤੇ ਫੇਰ ਧਿਆਨ ਜੋੜ ਕੇ ਬੈਠ ਗਏ। ਜਾਂ ਉਠੇ ਤੇ ਆਖਣ ਲੱਗੇ ਕਿ ਗੁਰੂ ਕੀ ਸਾਧ ਸੰਗਤ ਜੀ! ਸਤਿਗੁਰੂ ਖਡੂਰ ਹਨ। ਤਦ ਉਨ੍ਹਾਂ ਸਿੱਖਾਂ ਨੇ, ਜਿਨ੍ਹਾਂ ਨੇ ਸੁਣਿਆ ਸੀ ਕਿ ਗੁਰੂ ਨਾਨਕ ਦੇਵ ਜੀ ਗੁਰੂ ਅੰਗਦ ਦੇਵ ਜੀ ਨੂੰ ਖਡੂਰ ਰਹਿਣ ਦੀ ਆਗਿਆ ਕੀਤੀ ਹੈ, ਬੋਲੇ ਕਿ ਮਹਾਂਪੁਰਖ ਜੀ ਅਸੀਂ ਖਡੂਰ ਹੋ ਆਏ ਹਾਂ ਓਥੇ ਗੁਰੂ ਜੀ ਨਹੀਂ ਹਨ। ਉਨ੍ਹਾਂ ਦੇ ਆਪਣੇ ਘਰ ਬੀ ਹੋ ਆਏ ਹਾਂ ਤੇ ਬਨ ਬੇਲੇ ਬੀ ਤੱਕ ਆਏ ਹਾਂ। ਤਦ ਭਾਈ ਬੁੱਢੇ ਆਖਿਆ, ਹੈਨ ਤਾਂ ਓਥੇ ਹੀ। ਚਲੋ ਭਾਲ ਕਰੀਏ। ਐਉਂ ਸੰਗਤ ਨਾਲ ਲੈ ਕੇ ਸ੍ਰੀ ਗੁਰੂ ਦੇ ਪਿਆਰੇ ਭਾਈ ਬੁੱਢਾ ਜੀ ਖਡੂਰ ਆਏ। ਪਹਿਲਾਂ ਪੁੱਛ ਭਾਲ ਕੀਤੀ। ਜਦ ਕਿਸੇ ਨਾਮਣੇ ਵਾਲੇ ਘਰ ਨਾ ਦਿਸੇ ਤਾਂ ਭਾਈ ਬੁੱਢੇ ਜੀ ਨੇ ਅੰਤਰ ਧਿਆਨ ਹੋ ਸੋਧ ਲਾਈ ਤਾਂ ਮਾਈ ਭਿਰਾਈ ਦੇ ਘਰ ਜਾ ਵੜੇ। ਮਧੁਰ-ਮਧੁਰ ਸੁਰ ਦੱਖਣੀ ਓਅੰਕਾਰ ਦੇ ਪਾਠ ਦੀ ਆ ਰਹੀ ਸੀ। ਸੰਗਤ ਅੰਦਰ ਵਿਹੜੇ ਵੜੀ, ਮਾਈ ਵਿਹੜੇ ਵਿਚ ਬੈਠੀ ਚਰਖਾ ਕੱਤ ਰਹੀ ਸੀ, ਰਸਨਾ ਤੇ ਬਾਣੀ ਸੀ ਤੇ ਨੈਣੀਂ ਨੂਰ ਝਮਕ ਰਿਹਾ ਸੀ, ਸੰਗਤ ਵੇਖ ਕੇ ਮਾਈ ਉਠੀ, ਸਿਞਾਤਾ ਕਿ ਭਾਈ ਬੁੱਢਾ ਜੀ ਮੁਹਰੇ ਆ ਰਹੇ ਹਨ, ਗਲ ਪੱਲਾ ਪਾ ਲਿਆ, ਦੁਇ ਹੱਥ ਜੋੜ ਲਏ, ਨੈਣੀ ਨੀਰ ਭਰ ਆਏ, ਸੀਸ ਝੁਕਾਇਆ ਤੇ ਬੋਲੀ -

ਆਓ ਮੇਰੇ ਵੀਰੋ, ਮੇਰੇ ਸਤਿਗੁਰ ਨਾਨਕ ਦੇ ਤਾਰੇ ਵੀਰੋ, ਜੀਉ ਆਏ, ਸ਼ੁਕਰ, ਸ਼ੁਕਰ, ਸ਼ੁਕਰ! ਫੇਰ ਸੰਗਤਾਂ ਦੇ ਦਰਸ਼ਨ ਹੋਏ, ਹੇ ਮੇਰੇ ਬਾਬਾ ਤੂੰ ਧੰਨ ਹੈਂ! ਆਇਆਂ ਦਾ ਆਦਰ ਕਰਕੇ ਮਾਈ ਦੌੜੀ ਮੰਜੇ ਪੀਹੜੀਆਂ ਡਾਹੁਣ, ਪਰ ਸੰਗਤ ਨੇ ਆਪ ਮੰਜੇ ਡਾਹ ਲਏ ਪਰ ਬੈਠੇ ਕੋਈ ਨਾ। ਮਾਈ ਆਖੇ ਬੈਠੋ ਤੇ ਸੰਗਤ ਕਹੇ ਬੈਠਸਾਂ, ਸਾਡੀ ਮਨੋਕਾਮਨਾ ਪੂਰੀ ਕਰ।

ਤਦ ਭਾਈ ਬੁੱਢੇ ਨੇ ਆਖਿਆ, ਮਾਤਾ! ਤੂੰ ਸੁਭਾਗ ਹੈਂ ਜਿਸਦੇ ਘਰ ਗੁਰੂ ਨਾਨਕ ਨੇ ਡੇਰਾ ਲਾਇਆ ਹੈ, ਹੁਣ ਹੋਰ ਧੰਨੀ ਹੋ ਜਾਹ ਤੇ ਸੰਗਤਾਂ ਦੀ ਝੋਲੀ ਖੈਰ ਪਾ ਪਤਾ ਦੱਸਣ ਦੀ, ਕਿ ਸਾਡਾ ਗੁਰੂ ਨਾਨਕ ਕਿੱਥੇ ਹੈ? ਮਾਈ ਘਬਰਾਈ, ਇਕ ਪਾਸੇ ਗੁਰੂ ਦਾ ਹੁਕਮ ਹੈ ਸਾਡਾ ਪਤਾ ਨਹੀਂ ਦੇਣਾ, ਦੂਜੇ ਪਾਸੇ ਸੰਗਤ ਤੇ ਸੰਗਤਾਂ ਦਾ ਮੁਹਰੀ ਗੁਰੂ ਨਾਨਕ ਦਾ ਪਿਆਰਾ ਕਹਿੰਦਾ ਹੈ ਪਤਾ ਦੱਸ। ਤੀਜੇ ਪਾਸੇ ਗੁਰੂ ਨਾਨਕ ਦੀ ਆਗਿਆ ਹੈ, ਸਚਿਆਰ ਹੋਣਾ, ਮਾਈ ਸੋਚਾਂ ਵਿਚ ਪੈ ਗਈ। ਕਰੇ ਤਾਂ ਕੀਹ, ਨਾ ਕਰੇ ਤਾਂ ਕੀਹ, ਸੋ ਚੁੱਪ ਹੀ ਰਹੀ, ਜੇ ਕੁਛ ਬੋਲੀ ਤਾਂ ਇਹ ਕਿ ਵੀਰੋ ਗੁਰੂ ਕੇ ਪਿਆਰੇ ਹੋ, ਮੈਂ ਕੀ ਕਹਾਂ। ਤਾਂ ਭਾਈ ਬੁੱਢਾ ਤੇ ਸੰਗਤ ਬੈਠ ਗਈ, ਭਾਈ ਜੀ ਨੇ ਫੇਰ ਧੰਨ ਗੁਰੂ ਨਾਨਕ ਆਖ ਕੇ ਨੈਣ ਜੋੜੇ। ਕੁਛ ਚਿਰ ਮਗਰੋਂ ਖੁਹਲੇ ਤੇ ਬੋਲੇ, ਮਾਈ! ਗੁਰੂ ਤੇਰੇ ਘਰ ਹੈ, ਇਥੇ ਗੁਰੂ ਨਾਨਕ ਦੀ ਸੁਗੰਧੀ ਹੈ। ਗੁਰੂ ਹੋਰ ਕਿਧਰੇ ਨਹੀਂ। ਪਰ ਮਾਈ ਚੁੱਪ ਹੀ ਰਹੀ।

ਤਦ ਭਾਈ ਜੀ ਉਠੇ, ਇਧਰ ਉਧਰ ਫਿਰੇ, ਮਾਈ ਦਾ ਲੰਗਰ, ਸੌਣ ਦਾ ਕੋਠਾ ਆਦਿਕ ਤੱਕੇ। ਫਿਰ ਫਿਰਾ ਕੇ ਸੇਧ ਬੰਨ੍ਹ ਲਈ ਤੇ ਕਹਿਣ ਲੱਗੇ ਸਾਧਸੰਗਤੀ ਜੀ ਆਹ ਜੋ ਕੰਧ ਹੈ ਇਸ ਦੇ ਉਹਲੇ ਗੁਰੂ ਜੀ ਹੈਨ। ਹੈ ਤਾਂ ਬੇਅਦਬੀ ਪਰ ਮੈਂ ਕੀਹ ਕਰਾਂ ਗੁਰੂ ਬਖਸ਼ੇ, ਸੰਗਤ ਦੀ ਪੁਕਾਰ ਡਾਢੀ ਹੈ। ਆਓ ਫਿਰ ਜ਼ਿੰਮੀਂਦਾਰਾਂ ਵਾਲਾ ਕੰਮ ਹੁਣ ਕਰੀਏ, ਇਸ ਕੰਧ ਨੂੰ ਸੰਨ੍ਹ ਲਾਈਏ ਤੇ ਗੁਰੂ ਕਾ ਦਰਸ਼ਨ ਪਾਈਏ।

ਬੱਸ ਭਾਈ ਜੀ ਨੇ ਕੰਮ ਅਰੰਭਿਆ, ਲੇਬੀ ਉਖੇੜ ਲਈ ਤੇ ਦਰ ਖੁਹਲ ਲਿਆ, ਅੰਦਰ ਲੰਘ ਗਏ। ਵਾਹ ਵਾਹ ਸੁਬਹਾਨ ਤੇਰੀ ਕੁਦਰਤ! ਨਿੱਕਾ ਜਿਹਾ ਤਖਤਪੋਸ਼ ਹੈ, ਗੁਰੂ ਨਾਨਕ ਧਿਆਨ ਮਗਨ ਗੁਰੂ ਜੀ ਜੀ ਬੈਠ ਹਨ, ਚਿਹਰਾ ਤੇਜ ਨਾਲ ਦਮਕ ਰਿਹਾ ਹੈ, ਉਂਜ ਸਰੀਰ ਕ੍ਰਿਸ ਹੋ ਰਿਹਾ ਹੈ। ਪਹਿਲਾਂ ਭਾਈ ਬੁੱਢੇ ਤੇ ਫੇਰ ਸੰਗਤ ਨੇ ਮੱਥਾ ਟੇਕਿਆ, ਫਿਰ ਸਾਹ ਵੱਟ ਕੇ ਅਦਬ ਨਾਲ ਬੈਠ ਗਏ। ਥੋੜ੍ਹੀ ਦੇਰ ਮਗਰੋਂ ਅਚਲ ਲਗੀ ਸਮਾਧੀ ਵਾਲੇ ਨੈਣ ਖੁਲ੍ਹੇ, ਫੇਰ ਮਿਟ ਗਏ, ਫੇਰ ਖੁਲ੍ਹੇ, ਫੇਰ ਅਧ-ਮਿਟੇ ਰਹਿ ਗਏ। ਐਉਂ ਖੁਲ੍ਹ ਮਿਟ ਕੇ ਸਾਰੇ ਖੁਲ੍ਹ ਪਏ। ਲਟ ਲਟ ਕਰਦੀ ਜੋਤਿ ਅਗਨੀ ਨਾਲ ਭਰਪੂਰ ਤੇ ਪ੍ਰੇਮ ਵਿਚ ਰੰਗੀ ਕੋਮਲ ਤੇ ਸੁਹਾਵੇ ਤੇਜ ਵਾਲੀ ਨਿਗਾਹ ਬੁੱਢੇ, ਭਾਈ ਭਗੀਰਥ, ਭਾਈ ਸਧਾਰਨੇ ਤੇ ਪਈ, ਸੰਗਤ ਨੇ ਫੇਰ ਨਮਸਕਾਰ ਕੀਤੀ। ਦੇਖਣਹਾਰ ਸਤਿਗੁਰ ਗੁਰੂ ਨਾਨਕ ਦੀ ਪਿਆਰੀ ਸੰਗਤ ਦੇਖ ਕੇ ਬਿਹਬਲ ਹੋ ਗਏ। ਡਾਢੇ ਵੈਰਾਗ ਵਾਲੇ ਪ੍ਰੇਮ ਵਿਚ ਆ ਕੇ ਡਾਢੀ ਥਰਕਵੀਂ ਤੇ ਲਹਿਰਵੀਂ ਸੰਗੀਤ ਦੀ ਸੁਰ ਵਿਚ ਬੋਲੇ-

*ਜਿਸੁ ਪਿਆਰੇ ਸਿਉ ਨੇਹੁ ਤਿਸੁ ਆਗੈ ਮਰਿ ਚਲੀਐ॥*
*ਧ੍ਰਿਗੁ ਜੀਵਣੁ ਸੰਸਾਰਿ ਤਾਕੈ ਪਾਛੈ ਜੀਵਣਾ॥*

*ਅੰਗ - 84*

ਇਹ ਕਲੇਜੇ ਛੇਕ ਪਾਉਣ ਵਾਲੀ ਬਿਰਹੇ ਦੀ ਸੱਦ ਗੁਰੂ ਨਾਨਕ ਦੇ ਵਿਛੋੜੇ ਵਿਚ ਅਣੀਆਲੇ ਤੀਰ ਵਾਂਙੂ ਐਸੀ ਛੁਟੀ ਕਿ ਭਾਈ ਬੁੱਢਾ ਜੀ ਤੋਂ ਲੈ ਕੇ ਸਾਰੀ ਸੰਗਤ ਦੇ ਨੈਣ ਫੁਹਾਰੇ ਚੱਲ ਪਏ। ਸਾਰਿਆਂ ਦੇ ਸੀਨੇ ਗੁਰੂ ਨਾਨਕ ਪ੍ਰੇਮ ਨਾਲ ਉਛਲੇ ਤੇ ਕੰਠ ਗੱਦ ਗੱਦ ਹੋ ਗਏ। ਸਾਰੇ ਚੁੱਪ ਬੈਠੇ ਹਨ, ਪਰ ਨੈਣ ਬਰਸ ਰਹੇ ਹਨ, ਤ੍ਰਪ ਤ੍ਰਪ ਹੰਝੂ ਕਿਰ ਰਹੇ ਹਨ। ਗੁਰੂ ਨਾਨਕ ਪਿਆਰਿਆਂ ਨੂੰ ਗੁਰੂ ਨਾਨਕ ਦਾ ਪਿਆਰ ਤੇ ਵਿਯੋਗ, ਵੈਰਾਗ ਦੀਆਂ ਮੂਰਤਾਂ ਬਣਾ ਰਿਹਾ ਹੈ, ਉਧਰ ਤਖਤ ਤੇ ਬਿਰਾਜ ਰਹੀ ਮੂਰਤ ਦੇ ਤੇਜ ਦਮਕਦੇ ਚਿਹਰੇ ਤੇ ਸੋਹਣੇ ਸੋਹਣੇ ਮੋਤੀ ਡਲ ਡਲ ਕਰ ਰਹੇ ਹਨ।

ਕਿਤਨਾ ਚਿਰ ਇਹ ਪ੍ਰੇਮ ਰੰਗ ਲਗਾ ਰਿਹਾ, ਫੇਰ ਭਾਈ ਬੁੱਢਾ ਜੀ ਨੇ ਦਿਲ ਤਕੜਾ ਕੀਤਾ ਤੇ ਅਦਬ ਨਾਲ ਬੜੇ ਹੌਲੇ ਜਿਹੇ ਬੋਲੇ, ਹੇ ਦਾਤਾ! ਗੁਰੂ ਨਾਨਕ ਦੇਵ ਜੀ ਕਿਤੇ ਨਹੀਂ ਗਏ। ਉਹ ਆਪ ਦੇ ਵਿਚ ਬੈਠੇ ਹਨ, ਤੁਸੀਂ ਗੁਰੂ ਨਾਨਕ ਹੋ, ਗੁਰੂ ਨਾਨਕ ਤੁਸਾਂ ਵਿਚ ਹੈ, ਤੁਸੀਂ ਉਨ੍ਹਾਂ ਵਿਚ ਹੋ, ਓਤ ਪੋਤ ਰੂਪ ਰੰਗ ਇਕੋ ਹੈ। ਹੁਣ ਮਿਹਰ ਦੇ ਘਰ ਵਿਚ ਆਓ। ਸੰਗਤਾਂ ਦੁਖੀ ਹਨ। ਗੁਰੂ ਨਾਨਕ ਦੇਵ ਦੇ ਬਿਰਹ ਵਿਚ ਵਿਆਕੁਲ ਹਨ। ਆਪ ਦੇ ਪ੍ਰੇਮ ਦੀ ਵਰਗ ਰਹੀ ਨਿਰਮਲ ਨੈਂ ਵਿਚ ਅਸਾਂ ਵਿਘਨ ਪਾਇਆ ਹੈ। ਪਰ ਹੋਰ ਕੋਈ ਦਰ ਨਹੀਂ ਜਿਥੇ ਸੰਗਤਾਂ ਦੇ ਸੀਸ ਜਾ ਟਿਕਣ, ਕੋਈ ਦਲ੍ਹੀਜ ਨਹੀਂ, ਜਿਥੇ ਲੱਗ ਕੇ ਇਹ ਮੱਥੇ ਪਵਿੱਤਰ ਹੋਣ, ਇਕ ਆਪ ਦੀ ਅੰਮ੍ਰਿਤ ਨੈਂ ਹੈ ਜੋ ਜਗਤ ਨੂੰ ਠਾਰ ਸਕਦੀ ਹੈ। ਮਿਹਰ ਕਰੋ ਸੰਗਤ ਨੂੰ ਅਪਣਾਓ।

ਗੁਰੂ ਜੀ—ਵਿਛੋੜਾ ਸੱਲ ਰਿਹਾ ਹੈ, ਗੁਰੂ ਨਾਨਕ ਯਾਦ ਤੋਂ ਵਿਛੁੜਨਾ ਕਟਾਰ ਦਾ ਘਾਉ ਹੈ। ਸੰਗਤ ਸੰਭਾਲਣੀ ਭਾਰੀ ਕਠਨ ਹੈ। ਪੋਟ ਕੌਣ ਚਾਏ?

ਭਾਈ ਜੀ—ਪਾਤਸ਼ਾਹ ਸੱਚ ਹੈ, ਸੱਚ ਹੈ, ਸੱਚ ਹੈ। ਪਰ ਦੀਨ ਦਿਆਲ ਸਾਖ੍ਯਾਤ ਗੁਰੂ ਨਾਨਕ ਮਾਲਕ ਨੇ ਸੰਗਤਾਂ ਨੂੰ ਆਪ ਦੇ ਲੜ ਲਾਇਆ ਸੀ ਤੇ ਹੁਕਮ ਦਿਤਾ ਸੀ ਕਿ

(ਬਾਕੀ ਪੰਨਾ 57 ਤੇ)

# ਹਿਮਾਲੀਅਨ ਯੋਗੀ ਦਾ ਸੰਗ
# (Walking With Himalayan Master)

*ਡਾ. ਜਸਟਿਨ ਓਬਰਾਇਨ*
*ਅਨੁਵਾਦਕ ਡਾ. ਤੇਜਿੰਦਰ ਮਲਹੋਤਰਾ*

## ਸਿਥਿਲੀਕਰਨ

ਸਰੀਰ ਨੂੰ ਨਿਸਲ ਕਰਨਾ, ਸਰੀਰ ਦਾ ਸਿਥਿਲੀ ਕਰਨ, ਮਾਨਸਿਕ ਤੇ ਸਰੀਰਕ ਸਿਹਤ ਲਈ ਬਹੁਤ ਹੀ ਆਵਸ਼ਕ ਹੈ। ਸਰੀਰਕ ਤਣਾਅ ਦਾ 95% ਕਾਰਨ ਮਨੋਸਰੀਰਕ ਰੋਗ ਹੀ ਹਨ। ਅਸੀਂ ਇਨ੍ਹਾਂ ਰੋਗਾਂ ਦੇ ਕਾਰਣ ਬਾਹਰ ਢੂੰਡਦੇ ਹਾਂ, ਵਾਸਤਵ ਵਿਚ ਇਨ੍ਹਾਂ ਦੇ ਕਾਰਣ ਸਾਡੇ ਅੰਦਰ ਹੀ ਹੁੰਦੇ ਹਨ। ਨਿਸਲ ਹੋਣ ਲਈ ਸਿੱਧੇ ਲੇਟ ਜਾਓ, ਆਪਣੀਆਂ ਲੱਤਾਂ ਨੂੰ ਕੋਈ 18 ਇੰਚ ਦੇ ਫਾਸਲੇ ਤੇ ਰੱਖੋ, ਆਪਣੇ ਦੋਨੋਂ ਹੱਥ ਆਪਣੇ ਪੇਟ ਤੇ ਰੱਖੋ। ਜੇ ਫਰਸ਼ ਤੇ ਲੇਟੇ ਹੋ ਤਾਂ ਛੋਟਾ ਜਿਹਾ ਸਰ੍ਹਾਣਾ ਰੱਖੋ। ਫੇਰ ਤਰਤੀਬਵਾਰ ਆਪਣੇ ਸਰੀਰ ਨੂੰ ਜਾਂਚੋ। ਸਿਰ ਤੋਂ ਸ਼ੁਰੂ ਕਰਕੇ ਪੈਰਾਂ ਤੱਕ ਆਓ। ਪੈਰਾਂ ਤੋਂ ਸ਼ੁਰੂ ਕਰਕੇ ਸਿਰ ਤਕ ਆਓ, ਦੇਖੋ ਸਰੀਰ ਵਿਚ ਕਿਥੇ ਖਿੱਚ ਹੈ, ਕਿਥੇ ਤਣਾਓ ਹੈ, ਮਾਨਸਿਕ ਪੱਖੋਂ ਉਸ ਤਣਾਓ ਨੂੰ ਨਿਸਲ ਕਰਨ ਦਾ ਯਤਨ ਕਰੋ, ਆਪਣੇ ਪੇਟ ਦੀ (diaphragm) ਦੀ ਹਰਕਤ ਨੂੰ ਜਾਂਚੋ, ਹੌਲੀ ਹੌਲੀ ਸ੍ਵਾਸ ਲਓ, ਡੂੰਘੇ ਸ੍ਵਾਸ ਲਓ, ਜਿੰਨੀ ਵੀ ਤੁਹਾਡੀ ਸਮਰੱਥਾ ਹੈ ਉਸ ਅਨੁਸਾਰ ਸ੍ਵਾਸ ਲਓ। ਸਰੀਰ ਨੂੰ ਸਿਥਿਲ ਰੱਖੋ, ਸ੍ਵਾਸਾਂ ਨੂੰ ਸ਼ਾਂਤ ਰੱਖੋ, ਡੂੰਘਾ ਰੱਖੋ, ਇਸ ਤਰ੍ਹਾਂ ਕਰਨਾ ਸ੍ਵਾਸ ਚੱਲਣ ਅਤੇ ਨਿਸਲ ਕਰਨ ਵਿਚ ਸਹਾਇਕ ਹੋਵੇਗਾ, ਇਸ ਤਰ੍ਹਾਂ ਸਾਰਾ ਨਾੜੀ ਮੰਡਲ ਵੀ ਨਿਸਲ ਹੁੰਦਾ ਹੈ। ਸਾਰੇ ਪੱਠਿਆਂ ਵਿਚੋਂ ਤਣਾਵ ਖਿਚਾਓ ਨਿਕਲ ਜਾਂਦਾ ਹੈ ਤੇ ਸਾਰਾ ਸਵਾਧੀਨ ਨਾੜੀ ਮੰਡਲ ਸ਼ਾਂਤ ਹੋ ਜਾਂਦਾ ਹੈ। ਇਸ ਤਰ੍ਹਾਂ ਦੀ ਸਿਥਿਲਤਾ ਦਾ ਅਭਿਆਸ ਦਸ ਮਿੰਟ ਤੋਂ ਵੱਧ ਨਹੀਂ ਕਰਨਾ ਚਾਹੀਦਾ, ਨਹੀਂ ਤੇ ਤੁਸੀਂ ਸੌਂ ਜਾਓਗੇ। ਪੰਜ ਮਿੰਟ ਪਿਛੋਂ ਸਰੀਰ ਵਿਚ ਤਣਾਓ ਪੈਦਾ ਕਰੋ, ਫੇਰ ਨਿਸਲ ਕਰੋ, ਫੇਰ ਸਰੀਰ ਨੂੰ ਦੇਖੋ। ਸ੍ਵਾਸਾਂ ਦਾ ਹਲਕਾ ਤੇ ਹੌਲੇ ਹੌਲੇ ਪ੍ਰਵਾਹ ਪਰ ਡੂੰਘਾ ਪਰਵਾਹ ਦੇਖੋ।

ਸ਼ਵਆਸਨ ਇਕ 61 ਬਿੰਦੂਆਂ ਦਾ ਅਭਿਆਸ ਹੈ। ਇਸ ਅਭਿਆਸ ਨਾਲ ਮਨ ਅੰਤਰਮੁਖੀ ਹੁੰਦਾ ਹੈ, ਵਧੇਰੇ ਕ੍ਰਮਵਾਰ ਹੁੰਦਾ ਹੈ ਤੇ ਨਾੜੀ ਮੰਡਲ ਨੂੰ ਵਧੇਰੇ ਨਿਸਿਲਤਾ ਮਿਲਦੀ ਹੈ। ਉਪਰ ਲਿਖੇ ਅਭਿਆਸ ਤੋਂ ਬਾਅਦ 61 ਬਿੰਦੂ ਨਿਸਿਲਤਾ ਦਾ ਅਭਿਆਸ ਕਰੋ। ਤੁਸੀਂ ਚਾਹੋ ਤਾਂ ਖੱਬੇ ਪਾਸਿਓਂ ਸ਼ੁਰੂ ਕਰ ਸਕਦੇ ਹੋ, ਚਾਹੋ ਤਾਂ ਸੱਜੇ ਪਾਸਿਓਂ ਸ਼ੁਰੂ ਕਰ ਸਕਦੇ ਹੋ ਪਰ ਸਥਿਰ ਰਹੋ। 61 ਬਿੰਦੂ ਸ਼ਵਆਸਨ ਓਦੋਂ ਨਹੀਂ ਕਰਨਾ ਚਾਹੀਦਾ, ਜਦੋਂ ਤੁਹਾਨੂੰ ਨੀਂਦ ਆ ਰਹੀ ਹੋਵੇ ਜਾਂ ਤੁਸੀਂ ਥੱਕੇ ਹੋਵੋ। ਸ਼ਵਆਸਨ ਵਿਚ ਲੇਟੋ, ਨਿਸਲ ਹੋਵੋ, ਇਕ ਦੋ ਮਿੰਟ ਲੇਟੇ ਰਹੋ। ਆਪਣਾ ਸਾਰਾ ਧਿਆਨ ਦੋਨੋਂ ਅੱਖਾਂ ਦੇ ਵਿਚ ਵਾਲੀ ਥਾਂ ਤੇ ਲੈ ਆਓ ਤੇ ਇਸ ਬਾਰੇ ਸੋਚੋ। ਇਸੇ ਉਤੇ ਆਪਣਾ ਧਿਆਨ ਇਕ ਦੋ ਸੈਕਿੰਡ ਲਈ ਲਗਾ ਕੇ ਰੱਖੋ ਇਸ ਤਰ੍ਹਾਂ ਇਕ ਇਕ ਕਰਕੇ 31 ਤੱਕ ਜਾਓ। ਇਸ ਅਭਿਆਸ ਨੂੰ ਦੋ ਵਾਰੀ ਦੁਹਰਾਓ। ਇਸ ਤਰ੍ਹਾਂ ਤੁਸੀਂ ਸੱਤ ਦਿਨ ਤੋਂ ਦਸ ਦਿਨ ਤਕ ਕਰੋ। ਜਦੋਂ ਇਹ ਅਭਿਆਸ ਬਿਨਾਂ ਮਨ ਦੇ ਏਧਰ ਉਧਰ ਗਏ ਤੁਸੀਂ ਕਰ ਸਕੋ ਫੇਰ ਤੁਸੀਂ 61 ਤਕ ਕਰੋ।

***(ਲੜੀ ਜੋੜਨ ਲਈ ਦੇਖੋ, ਸਤੰਬਰ ਅੰਕ, ਪੰਨਾ -63)***

ਬਹੁਤ ਸਾਰੇ ਪੱਛਮੀ ਲੋਕ ਇਹ ਸੋਚਦੇ ਹਨ ਕਿ ਯੂਸੋ ਮਸੀਹ ਦੇ ਬਾਰੇ ਭਾਰਤੀ ਪੁਰਾਤਨ ਗ੍ਰੰਥਾਂ ਵਿਚ ਕੋਈ ਜ਼ਿਕਰ ਨਹੀਂ ਹੈ, ਪਰ ਗੱਲ ਤਾਂ ਇਹ ਹੈ ਕਿ ਇਹ ਉਨ੍ਹਾਂ ਨੂੰ ਉਦੋਂ ਕਹਿਣਾ ਚਾਹੀਦਾ ਹੈ ਜਦੋਂ ਉਹ ਭਾਰਤੀ ਗ੍ਰੰਥਾਂ ਨੂੰ ਜਾਚ ਲੈਣ, ਜਾਣ ਲੈਣ ਫੇਰ ਉਨ੍ਹਾਂ ਨੂੰ ਪਤਾ ਲਗੇਗਾ ਕਿ ਜਦੋਂ ਪ੍ਰਮਾਤਮਾ ਕਿਸੇ ਅਵਤਾਰ ਨੂੰ ਕਿਸੇ ਪੀਰ ਪੈਗੰਬਰ ਨੂੰ ਪੈਦਾ ਕਰਨਾ ਚਾਹੁੰਦਾ ਹੈ ਉਹ ਘਟਨਾ ਕੇਵਲ ਇਤਿਹਾਸਕ ਹੀ ਨਹੀਂ ਹੁੰਦੀ, ਉਹ ਗ੍ਰੰਥਾਂ ਵਿਚ ਦਿਤੀ ਹੁੰਦੀ ਹੈ, ਇਹ ਗੱਲ ਸਵਾਮੀ ਜੀ ਨੇ ਬੜੀ ਉਦਾਸੀ ਨਾਲ ਕਹੀ।

ਬਹੁਤ ਸਾਰੇ ਲੋਕੀ ਜਦੋਂ ਮਜ਼ਹਬ ਦੇ ਬਾਰੇ ਜਾਣਨਾ ਚਾਹੁੰਦੇ ਹਨ। ਉਹ ਇਸ ਤਰ੍ਹਾਂ ਸ਼ੁਰੂ ਕਰਦੇ ਹਨ ਜਿਵੇਂ ਕਿ ਤੁਸੀਂ ਕਿਸੇ ਪੁਰਾਣੀਆਂ ਕਿਤਾਬਾਂ ਦੀ ਦੁਕਾਨ ਵਿਚ ਜਾਂਦੇ ਹੋ, ਇਕ ਵਿਚਾਰ ਤੋਂ ਦੂਸਰੇ ਤੇ ਦੂਸਰੇ ਤੋਂ ਦੂਸਰੇ ਤੇ ਉਦੋਂ ਤਕ ਚਲਦੇ ਰਹਿੰਦੇ ਹਨ ਜਦੋਂ ਤਕ ਉਹ ਪੂਰੀ ਤਰ੍ਹਾਂ ਨਾਲ ਬੌਂਦਲ ਨਹੀਂ ਜਾਂਦੇ, ਬਾਕੀ ਦੇ ਕੁਛ ਬਾਈਬਲ ਨਾਲ ਹੀ ਆਪਣੇ ਆਪ ਨੂੰ ਜੋੜੀ ਰਖਦੇ ਹਨ, ਪਰ ਉਹ ਬਾਈਬਲ ਪੜ੍ਹਦੇ ਹਨ, ਸਮਝਣ ਦੀ ਕੋਸ਼ਿਸ਼ ਨਹੀਂ ਕਰਦੇ ਕਿ ਲਿਖਣ ਵਾਲੇ ਨੇ ਇਸ ਵਿਚ ਤਿੰਨ ਪੱਥਰਾਂ ਤੇ ਵਿਸ਼ਲੇਸ਼ਨ ਕੀਤਾ ਹੈ। ਬਾਈਬਲ ਵਿਚ ਬਹੁਤ ਸਾਰੀਆਂ ਗੱਲਾਂ ਵਿਵਰਜਿਤ ਹਨ, ਬਹੁਤ ਗੱਲਾਂ ਦੀ ਮਨਾਹੀ ਕੀਤੀ ਗਈ ਹੈ ਜਿਵੇਂ ਕਿ ਦਸ ਉਪਦੇਸ਼ (Ten Commandments) ਆਮ ਲੋਕਾਂ ਨੂੰ ਸੁਰਖਿਅਤ ਰਹਿਣ ਲਈ ਨਿਯਮਾਂ ਦੀ ਲੋੜ ਹੁੰਦੀ ਹੈ, ਪਰ ਗ੍ਰੰਥਾਂ ਵਿਚ ਉਚੀਆਂ ਤੇ ਡੂੰਘੀਆਂ ਗੱਲਾਂ ਵੀ ਹੁੰਦੀਆਂ ਹਨ। ਬਾਈਬਲ ਵਿਚ ਉਸ ਉਚਾਈ ਤੇ ਡੂੰਘਾ

ਉਪਦੇਸ਼ Sermon on the Mount ਵਿਚ ਦਿਤਾ ਗਿਆ ਹੈ, ਉਹ ਉਪਦੇਸ਼ ਆਮ ਲੋਕਾਂ ਲਈ ਨਹੀਂ ਹੈ ਕਿਉਂਕਿ ਉਹ ਬਹੁਤ ਹੀ ਗੂੜ੍ਹ ਤੇ ਡੂੰਘੇ ਹਨ ਉਹ ਉਪਦੇਸ਼ ਤਾਂ ਕੇਵਲ ਜਗਿਆਸੂਆਂ ਲਈ ਹੀ ਹਨ, ਇਸ ਤੋਂ ਵੀ ਉਚਾ ਉਪਦੇਸ਼ Book of Revelation ਵਿਚ ਦਿਤਾ ਗਿਆ ਹੈ, ਜਿਥੇ ਯਸੂ ਮਸੀਹ ਨੇ ਜੌਨ ਦੇ ਰਾਹੀਂ ਉਪਦੇਸ਼ ਦਿਤਾ ਹੈ। ਉਸ ਸਮੇਂ ਜੌਨ ਉਹ ਕਰ ਰਹੇ ਸੀ ਜੋ ਕ੍ਰਿਸ਼ਨ ਜੀ ਤੇ ਬੁੱਧ ਨੇ ਆਪਣੇ ਸਮੇਂ ਕੀਤਾ, ਤੁਹਾਨੂੰ ਕਿੰਨੇ ਈਸਾਈ ਜਾਣਦੇ ਹਨ ਜਿਹੜੇ Book of Revelation ਨੂੰ ਚੰਗੀ ਤਰ੍ਹਾਂ ਜਾਣਦੇ ਹਨ।

ਮੈਂ ਸੋਚ ਰਿਹਾ ਸੀ ਮੇਰੀ ਸਾਰੀ ਉਮਰ ਦੀ ਅਧਿਆਤਮਕ ਉਪਦੇਸ਼, ਕਲਾਸ ਵਿਚ ਮੈਂ ਕਦੀ ਇਹ ਗੱਲਾਂ ਨਹੀਂ ਸੀ ਸੁਣੀਆਂ, ਕਦੀ ਵੀ ਕਿਸੇ ਨੇ ਇਸ ਪੁਸਤਕ ਦਾ ਜ਼ਿਕਰ ਤਕ ਨਹੀਂ ਸੀ ਕੀਤਾ, ਕੇਵਲ ਕਦੀ ਕਿਸੇ ਨੇ ਕੇਵਲ ਨਾਮ ਹੀ ਲਿਆ ਤੇ ਉਸ ਦੀ ਨਾਮ ਮਾਤ੍ਰ ਪੜਚੋਲ ਕੀਤੀ ਸੀ, ਬਹੁਤ ਸਾਰੇ ਬ੍ਰਹਮਗਿਆਨੀ ਤਾਂ ਇਸ ਪੁਸਤਕ ਨੂੰ ਛੱਡ ਹੀ ਦਿੰਦੇ ਸੀ।

ਇਸ ਪੁਸਤਕ ਦਾ ਰਚਤਾ, ਸਵਾਮੀ ਜੀ ਕਹਿਣ ਲੱਗੇ, ਜੌਨ ਨਹੀਂ। ਜੇ ਤੁਸੀਂ ਪੁਸਤਕ ਦੀ ਭਾਸ਼ਾ ਦੇਖੋ, ਹੋਰ ਵਣਗੀ ਦੇਖੋ ਤੇ ਯੂਸੋ ਮਸੀਹ ਦੀ ਭਾਸ਼ਾ ਤੇ ਵੰਨਗੀ ਦੇਖੋ, ਤੁਸੀਂ ਦੇਖ ਸਕਦੇ ਹੋ, ਜੇ ਈਸਾਈ ਕਲਾ ਨੂੰ ਹੀ ਦੇਖਦੇ ਰਹਿਣ, ਚਰਚਾ ਵਿਚ, ਚਿਤ੍ਰ ਹੀ ਦੇਖਦੇ ਰਹਿਣ, ਫੇਰ ਉਹ ਪਰਾ ਚੇਤਨਤਾ ਨੂੰ ਉਤਮ ਚੇਤਨਤਾ ਨੂੰ ਕਦੇ ਵੀ ਨਹੀਂ ਸਮਝ ਸਕਦੇ। ਉਨ੍ਹਾਂ ਦੀ ਵਿਸ਼ਲੇਸ਼ਨਤਾ ਨਿਜੀ ਹੈ ਉਹ ਨਹੀਂ ਸਮਝ ਸਕਦੇ ਜੌਨ ਕੀ ਕਹਿ ਰਹੇ ਹਨ।

ਸਵਾਮੀ ਜੀ ਬਹੁਤ ਡੂੰਘੀ ਗੱਲਬਾਤ ਕਰ ਰਹੇ ਸੀ, ਮੈਂ ਛੇਤੀ ਨਾਲ ਆਪਣੀ ਨੋਟ ਬੁੱਕ ਕੱਢੀ ਤੇ ਥਰੀਸਾ ਵਲ ਦੇਖਿਆ, ਉਸ ਦੀਆਂ ਅੱਖਾਂ ਵੀ ਉਹ ਹੀ ਕਹਿ ਰਹੀਆਂ ਸੀ ਜੋ ਮੈਂ ਸੋਚ ਰਿਹਾ ਸੀ।

ਚਿੰਤਾ ਤੇ ਮੈਡੀਟੇਸ਼ਨ ਨਾਲ-ਨਾਲ ਚਲਦੀਆਂ ਹਨ, ਬਹੁਤ ਨੇੜੇ ਹਨ, ਚਿੰਤਾ ਨਿਖੇਦਆਤਮਕ ਹੈ ਤੇ ਬੰਦੇ ਨੂੰ ਆਪਣੇ ਵਿਚ ਸੀਮਤ ਕਰਦੀ ਹੈ ਜਦੋਂ ਕਿ ਦੂਸਰੀ ਸਕਾਰਤਮਕ ਹੈ ਤੇ ਮਨੁੱਖ ਨੂੰ ਨਿਰਸੁਆਰਥੀ ਬਣਾਉਂਦੀ ਹੈ, ਸੁਚੇਤ ਕਰਦੀ ਹੈ। ਚਿੰਤਾ ਮਨੁਖ ਨੂੰ ਦਬਾ ਲੈਂਦੀ ਹੈ, ਘੇਰ ਲੈਂਦੀ ਹੈ, ਮੈਡੀਟੇਸ਼ਨ ਤੁਹਾਨੂੰ ਸੁਤੰਤਰ ਬਣਾਉਂਦੀ ਹੈ। ਜੌਨ ਜਿਸ ਨੇ ਪੁਸਤਕ Revelation ਲਿਖੀ ਹੈ, ਉਹ ਉਸ ਸਮੇਂ ਹੋ ਰਹੇ ਜ਼ੁਲਮਾਂ ਲਈ ਕਾਫੀ ਚਿੰਤਤ ਸੀ, ਉਸ ਸਮੇਂ ਸਾਰਾ ਸੰਸਾਰ ਰੋਮਨਾ ਦੇ ਰਾਜ ਤੋਂ ਤੰਗ ਸੀ ਕਿਉਂਕਿ ਉਹ ਸਭ ਨੂੰ ਮਲੀਆ ਮੇਟ ਕਰ ਦੇਣਾ ਚਾਹੁੰਦੇ ਸੀ, ਈਸਾਈਆਂ ਨੂੰ ਵੀ ਉਹ ਖਤਮ ਕਰਨਾ ਚਾਹੁੰਦੇ ਸੀ ਕਿਉਂਕਿ ਈਸਾਈ ਵੀ ਹੋਰ ਤਰ੍ਹਾਂ ਹੀ ਸੋਚਦੇ ਸਨ।

ਈਸਾਈਆਂ ਨੂੰ ਜੀਵਤ ਰੱਖਣ ਲਈ, ਯਸੂ ਮਸੀਹ ਦਾ ਇਹ ਸਨੇਹਾ ਜੌਨ ਨੇ ਦਿਤਾ, ਉਸ ਨੇ ਰੋਮਨਾ ਦੀ ਗੱਲ ਨੂੰ ਅੰਦਰ ਤਕ ਸੋਚਿਆ। ਕੀ ਕੀਤਾ ਜਾ ਸਕਦਾ ਹੈ? ਕੀ ਕਰਨਾ ਚਾਹੀਦਾ ਹੈ? ਉਹ ਸਚਾਈ ਨੂੰ ਦਸਣਾ ਚਾਹੁੰਦਾ ਸੀ, ਸਚਾਈ ਪ੍ਰਗਟ ਕਰਨਾ ਚਾਹੁੰਦਾ ਸੀ, ਉਸ ਦਾ ਉਤਸ਼ਾਹ ਆਪਣੇ ਆਪ ਨੂੰ ਬਚਾਣਾ ਨਹੀਂ ਸੀ, ਜੌਨ ਆਪਣੀ ਆਤਮਾ ਤੋਂ ਬੋਲ ਰਿਹਾ ਸੀ, ਉਹ ਨਾ ਕੇਵਲ ਆਪਣੇ ਆਪ ਨੂੰ ਸੁਰਖਿਅਤ ਰੱਖਣਾ ਚਾਹੁੰਦਾ ਸੀ, ਨਾ ਹੀ ਕੋਈ ਮਹੰਤੀ ਚਾਹੁੰਦਾ ਸੀ, ਉਹ ਤਾਂ ਬਹੁਤ ਉਚੀ ਸੋਚ ਰਖਦਾ ਸੀ। ਉਸ ਨੇ ਸਾਰੇ ਈਸਾਈਆਂ ਦਾ ਭਲਾ ਸੋਚਿਆ ਸਾਰੇ ਚਰਚਾਂ ਦਾ ਭਲਾ ਸੋਚਿਆ। ਉਸ ਨੇ ਆਪਣੇ ਆਪ ਨੂੰ ਕੇਵਲ ਇਕ ਆਤਮਕ ਮਾਰਗ ਬਣਾ ਕੇ ਸਭ ਕੁਝ ਨਹੀਂ ਦੱਸਿਆ। ਉਸ ਨੇ ਤਾਂ ਸਾਰੇ ਵਿਸ਼ਵ ਲਈ ਇਹ ਪੁਸਤਕ ਲਿਖੀ, ਜਿਸ ਵਿਚ ਉਹ ਸਤਿ ਲਿਖਿਆ ਜਿਹੜਾ ਕੇਵਲ ਈਸਾਈਆਂ ਲਈ ਸਤਿ ਨਹੀਂ ਸੀ ਉਹ ਤਾਂ ਸਾਰੇ ਜਗਤ ਲਈ ਸਤਿ ਸੀ। ਜਦੋਂ ਤੁਸੀਂ ਉਸ ਉਚੇ ਪੱਧਰ ਤੇ ਪ੍ਰਮਾਤਮਾ ਤੋਂ ਲੈਣ ਵਾਲੇ ਬਣਦੇ ਹੋ, ਲੈ ਕੇ ਅੱਗੇ ਦੇਣ ਵਾਲੇ ਬਣਦੇ ਹੋ, ਉਸ ਸਮੇਂ ਤੁਸੀਂ ਪ੍ਰਮਾਤਮਾ ਦੇ ਹੀ ਆਪਣੇ ਖਾਸ ਚੁਣੇ ਹੋਏ ਹੁੰਦੇ ਹੋ, ਉਸ ਦੇ ਹੀ ਖਾਸ ਪਿਆਰੇ ਹੁੰਦੇ ਹੋ, ਉਸ ਤੋਂ ਭਾਵ ਹੁੰਦਾ ਹੈ ਕਿ ਤੁਹਾਨੂੰ ਪ੍ਰਮਾਤਮਾ ਹੀ ਬੁਲਾ ਰਿਹਾ ਹੈ ਜਾਂ ਕਹਿ ਲਵੋ ਉਹ ਹੀ ਤੁਹਾਡੇ ਅੰਦਰ ਆਪ ਬੋਲ ਰਿਹਾ ਹੁੰਦਾ ਹੈ। ਜੌਨ ਦੀ ਚਿੰਤਾ ਨਿਰਸੁਆਰਥੀ ਸੀ ਜਿਸ ਨਾਲ ਉਸ ਨੇ ਜੋ ਲਿਖਿਆ ਉਹ ਵਿਸ਼ਵ ਦੈਵੀ ਸੰਦੇਸ਼ ਸਾਰੀ ਮਾਨਵਤਾ ਲਈ ਦਿਤਾ।

ਸਵਾਮੀ ਜੀ ਦੇ ਸ਼ਬਦ ਮੇਰੇ ਅੰਦਰ ਇਸ ਤਰ੍ਹਾਂ ਘਰ ਕਰ ਰਹੇ ਸੀ ਕਿ ਮੈਂ ਚਾਹੁੰਦਾ ਹੀ ਨਹੀਂ ਸੀ ਕਿ ਇਹ ਰਾਤ ਕਦੇ ਖਤਮ ਹੋਵੇ, ਮੈਨੂੰ ਬਹੁਤ ਚੰਗਾ ਲਗਾ ਜਦੋਂ ਸਵਾਮੀ ਜੀ ਨੇ ਥੋੜ੍ਹੀ ਦੇਰ ਬਾਅਦ ਫੇਰ ਸ਼ੁਰੂ ਕੀਤਾ।

ਜੌਨ ਦੀ ਪੁਸਤਕ Revelation ਜੀਵਨ ਦੀ ਠੀਕ ਤਰ੍ਹਾਂ ਨਾਲ ਵਿਆਖਿਆ ਕਰਦੀ ਹੈ, ਪੁਸਤਕ ਵਿਚ ਏਧਰ ਉਧਰ ਦੀ ਗੱਲ ਨਾ ਕਰਕੇ ਕੇਵਲ ਸਤਿ ਦੀ ਗੱਲ ਹੀ ਕੀਤੀ ਹੈ, ਪਰ ਕਿਉਂਕਿ ਲੋਕੀ ਮੈਡੀਟੇਸ਼ਨ ਨੂੰ ਜਾਣਦੇ ਨਹੀਂ, ਕਰਨਾ ਨਹੀਂ ਚਾਹੁੰਦੇ, ਸਮਝਣਾ ਹੀ ਚਾਹੁੰਦੇ ਹਨ ਇਸ ਕਰਕੇ ਜੋਨ ਦੀਆਂ ਗੱਲਾਂ ਉਨ੍ਹਾਂ ਨੂੰ ਹੈਰਾਨ ਕਰ ਦਿੰਦੀਆਂ ਹਨ। ਮੈਡੀਟੇਸ਼ਨ ਕੀਤੇ ਬਿਨਾਂ ਜੌਨ ਦੇ ਦਿਤੇ ਹੋਏ ਚਿੰਨਾਂ ਨੂੰ ਸਮਝਿਆ ਹੀ ਨਹੀਂ ਜਾ ਸਕਦਾ, ਮੈਡੀਟੇਸ਼ਨ ਦੇ ਅਭਿਆਸ ਤੋਂ ਬਿਨਾਂ ਇਹ ਚਿੰਨ ਬੜੇ ਹੀ ਅਜੀਬ ਲਗਦੇ ਹਨ। ਸਾਡੇ ਅੱਜ ਦੇ ਸਮੇਂ ਵਿਚ ਤਾਂ ਉਨ੍ਹਾਂ ਨੂੰ ਸਮਝਣਾ

ਬਹੁਤ ਹੀ ਔਖਾ ਹੈ, ਇਸ ਪੁਸਤਕ ਵਿਸ਼ਲੇਸ਼ਨ ਕਰਕੇ ਹੀ ਇਸ ਨੂੰ ਨਹੀਂ ਸਮਝਿਆ ਜਾ ਸਕਦਾ, ਇਸ ਨੂੰ ਤਾਂ ਕੇਵਲ ਮੈਡੀਟੇਸ਼ਨ ਰਾਹੀਂ ਹੀ ਸਮਝਿਆ ਜਾ ਸਕਦਾ ਹੈ।

ਮੈਡੀਟੇਸ਼ਨ ਜਦੋਂ ਤੁਸੀਂ ਕਰਦੇ ਹੋ ਤੁਸੀਂ ਉਡੀਕਦੇ ਹੋ, ਤੁਸੀਂ ਠੀਕ ਕਿਸਮ ਦੇ ਅਨੁਭਵ ਦੀ ਉਡੀਕ ਕਰਦੇ ਹੋ, ਬਹੁਤ ਸਾਰੇ ਅਨੁਭਵਾਂ ਨੂੰ ਤੁਸੀਂ ਲੰਘਣ ਦਿੰਦੇ ਹੋ, ਤੁਸੀਂ ਉਡੀਕਦੇ ਹੋ ਜੇ ਪਹਿਲਾਂ ਸਾਰੇ ਅਨੁਭਵ ਜੋ ਸੰਸਾਰਕ ਹਨ ਜਿਨ੍ਹਾਂ ਦਾ ਕੋਈ ਰਿਸ਼ਤਾ ਮੈਡੀਟੇਸ਼ਨ ਨਾਲ ਨਹੀਂ ਉਹ ਖਤਮ ਹੋ ਜਾਣ। ਫੇਰ ਠੀਕ ਤਰ੍ਹਾਂ ਦੇ ਅਧਿਆਤਮਕ ਅਨੁਭਵ ਦੀ ਉਡੀਕ ਕਰਦੇ ਹੋ, ਤੁਸੀਂ ਪ੍ਰਮਾਤਮਾ ਦੀ ਪ੍ਰਾਪਤੀ ਕਿਸੇ ਵੀ ਤਰ੍ਹਾਂ ਦੇ ਅਨੁਭਵ ਨੂੰ ਦਬਾ ਕੇ ਪਿਛੇ ਰੱਖ ਕੇ ਨਹੀਂ ਕਰ ਸਕਦੇ, ਨਾ ਹੀ ਕਿਸੇ ਸੰਵੇਗ ਨੂੰ ਭਾਵਨਾ ਨੂੰ ਛੁਪਾ ਕੇ ਲੁਕਾ ਕੇ ਪ੍ਰਾਪਤੀ ਹੋ ਸਕਦੀ ਹੈ। ਤੁਹਾਡਾ ਮਨ ਚੇਤਨਤਾ ਦੇ ਤਿੰਨ ਪੱਧਰਾਂ ਵਿਚ ਦੌੜਦਾ ਰਹਿੰਦਾ ਹੈ, ਰੋਜ਼ ਦੀਆਂ ਗੱਲਾਂ ਬਾਤਾਂ ਕੰਮ ਕਾਜ ਸੌਣਾ ਤੇ ਸੁਪਨੇ, ਸੁਚੇਤ ਹੋਣ ਦੇ ਵੀ ਸਤਿ ਵੱਖ-ਵੱਖ ਖੇਤਰ ਹਨ ਜਿਵੇਂ ਕਿ ਸਤਿ ਵੱਖ-ਵੱਖ ਰੰਗ ਹਨ ਤੇ ਸੱਤ ਵੱਖ-ਵੱਖ ਨਾਦ ਹਨ ਤੇ ਹਰ ਇਕ ਦਾ ਵੱਖ-ਵੱਖ ਕਰਤੱਵ ਹੈ।

ਜੌਨ ਆਪਣੇ ਅਚੇਤਨ ਮਨ ਦੀ ਖੋਜ ਪੂਰੀ ਕਰਨ ਵਾਲਾ ਹੈ, ਉਹ ਸਤਿ ਨੂੰ ਜਾਨਣ ਵਾਲਾ ਹੈ, ਉਹ ਸਤਿ ਜੋ ਜੀਵਨ ਦਾ ਸਤਿ ਹੈ, ਇਹ ਸਭ ਕੁਝ ਭਾਵ ਜੀਵਨ ਦਾ ਸਤਿ ਉਸ ਦੇ ਸਾਮ੍ਹਣੇ ਖੜ੍ਹਾ ਹੈ, ਜੌਨ ਉਸ ਸਤਿ ਵਾਲਾ ਹੀ ਹੈ। ਪਰ ਸਤਿ ਦਾ ਖਜ਼ਾਨਾ ਬਿਲੁਕਲ ਉਸ ਤਰ੍ਹਾਂ ਹੀ ਹੈ ਜਿਵੇਂ ਹੀਰੇ ਜੜਤ ਖਾਨ ਹੋਵੇ। ਪਹਿਲਾਂ ਖਾਨ ਵਿਚ ਜਾ ਕੇ ਹੱਥ ਗੰਦੇ ਕਰਨੇ ਪੈਣਗੇ, ਸੋ ਗੰਦ ਦੇਖ ਕੇ ਡਰ ਨਹੀਂ ਜਾਣਾ, ਇਸ ਕਰਕੇ ਮੈਡੀਟੇਸ਼ਨ ਵਿਚ ਹਰ ਤਰ੍ਹਾਂ ਦੇ ਚਿੰਨ ਦੇਖੋ ਹਰ ਤਰ੍ਹਾਂ ਦੀਆਂ ਆਵਾਜ਼ਾਂ ਸੁਣ ਕੇ ਉਨ੍ਹਾਂ ਦਾ ਵਿਸ਼ਲੇਸ਼ਨ ਨਾ ਕਰੋ। ਜੇ ਤੁਸੀਂ ਵਿਸ਼ਲੇਸ਼ਨ ਕਰੋਗੇ ਇਹ ਸਭ ਕੁਝ ਖਤਮ ਹੋ ਜਾਏਗਾ, ਜੌਨ ਨੇ ਮੈਡੀਟੇਸ਼ਨ ਵਿਚ ਜੋ ਉਨਤੀ ਕੀਤੀ ਉਸ ਨੂੰ ਜਾਚੋ, ਪਹਿਲਾਂ ਉਸ ਨੂੰ ਆਵਾਜ਼ ਸੁਣਦੀ ਹੈ ਫੇਰ ਉਸ ਨੂੰ ਦ੍ਰਿਸ ਦਿਸਦਾ ਹੈ, ਆਵਾਜ਼ ਤੇ ਰੌਸ਼ਨੀ ਦਾ ਸਾਡਾ ਜੀਵਨ ਵਿਚ ਗਹਿਰਾ ਸਬੰਧ ਹੈ। ਇਥੇ ਜਦੋਂ ਮੈਂ ਆਵਾਜ਼ ਦੀ ਗੱਲ ਕਰ ਰਿਹਾ ਹਾਂ, ਮੈਂ ਬਾਹਰ ਦੀ ਆਵਾਜ਼ ਬਾਰੇ ਨਹੀਂ ਕਹਿ ਰਿਹਾ, ਉਸ ਆਵਾਜ਼ ਦੀ ਗੱਲ ਨਹੀਂ ਕਰ ਰਿਹਾ ਜਿਸ ਦਾ ਪ੍ਰਭਾਵ ਤੁਹਾਡੇ ਸਰੀਰ ਤੇ ਪੈਂਦਾ ਹੈ ਜਾਂ ਜਿਵੇਂ ਯੋਗਾ ਵਿਚ ਦੱਸਿਆ ਗਿਆ ਹੈ, ਮੈਂ ਤੁਹਾਡੇ ਸੂਖਮ ਸਰੀਰ ਦੀ ਗੱਲ ਕਰ ਰਿਹਾ ਹਾਂ ਜੋ ਤੁਹਾਡੇ ਅੰਨਮਈ ਸਰੀਰ ਦਾ ਇਕ ਸਾਂਚਾ ਹੈ, ਇਕ ਨਮੂਨਾ ਹੈ, ਇਸ ਸਰੀਰ ਵਿਚ ਜੌਨ ਦੇਖ ਰਿਹਾ ਹੈ ਕਿ ਆਵਾਜ਼ ਤੇ ਰੌਸ਼ਨੀ ਕਿਵੇਂ ਇਕ ਦੂਸਰੇ ਦੇ ਨਾਲ ਹਨ, ਆਵਾਜ਼ ਤੁਹਾਨੂੰ ਕਲਪਨਾ ਤਕ ਸੁਪਨੇ ਤਕ ਲੈ ਜਾਂਦੀ ਹੈ, ਪਹਿਲਾ ਸੁਪਨਾ, ਪਹਿਲਾ ਦ੍ਰਿਸ਼ ਜੌਨ ਨੂੰ ਜਿਹੜਾ ਆਉਂਦਾ ਹੈ ਉਹ ਹੈ ਉਸ ਦੇ ਨਿਜੀ ਜੀਵਨ ਦੀ ਚੇਤਨਤਾ। ਇਕ ਪੁਰਾਤਨ ਮਸੌਦਾ ਹੈ ਜਿਸ ਵਿਚ ਮੁਢਲੀ ਆਵਾਜ਼ ਮੁਢਲੇ ਸ਼ਬਦ ਨੂੰ ਇਕ ਖਾਸ ਸਪੀਡ ਦੀ ਰੌਸ਼ਨੀ ਵਿਚ ਬਦਲ ਦਿੰਦੀ ਹੈ।

ਮੈਂ ਜਿੰਨੀ ਤੇਜ਼-ਤੇਜ਼ ਲਿਖ ਸਕਦਾ ਸੀ ਲਿਖਿਆ, ਸਵਾਮੀ ਜੀ ਰੁਕ ਗਏ, ਮੈਂ ਇਕ ਦਮ ਲੰਮਾ ਸਾਹ ਲਿਆ, ਮੈਨੂੰ ਲੱਗਾ ਮੈਂ ਪੂਰਾ ਧਿਆਨ ਲਗਾ ਕੇ ਬੈਠਾ ਰਿਹਾ ਹਾਂ ਮੈਂ ਸ਼ਾਇਦ ਸਾਹ ਵੀ ਨਹੀਂ ਲਿਆ, ਮੈਂ ਸਮਝਣ ਦੀ ਕੋਸ਼ਿਸ਼ ਕਰ ਰਿਹਾ ਸੀ ਕਿ ਈਸਾਈ, ਯਸੂਮਸੀਹ ਦੇ ਮਤ ਦੇ ਅਨੁਆਈ ਤਾਂ ਹਨ ਉਸ ਨੂੰ ਤਾਂ ਮੰਨਦੇ ਹਨ ਪਰ ਪ੍ਰਬੁੱਧ ਚੇਤਨਤਾ, ਪਰਾ ਚੇਤਨਤਾ ਨੂੰ ਸਮਝਣ ਦੀ ਕਦੀ ਕੋਸ਼ਿਸ਼ ਹੀ ਨਹੀਂ ਕੀਤੀ, ਮੈਨੂੰ ਹੁਣ ਸਮਝ ਆ ਰਹੀ ਸੀ ਕਿ ਜੌਨ ਨੇ ਕੀ ਲਿਖਿਆ ਮੈਨੂੰ ਇਹ ਵੀ ਸਮਝ ਆ ਰਹੀ ਸੀ ਕਿ ਜੌਨ ਨੂੰ ਲੋਕੀ ਕਿਉਂ ਠੀਕ ਤਰ੍ਹਾਂ ਨਹੀਂ ਸਮਝ ਸਕਦੇ।

ਸ਼ਬਦ ਤੇ ਰੌਸ਼ਨੀ ਨਾਲ ਨਾਲ ਹੀ ਚਲਦੀਆਂ ਹਨ, ਜੌਨ ਨੇ ਵੀ ਇਹ ਹੀ ਲਿਖਿਆ ਹੈ, ਜਦੋਂ ਜੌਨ ਇਹ ਲਿਖ ਰਿਹਾ ਹੈ ਇਹ ਸਭ ਕੁਝ ਜੌਨ ਨਾਲ ਹੋ ਰਿਹਾ ਹੈ। ਜਦੋਂ ਜੌਨ ਨੇ ਇਹ ਲਿਖਿਆ ਹੈ ਉਹ ਪਰਾ ਤੋਂ ਅਪਰਾ ਵਿਚ ਜਾ ਰਿਹਾ ਸੀ। ਚੇਤਨ ਮਨ ਤੋਂ ਅਚੇਤ ਤੇ ਫੇਰ ਪਰਾ ਵਿਚ ਜਾ ਰਿਹਾ ਸੀ ਉਸ ਨੂੰ ਆਪਣੇ ਸੂਖਮ ਸਰੀਰ ਦਾ ਅਨੁਭਵ ਹੋ ਰਿਹਾ ਸੀ ਤੇ ਉਸ ਨੇ ਸੱਤੇ ਚੱਕਰਾਂ ਨੂੰ ਜਾਨਿਆ, ਹਰ ਇਕ ਚੱਕਰ ਦੀ ਆਪਣੀ ਆਵਾਜ਼ ਹੈ। ਆਪਣੀ ਰੌਸ਼ਨੀ ਹੈ, ਆਪਣੀ ਸੁਗੰਧ ਹੈ, ਇਨ੍ਹਾਂ ਚੱਕਰਾਂ ਦਾ ਇਕ ਦੂਸਰੇ ਨਾਲ ਸਬੰਧ ਹੈ ਤੇ ਇਸ ਦਾ ਸਬੰਧ ਫੇਰ ਐਨਡੋਕਰਾਈਨ ਗ੍ਰੰਥੀ ਹੈ, ਜੌਨ ਨੂੰ ਵੀ ਆਪਣੇ ਬਾਹਰੀ ਸਰੀਰ ਤੋਂ ਅੰਦਰ ਸੂਖਮ ਸਰੀਰ ਵਿਚ ਜਾਣਾ ਪਿਆ ਸੀ ਤੇ ਸੂਖਮ ਸਰੀਰ ਨੂੰ ਸਮਝਣਾ ਪਿਆ ਸੀ। ਸੂਖਮ ਸਰੀਰ ਵਿਚ ਬੀਜ ਹੈ, ਜਿਹੜਾ ਅੱਗੇ ਹੀ ਨਹੀਂ ਜਾਂਦਾ ਸਾਰੇ ਪ੍ਰਭਾਵ ਤੇ ਪ੍ਰੇਰਨਾ ਵੀ ਨਾਲ ਜਾਂਦੀ ਹੈ, ਜੌਨ ਦੀ ਪੁਸਤਕ ਪੜ੍ਹ ਕੇ ਤੁਸੀਂ ਮਹਿਸੂਸ ਕਰਦੇ ਹੋ ਕਿ ਅਜੇ ਜੌਨ ਦਾ ਸਫਰ ਖਤਮ ਨਹੀਂ ਹੋਇਆ, ਕਿਉਂਕਿ ਅਜੇ ਤਾਂ ਸੂਖਮ ਸਰੀਰ ਦੇ ਅੰਦਰ ਜਿਹੜੇ ਸਰੀਰ ਹਨ ਉਨ੍ਹਾਂ ਵਿਚ ਜਾਣਾ ਹੈ, ਇਨ੍ਹਾਂ ਸਤਿ ਸਰੀਰਾਂ ਨੂੰ ਲੰਘ ਕੇ ਹੀ ਉਹ ਆਪਣੇ ਆਪ ਦੇ ਸਾਮ੍ਹਣੇ ਖੜ੍ਹਾ ਹੋ ਸਕਦਾ ਹੈ, ਆਪਣੀ ਆਤਮਾ ਨੂੰ ਪ੍ਰਤੱਖ ਦੇਖ ਸਕਦਾ ਹੈ, ਅਗਿਆਨ ਦੇ ਸਤਿ ਬੂਹੇ ਤਾਂ ਲੰਘਣੇ ਹੀ ਪੈਣੇ ਹਨ, ਸੱਤ ਚੱਕਰਾਂ ਤੋਂ ਉਪਰ ਉਠਣਾ ਹੀ ਪੈਣਾ ਹੈ, ਉਨ੍ਹਾਂ ਦੀ ਸ਼ਕਤੀ ਤੋਂ ਅੱਗੇ ਜਾ ਕੇ, ਉਨ੍ਹਾਂ ਦਾ ਅਨੁਭਵ ਕਰਕੇ ਉਨ੍ਹਾਂ ਦੀ ਪ੍ਰਸੰਸਾ ਕਰਕੇ ਹੀ ਅਧਿਆਤਮਕ ਮਾਰਗ ਤੇ ਅੱਗੇ ਵਧਿਆ ਜਾ ਸਕਦਾ ਹੈ, ਚੱਕਰ ਤੋੜਨੇ ਮੋਹਰ ਤੋੜਨ ਤੋਂ ਭਾਵ ਇਹ

ਹੀ ਹੈ ਕਿ ਕਿਵੇਂ ਤੁਸੀਂ ਹੌਲੀ-ਹੌਲੀ ਇਕ ਪਉੜੀ ਤੋਂ ਦੂਸਰੀ, ਦੂਸਰੀ ਤੋਂ ਤੀਸਰੀ ਅੱਗੇ ਜਾਂਦੇ ਹੋ ਤੇ ਅਗਿਆਨ ਦੂਰ ਹੋਈ ਜਾਂਦਾ ਹੈ। ਤੁਹਾਡੀ ਚੇਤਨਤਾ ਵਧਦੀ ਜਾਂਦੀ ਹੈ। ਜੋ ਕੁਝ ਵੀ ਜੌਨ ਨੇ ਆਪਣੀ ਅੰਦਰ ਜਾਣ ਦੇ ਅਨੁਭਵ ਬਾਰੇ ਲਿਖਿਆ ਹੈ ਉਹ ਸਾਰਿਆਂ ਲਈ ਹੀ ਇਕੋ ਹੀ ਹੈ, ਇਕ ਕੋਈ ਸਭਿਆਚਾਰ ਦੀ ਗੱਲ ਨਹੀਂ ਹੈ, ਇਹ ਤਾਂ ਆਤਮ ਮਾਰਗ ਹੈ ਜਿਹੜਾ ਵੀ ਤੁਰਿਆ ਹੈ ਉਸ ਦੇ ਅਨੁਭਵ ਇਕੋ ਹੀ ਹਨ, ਮਾਰਗ ਭਾਵੇਂ ਕੋਈ ਵੀ ਕਿਉਂ ਨਾ ਹੋਵੇ, ਸਤਿ ਇਕ ਹੈ ਸਤਿ ਦਾ ਅਨੁਭਵ ਇਕ ਹੈ।

ਇਸ ਪੁਸਤਕ ਨੂੰ ਭਾਵ book of Revelation ਨੂੰ ਪੜ੍ਹੋ ਤੇ ਚੰਡੋਕ ਉਪਨਿਸ਼ਦ ਨੂੰ ਪੜ੍ਹੋ, ਸਵਾਮੀ ਜੀ ਕਹਿਣ ਲੱਗੇ।

ਤੁਸੀਂ ਜੌਨ ਦੀ ਪੁਸਤਕ Book of revelation ਨੂੰ ਯੋਗਾ ਦੇ ਸੰਦਰਭ ਵਿਚ ਦੇਖੋ, ਯੋਗਾ ਦਾ ਸਰੀਰ ਸਬੰਧੀ ਅਭਿਆਸ ਦੇਖੋ, ਜਦੋਂ ਸਵਾਮੀ ਜੀ ਨੇ ਇਹ ਕਿਹਾ ਮੇਰੇ ਕੰਨ ਇਕ ਦਮ ਖੜ੍ਹੇ ਹੋ ਗਏ। ਮੇਰੇ ਮਨ ਵਿਚ ਇਕ ਪ੍ਰਸ਼ਨ ਉਠਿਆ। ਮੈਂ ਪੁਛਿਆ ਰਿਸ਼ੀਆਂ ਮੁਨੀਆਂ ਦੀ ਪਰੰਪਰਾ ਐਨੀ ਅਨੂਠੀ, ਐਨੀ ਨਿਰਾਲੀ ਕਿਉਂ ਹੈ।

ਸਾਡੀ ਪਰੰਪਰਾ ਤੁਹਾਨੂੰ ਆਪਣੇ ਅੰਦਰੋਂ ਹੀ ਗੁਰੂ ਬਾਰੇ ਦੱਸ ਦਿੰਦੀ ਹੈ। ਤੁਹਾਨੂੰ ਚੇਤਨਾ ਤਕ ਪਹੁੰਚਾ ਦਿੰਦੀ ਹੈ, ਮਹਾਂਪੁਰਸ਼ਾਂ ਦਾ ਕੰਮ ਹੈ ਤੁਹਾਨੂੰ ਹੌਲੀ-ਹੌਲੀ ਸੁਤੰਤਰ ਬਣਾ ਦੇਣਾ ਤਾਂ ਜੋ ਤੁਸੀਂ ਕਿਸੇ ਤੇ ਨਿਰਭਰ ਨਾ ਰਹੋ। ਸਤਿ ਨੂੰ ਜਾਨਣ ਲਈ ਤੁਹਾਡੇ ਤੇ ਤੁਹਾਡੇ ਵਿਚ ਖੜ੍ਹਾ ਹੈ, ਤੁਹਾਡਾ ਮਨ। ਬਹੁਤ ਸਾਰੇ ਲੋਕਾਂ ਦੇ ਜੀਵਨ ਕੀਮਤਾਂ ਕਦਰਾਂ ਤੇ ਬਾਹਰੀ ਲੋਕਾਂ ਦੇ ਵਿਚਾਰਾਂ ਦੁਆਲੇ ਹੀ ਘੁੰਮਦੇ ਰਹਿੰਦੇ ਹਨ। ਜਦੋਂ ਤੁਸੀਂ ਗ੍ਰੰਥ ਪੜ੍ਹਦੇ ਹੋ ਤੁਸੀਂ ਦੇਖਦੇ ਹੋ ਕਿ ਜੋ ਕੁਝ ਵੀ ਉਨ੍ਹਾਂ ਨੇ ਲਿਖਿਆ ਹੈ ਉਹ ਸੰਸਾਰਕ ਧੰਦਿਆਂ ਤੋਂ ਰੋਜ਼ ਦੇ ਜੀਵਨ ਤੋਂ ਕਿੰਨਾ ਹਟ ਕੇ ਹੈ। ਗ੍ਰੰਥ ਤੁਹਾਨੂੰ ਦਸਦੇ ਹਨ ਕਿ ਤੁਹਾਡੇ ਕੋਲ ਕਿੰਨਾ ਗਿਆਨ ਹੈ ਪਰ ਤੁਸੀਂ ਵਰਤ ਨਹੀਂ ਰਹੇ। ਕਦੇ ਆਪਣੇ ਆਪ ਨਾਲ ਆਪਣਾ ਵਾਰਤਾਲਾਪ ਤਾਂ ਰੀਕਾਰਡ ਕਰਕੇ ਦੇਖੋ, ਫੇਰ ਉਸ ਨੂੰ ਸੁਣੋ ਤੁਸੀਂ ਆਪਣੇ ਗਿਆਨ ਤੋਂ ਹੈਰਾਨ ਹੋ ਜਾਓਗੇ ਆਪਣੇ ਅੰਦਰ ਦੇ ਸਤਿ ਤੋਂ ਹੈਰਾਨ ਹੋ ਜਾਓਂਗੇ। ਜਿਵੇਂ-ਜਿਵੇਂ ਤੁਸੀਂ ਆਪਣੇ ਅੰਦਰ ਲੁਕੇ ਸਤਿ ਨੂੰ ਦੇਖਦੇ ਰਹੋਗੇ ਉਸ ਨੂੰ ਜਾਣਦੇ ਰਹੋਗੇ ਤੁਹਾਡੇ ਅੰਦਰ ਤੇ ਬਾਹਰੀ ਜੀਵਨ ਦੀ ਵਿੱਥ ਘਟਦੀ ਜਾਏਗੀ।

ਸਵਾਮੀ ਜੀ ਫੇਰ ਅੱਗੇ ਵਲ ਦੇਖਣ ਲਗ ਪਏ, ਇਹ ਦੇਖ ਕੇ ਕਿ ਅੱਗ ਮੱਠੀ ਪੈ ਰਹੀ ਹੈ ਸਵਾਮੀ ਜੀ ਨੇ ਕੁਝ ਲਕੜੀਆਂ ਅੱਗ ਵਿਚ ਸੁੱਟੀਆਂ। ਕੋਲੇ ਥੋੜ੍ਹੇ ਐਧਰ ਓਧਰ ਕੀਤੇ ਤੇ ਚਿਮਟਾ ਇਕ ਪਾਸੇ ਰਖਦੇ ਹੋਏ, ਚਾਹ ਦਾ ਘੁੱਟ ਭਰ ਕੇ ਕਹਿਣ ਲੱਗੇ, ਮੈਂ ਤੁਹਾਨੂੰ ਦਸਦਾ ਹਾਂ ਜੋ ਬਹੁਤ ਪਹਿਲਾਂ ਮੇਰੇ ਨਾਲ ਹੋਇਆ।

ਈਸਾਈ ਮਤ ਦੀ ਮੇਰੀ ਸਿਖਿਆ ਬਹੁਤ ਪਹਿਲਾਂ ਸਾਧੂ ਸਿੰਘ ਜੀ ਕੋਲੋਂ ਮੈਨੂੰ ਮਿਲੀ, ਉਹ ਇਕ ਮੁਸਲਮਾਨ ਈਸਾਈ ਸੀ, ਉਨ੍ਹਾਂ ਨੇ ਹੀ ਮੈਨੂੰ ਦੱਸਿਆ ਸੀ ਕਿ ਬਾਈਬਲ ਵਿਚ Sermon on the Mount ਵਿਚ ਦਿਤੇ ਗਏ ਪ੍ਰਵਚਨਾਂ ਨੂੰ ਧਿਆਨ ਨਾਲ ਪੜ੍ਹੋ ਸਮਝੋ, ਉਨ੍ਹਾਂ ਨੇ ਹੀ ਮੈਨੂੰ Book of Revelation ਪੜ੍ਹਨ ਲਈ ਕਿਹਾ ਸੀ ਕਿ ਆਮ ਆਦਮੀ ਤਾਂ ਇਹ ਪੜ੍ਹ ਕੇ ਥੋੜ੍ਹੀ ਸ਼ਾਂਤੀ ਮਹਿਸੂਸ ਕਰਦਾ ਹੈ। ਪਰ ਜਿਹੜਾ ਸੱਜਣ ਮੈਡੀਟੇਸ਼ਨ ਕਰਦਾ ਹੈ ਉਸ ਦੇ ਸਾਮ੍ਹਣੇ ਇਹ ਸਭ ਕੁਝ ਮੈਡੀਟੇਸ਼ਨ ਵਿਚ ਆ ਜਾਂਦਾ ਹੈ।

ਜਦੋਂ ਕੁ ਮੈਂ ਇਸ ਸੱਜਣ ਨੂੰ ਮਿਲਿਆ ਸੀ ਮੈਂ ਭਾਰਤ ਦੀ ਆਜ਼ਾਦੀ ਲਈ ਬੜਾ ਹੀ ਬਿਹਬਲ ਸੀ ਮੈਂ ਨਹਿਰੂ ਦੇ ਬਰਖਲਾਫ ਬੋਲਦਾ ਸੀ, ਉਨ੍ਹਾਂ ਦੀ ਪਾਰਟੀ ਦੇ ਬਰਖਿਲਾਫ ਬੋਲਦਾ ਸੀ ਇਨ੍ਹਾਂ ਸਾਰਿਆਂ ਨੂੰ ਮੈਂ ਝੂਠੇ ਰਾਜਨੀਤਿਕ ਕਹਿੰਦਾ ਸੀ, ਮੈਂ ਲੋਕਾਂ ਨੂੰ ਕਹਿੰਦਾ ਸੀ ਕਿ ਵੋਟ ਇਨ੍ਹਾਂ ਨੂੰ ਦੇਣ ਦੀ ਥਾਂ ਖੂਹ ਵਿਚ ਸੁੱਟ ਦਿਓ, ਛੇਤੀ ਹੀ ਮੇਰੇ ਵਾਰੰਟ ਆ ਗਏ ਤੇ ਮੈਨੂੰ ਜੇਲ੍ਹ ਵਿਚ ਪਾ ਦਿਤਾ ਗਿਆ।

ਜਦੋਂ ਮੈਂ ਜੇਲ੍ਹ ਵਿਚ ਬੈਠਾ ਸੀ ਮੈਂ ਹੈਰਾਨ ਹੋ ਰਿਹਾ ਸੀ ਕਿ ਮੈਨੂੰ ਜੇਲ੍ਹ ਵਿਚ ਕਿਉਂ ਪਾ ਦਿਤਾ ਗਿਆ ਹੈ ਮੈਂ ਤਾਂ ਸੱਚ ਹੀ ਬੋਲਿਆ ਹੈ। ਮੈਂ ਕਿਹਾ ਸੱਚ ਹੀ ਮੈਨੂੰ ਜੇਲ੍ਹ ਤੋਂ ਛੁਟਕਾਰਾ ਦਿਵਾਏਗਾ। ਮੈਂ ਪ੍ਰਭੂ ਅੱਗੇ ਪ੍ਰਾਰਥਨਾ ਕੀਤੀ, ਹੇ ਪ੍ਰਮਾਤਮਾ! ਭਾਵੇਂ ਮੈਨੂੰ ਜੇਲ੍ਹ ਵਿਚ ਸੁੱਟਿਆ ਗਿਆ ਹੈ ਪਰ ਮੈਂ ਤੇਰੇ ਗੁਣ ਗਾਉਂਦਾ ਹੀ ਰਹਾਂਗਾ।

ਫੇਰ ਮੈਨੂੰ ਨੀਂਦ ਆ ਗਈ। ਇਕ ਦਮ ਮੈਨੂੰ ਕਿਸੇ ਦਾ ਹੱਥ ਆਪਣੇ ਮੋਢੇ ਉਤੇ ਮਹਿਸੂਸ ਹੋਇਆ, ਮੈਂ ਇਕ ਦਮ ਆਪਣੀਆਂ ਅੱਖਾਂ ਖੋਲ੍ਹੀਆਂ, ਮੈਂ ਕੀ ਦੇਖਦਾ ਹਾਂ ਮੇਰੇ ਸਾਮ੍ਹਣੇ ਯਸੂ ਮਸੀਹ ਖੜ੍ਹੇ ਹਨ। ਮੈਨੂੰ ਕਹਿਣ ਲੱਗੇ, ਬਿਲਕੁਲ ਨਿਰਭੈ ਹੋ ਜਾ, ਬਾਹਰ ਨਿਕਲ, ਬਾਹਰ ਪੁਲਿਸ ਕੋਲ ਜਾ, ਸਾਰੀ ਜਗ੍ਹਾ ਪੁਲਿਸ ਨੇ ਘੇਰੀ ਪਈ ਹੈ ਤੂੰ ਬਾਹਰ ਜਾ, ਜਾਹ ਜਾ ਕੇ ਮੇਰੀ ਸ਼ਕਤੀ ਦੇਖ, ਮੈਂ ਬਾਹਰ ਨਿਕਲਿਆ, ਬੂਹਾ ਖੋਲ੍ਹਿਆ ਤੇ ਬਾਹਰ ਚਲਾ ਗਿਆ। ਮੈਂ ਹੈਰਾਨ ਹੋ ਗਿਆ, ਮੈਂ ਪੁਲਿਸ ਦੇ ਵਿਚੋਂ ਲੰਘ ਰਿਹਾ ਹਾਂ, ਮੈਂ ਪੁਲਿਸ ਵਾਲਿਆਂ ਨਾਲ ਗੱਲਬਾਤ ਵੀ ਕਰ ਰਿਹਾ ਹਾਂ, ਮੈਂ ਤੁਰੀ ਜਾ ਰਿਹਾ ਹਾਂ ਮੈਨੂੰ ਕੋਈ ਦੇਖਦਾ ਹੀ ਨਹੀਂ।

ਅਗਲੇ ਦਿਨ ਉਥੇ ਦੇ ਸਥਾਈ ਪੁਲਿਸ ਵਾਲਿਆਂ ਨੂੰ ਸੁਨੇਹਾ ਆਇਆ, ਇਹ ਸੁਨੇਹਾ ਸਰਕਾਰ ਵਲੋਂ ਸੀ ਕਿ ਮੈਨੂੰ ਛੱਡ ਦਿਤਾ ਜਾਵੇ ਤੇ ਮੈਨੂੰ ਬਿਲਕੁਲ ਵੀ ਤੰਗ ਨਾ ਕੀਤਾ

ਜਾਵੇ। ਉਸ ਦਿਨ ਉਹ ਪੁਲਿਸ ਦਾ ਕਮਿਸ਼ਨਰ ਮੇਰਾ ਸ਼ਿਸ਼ ਬਣ ਗਿਆ, ਉਸ ਦੇ ਨਾਲ ਪੁਲਿਸ ਦੇ ਬਾਕੀ ਕਿੰਨੇ ਸਾਰੇ ਲੋਕੀ ਵੀ ਮੇਰੇ ਸ਼ਰਧਾਲੂ ਹੋ ਗਏ।

ਅਸੀਂ ਇਹ ਪ੍ਰਵਚਨ ਸੁਣ ਕੇ ਗਦ-ਗਦ ਹੋ ਗਏ। ਅਸੀਂ ਬਹੁਤ ਸਾਰੇ ਪ੍ਰਸ਼ਨ ਵੀ ਪੁੱਛੇ, ਸਵਾਮੀ ਜੀ ਦੇ ਅਨੁਭਵ ਬਾਰੇ ਵੀ ਪੁਛਿਆ। ਸਿਆਸਤ ਬਾਰੇ ਪੁਛਿਆ, ਜੋ ਕੁਝ ਉਨ੍ਹਾਂ ਨੇ ਦੇਖਿਆ ਸੀ ਉਸ ਬਾਰੇ ਪੁਛਿਆ, ਜੋ ਕੁਝ ਉਨ੍ਹਾਂ ਨੇ ਦੇਖਿਆ ਸੀ, ਉਸ ਬਾਰੇ ਪੁਛਿਆ। ਅੰਤ ਵਿਚ ਮੈਂ ਸਵਾਮੀ ਜੀ ਨੂੰ ਇਕ ਗੱਲ ਪੁਛੀ। ਉਹ ਸੀ ਤੁਸੀਂ ਕੀ ਸੋਚਦੇ ਹੋ, ਸਤਿ ਪਰਾਪਤੀ ਦੇ ਰਾਹ ਤੇ ਸਭ ਤੋਂ ਵੱਡੀ ਔਕੜ ਕੀ ਹੈ?

ਸਵਾਮੀ ਜੀ ਕਹਿਣ ਲੱਗੇ, ਜਸਟਿਨ ਲੋਕੀ ਕਹਿੰਦੇ ਹਨ ਉਹ ਸਤਿ ਜਾਨਣਾ ਚਾਹੁੰਦੇ ਹਨ ਪਰ ਇਕ ਗੱਲ ਤਾਂ ਪੱਕੀ ਹੈ ਕਿ ਉਹ ਸਤਿ ਦੀ ਪਰਾਪਤੀ ਲਈ ਅਜੇ ਤਿਆਰ ਨਹੀਂ। ਜਿਸ ਤਰ੍ਹਾਂ ਦਾ ਜੀਵਨ ਲੋਕੀ ਜੀਉਂਦੇ ਹਨ, ਉਨ੍ਹਾਂ ਨੂੰ ਸਤਿ ਦੀ ਲੋੜ ਹੀ ਨਹੀਂ।

ਮੈਨੂੰ ਕੁਝ ਸਮਝ ਨਹੀਂ ਆ ਰਹੀ ਸੀ, ਮੈਂ ਕਿਹਾ, ਸਵਾਮੀ ਜੀ ਵਿਸਤਾਰ ਨਾਲ ਦੱਸੋ, ਮੈਨੂੰ ਸਮਝ ਨਹੀਂ ਆਈ।

ਲੋਕੀ ਲੜਦੇ ਹਨ, ਦੂਰ-ਦੂਰ ਰਹਿੰਦੇ ਹਨ, ਯੋਗੀ ਸੰਸਾਰਕ ਵਸਤੂਆਂ ਦੇਖਦੇ ਹਨ, ਯੋਗੀ ਮਾਇਆ ਤੋਂ ਨਠਦੇ ਨਹੀਂ, ਉਹ ਤਾਂ ਦੇਖਦੇ ਹਨ, ਉਹ ਦੇਖਦੇ ਸਭ ਕੁਝ ਨੇ ਪਰ ਇਨ੍ਹਾਂ ਨੂੰ ਸੱਚ ਨਹੀਂ ਮੰਨਦੇ। ਦੇਖਣ ਨੂੰ ਇਹ ਸਭ ਕੁਝ ਸੱਚ ਹੈ, ਇਨ੍ਹਾਂ ਤੋਂ ਮੁਕਰਿਆ ਨਹੀਂ ਜਾ ਸਕਦਾ ਪਰ ਇਹ ਸਭ ਕੁਝ ਨਾਸ਼ਵਰ ਹੈ, ਹਰ ਚੀਜ਼ ਹਰ ਵਸਤੂ ਨਾਸ਼ਵਰ ਹੈ, ਹਰ ਚੀਜ਼ ਦਾ ਅੰਤ ਹੈ, ਦੇਖਣ ਵਿਚ ਸਭ ਕੁਝ ਸਤਿ ਲਗਦਾ ਹੈ ਪਰ ਹੈ ਨਹੀਂ। ਇਹ ਸਭ ਕੁਝ ਤਾਂ ਸਤਿ ਤੋਂ ਬਹੁਤ ਦੂਰ ਹੈ, ਪਰ ਇਹ ਸਭ ਕੁਝ ਸਾਰੀਆਂ ਵਸਤਾਂ ਇਹ ਜ਼ਰੂਰ ਦਸਦੀਆਂ ਹਨ ਕਿ ਇਨ੍ਹਾਂ ਦਾ ਰਚਿਤਾ ਕੋਈ ਹੈ, ਕੋਈ ਇਨ੍ਹਾਂ ਨੂੰ ਬਨਾਉਣ ਵਾਲਾ ਹੈ, ਉਹ ਹੀ ਸਤਿ ਹੈ।

ਜੋ ਕੁਝ ਸਵਾਮੀ ਜੀ ਬਚਨ ਕਰ ਰਹੇ ਸੀ, ਮੈਨੂੰ ਸਮਝਣ ਵਿਚ ਸਮਾਂ ਲੱਗਾ। ਸਵਾਮੀ ਜੀ ਸਤਿ ਦੇ ਅੰਤਰ ਦੀ ਬਾਤ ਦੱਸ ਰਹੇ ਸੀ। ਸਤਿ ਵਾਸਤਵ ਵਿਚ ਕੀ ਹੈ ਤੇ ਸਤਿ ਲਗਦਾ ਕੀ ਹੈ? ਇਸ ਤਰ੍ਹਾਂ ਦਾ ਭੇਦ ਪੱਛਮ ਦੀ ਫਿਲੋਸਫੀ ਵਿਚ ਕਿਤੇ ਵੀ ਨਹੀਂ ਦੱਸਿਆ ਗਿਆ, ਨਾ ਹੀ ਕਿਸੇ ਧਰਮ ਸ਼ਾਸਤਰ ਵਿਚ ਦੱਸਿਆ ਗਿਆ ਹੈ। ਸਵਾਮੀ ਜੀ ਨੇ ਦੱਸਿਆ ਦਿਸਦਾ ਸਤਿ ਕੀ ਹੈ? ਉਹ ਤਾਂ ਹਰ ਘੜੀ ਬਦਲਦਾ ਹੈ, ਉਹ ਤਾਂ ਹਰ ਇਕ ਲਈ ਵਖਰਾ-ਵਖਰਾ ਹੈ, ਅੰਤਰ ਦਾ ਸਤਿ ਹੀ ਹੈ? ਵਾਸਤਵ ਸਤਿ ਕੀ ਹੈ? ਜੋ ਅਟੱਲ ਹੈ, ਅਜਰ ਹੈ, ਅਮਰ ਹੈ, ਇਹ ਅਟੱਲ ਸਤਿ ਹੀ ਸੰਸਾਰ ਦਾ ਆਧਾਰ ਹੈ। ਵਿਅਕਤੀਗਤ ਸਤਿ ਹੀ ਇਕ ਤਰਕਪੂਰਨ ਮਨ ਦਾ ਸੁਭਾਅ ਹੈ। ਜੇ ਸਤਿ ਅੰਦਰ ਸਤਿ ਦਿਸ ਵੀ ਪਵੇ, ਬੜਾ ਔਖਾ ਹੈ, ਉਸ ਨੂੰ ਸਮਝਣਾ। ਭੌਤਿਕ ਵਿਗਿਆਨ ਵੀ ਪੱਛਮੀ ਫਿਲੌਸਫੀ ਵੀ ਇਸ ਗੱਲ ਨੂੰ ਸਵੀਕਾਰ ਕਰਦੀ ਹੈ, ਕੁਦਰਤ ਬਦਲਦੀ ਹੈ ਉਸ ਦਾ ਸੁਭਾਅ ਹੈ, ਸਭਿਆਚਾਰ ਬਦਲਦਾ ਹੈ, ਇਹ ਉਸ ਦਾ ਸੁਭਾਅ ਹੈ। ਇਹ ਤਾਂ ਦਸਿਆ ਗਿਆ ਹੈ ਪਰ ਸਤਿ ਕੀ ਹੈ? ਸਤਿ ਦੀ ਪ੍ਰਾਪਤੀ ਕਿਵੇਂ ਹੁੰਦੀ ਹੈ, ਕਿਵੇਂ ਉਸ ਤਕ ਪਹੁੰਚੀਦਾ ਹੈ, ਇਹ ਕਿਤੇ ਵੀ ਨਹੀਂ ਦੱਸਿਆ ਗਿਆ।

ਮੈਂ ਇਹ ਸੁਣ ਕੇ ਬੜਾ ਹੌਂਸਲਾ ਹੋਇਆ ਇਸ ਨੁਕਤੇ ਤੋਂ ਸੰਸਾਰ ਨੂੰ ਦੇਖਣਾ ਕੁਝ ਹੋਰ ਹੀ ਗੱਲ ਸੀ, ਸਵਾਮੀ ਜੀ ਦੇ ਇਨ੍ਹਾਂ ਪ੍ਰਵਚਨਾਂ ਨਾਲ ਸਾਰੀਆਂ ਵਸਤਾਂ ਆਪਣੇ-ਆਪਣੇ ਥਾਂ ਦਿਸਣ ਲਗ ਪਈਆਂ। ਸਭ ਚੀਜ਼ਾਂ ਦੀ ਜਿਵੇਂ ਸਮਝ ਆ ਗਈ ਹੋਵੇ, ਕੀ ਕਿਸ ਤਰ੍ਹਾਂ ਹੈ, ਕਿਸ ਨੂੰ ਕਿੰਨਾ ਚਾਹੀਦਾ ਹੈ। ਮੈਂ ਇਸ ਅੰਤਰ ਬਾਰੇ ਬਹੁਤ ਦੇਰ ਤਕ ਸੋਚਦਾ ਰਿਹਾ। ਮੈਂ ਸੋਚਦਾ ਰਿਹਾ ਕਿ ਇਹ ਕਿਵੇਂ ਸਾਡੇ ਜੀਵਨ ਤੇ ਘਟਦਾ ਹੈ, ਕਿਵੇਂ ਇਹ ਸਾਡੀਆਂ ਸਮਸਿਆਵਾਂ ਤੇ ਲਾਗੂ ਹੁੰਦਾ ਹੈ, ਮੈਂ ਇਹ ਮਹਿਸੂਸ ਕੀਤਾ। ਬਦਲਣਾ ਹੀ ਸੰਸਾਰ ਦਾ ਸੁਭਾਅ ਹੈ, ਸੰਸਾਰ ਦਾ ਅਧਾਰ ਹੀ ਬਦਲਣਾ ਹੈ। ਮੈਨੂੰ ਹੁਣ ਸਮਝ ਆ ਗਈ ਕਿ ਕਈ ਫਿਲੋਸਫਰਾਂ ਨੇ ਆਤਮ ਹੱਤਿਆ ਕਿਉਂ ਕੀਤੀ। ਜਦੋਂ ਅਨੁਭਵ ਅਤੀਤ-ਤੱਤਵ ਦਾ ਹੀ ਕੋਈ ਪਤਾ ਨਹੀਂ, ਫੇਰ ਜੀਵਨ ਦਾ ਅਰਥ ਹੀ ਕੀ ਰਹਿ ਜਾਂਦਾ ਹੈ?

ਸਵਾਮੀ ਜੀ ਨੇ ਮੇਰੇ ਵਲ ਦੇਖਿਆ, ਫੇਰ ਦੂਸਰੇ ਪਾਸੇ ਦੇਖਿਆ ਤੇ ਕਹਿਣ ਲੱਗੇ, ਰਿਸ਼ੀਆਂ-ਮੁਨੀਆਂ ਨੇ ਵੀ ਇਨ੍ਹਾਂ ਹੀ ਔਕੜਾਂ ਦਾ ਸਾਮ੍ਹਣਾ ਕੀਤਾ ਹੈ ਜਿਹੜੀਆਂ ਤੂੰ ਕਰ ਰਿਹਾ ਹੈਂ, ਉਹ ਸਾਡੇ ਲਈ ਆਪਣੇ ਚਰਨ ਚਿੰਨ ਛੱਡ ਗਏ ਹਨ ਜਿਨ੍ਹਾਂ ਤੇ ਚੱਲ ਕੇ ਅਸੀਂ ਤਰੱਕੀ ਕਰ ਸਕਦੇ ਹਾਂ। ਅਧਿਆਤਮਕ ਪੌੜੀਆਂ ਚੜ੍ਹ ਸਕਦੇ ਹਾਂ। ਅੰਤ ਵਿਚ ਤੂੰ ਸਮਝ ਜਾਏਂਗਾ ਕਿ ਔਕੜ ਕੋਈ ਹੈ ਹੀ ਨਹੀਂ। ਜਿਹੜੀ ਵੀ ਔਕੜ ਆਉਂਦੀ ਹੈ ਉਹ ਕਸਵੱਟੀ ਹੈ, ਕਸਵੱਟੀ ਤੇ ਲਗਣਾ ਹੀ ਆਤਮ ਮਾਰਗ ਤੇ ਤਰੱਕੀ ਹੈ, ਪਰ ਤੂੰ ਅਜੇ ਇਹ ਗੱਲ ਨਹੀਂ ਸਮਝਦਾ। ਚਾਹੇ ਉਹ ਦੁਖ ਹੈ, ਚਾਹੇ ਕੋਈ ਅਸ਼ਾਂਤੀ ਹੈ, ਚਾਹੇ ਕੋਈ ਦਰਦ ਹੈ ਇਹ ਸਭ ਕਸਵੱਟੀ ਦੇ ਵੱਖ-ਵੱਖ ਰੂਪ ਹਨ। ਔਕੜਾਂ ਦੇ ਰੂਪ ਹਨ, ਫੇਰ ਵੀ ਤੁਸੀਂ ਆਪਾ ਚੀਨ ਸਕਦੇ ਹੋ। ਵਾਸਤਵ ਵਿਚ ਆਪਾ ਚੀਨਣ ਦੀ ਹੀ ਲੋੜ ਹੈ। ਕਦੀ ਇਸ ਗੱਲ ਨੂੰ ਦੇਖੋ ਕਿ ਤੁਹਾਡੀ ਨਖੇਧੀ ਦੀ ਮਨੋ-ਵਿਰਤੀ ਵਿਵਹਾਰ, ਕਿੰਨਾ ਗੁੱਸਾ ਪੈਦਾ ਕਰਦਾ ਹੈ ਤੁਹਾਡੇ ਅੰਦਰ ਵੀ ਤੇ ਵਾਤਾਵਰਣ ਵਿਚ ਵੀ।

ਅਧਿਆਤਮਕ ਅਭਿਆਸ ਨਾਲ ਤੁਸੀਂ ਆਪਣੀ ਮਨੋ-ਬਿਰਤੀ ਬਦਲ ਸਕਦੇ ਹੋ। ਜਿੰਨੀ ਸਾਧਨਾ ਵਧ ਕਰੋਗੇ ਓਨੀ ਹੀ ਮਨੋਬਿਰਤੀ ਬਦਲੇਗੀ। ਮੈਡੀਟੇਸ਼ਨ ਤੇ ਬੈਠਣ ਤੋਂ ਪਹਿਲਾਂ ਆਪਣੇ ਅੰਦਰ ਗੱਲਬਾਤ ਕਰੋ। ਵਾਰਤਾਲਾਪ ਕਰੋ, ਉਨ੍ਹਾਂ ਸਾਰੀਆਂ ਸਮੱਸਿਆਵਾਂ ਬਾਰੇ ਗੱਲਬਾਤ ਕਰੋ ਜਿਹੜੀਆਂ ਤੁਹਾਨੂੰ ਦੁਖੀ ਕਰਦੀਆਂ ਹਨ। ਤੁਹਾਡਾ ਮਨ ਉਹ ਹੀ ਦੇਵੇਗਾ ਜੋ ਸਾਰਾ ਦਿਨ ਤੁਸੀਂ ਉਸ ਨੂੰ ਦਿਓਗੇ। ਇਹ ਹੀ ਕਰਮ ਹਨ ਤੁਸੀਂ ਮਨ ਨੂੰ ਚਾਰਾ ਪਾਓ। ਮਨ ਤੁਹਾਨੂੰ ਚਾਰੇ ਪਾਏਗਾ। ਮਨ ਤਾਂ ਨਾਮ ਤੇ ਆਕਾਰ ਦੇ ਸਕਦਾ ਹੈ। ਬਹੁਤ ਸਾਰੇ ਲੋਕ ਮਨ ਤੋਂ ਬਹੁਤ ਆਸ ਰਖਦੇ ਹਨ, ਮਨ ਉਨ੍ਹਾਂ ਨੂੰ ਕੁਝ ਦੇ ਨਹੀਂ ਸਕਦਾ। ਮਨ ਦੀਆਂ ਇੰਦ੍ਰੀਆਂ ਦੀਆਂ ਕਰਨੀਆਂ ਜੋ ਤੁਸੀਂ ਕਰਦੇ ਹੋ, ਇਨ੍ਹਾਂ ਚੀਜ਼ਾਂ ਦੀਆਂ ਸੀਮਾਵਾਂ ਨੂੰ ਸਮਝੋ। ਇਨ੍ਹਾਂ ਨੂੰ ਸਮਝਣਾ ਬਹੁਤ ਅਵਸ਼ਕ ਹੋਵੇਗਾ ਪਰ ਇਸ ਤੋਂ ਵੀ ਵਧੇਰੇ ਜ਼ਰੂਰੀ ਹੈ ਇਹ ਸਮਝਣਾ ਕਿ ਇਨ੍ਹਾਂ ਦੇ ਪਿਛੇ ਸ਼ਕਤੀ ਕਿਹੜੀ ਹੈ?

ਯੋਗ ਸਾਧਨਾ ਨਾਲ ਤੁਸੀਂ ਮਨ ਦੇ ਸਾਰੇ ਉਤਾਰ ਚੜ੍ਹਾਅ ਤੇ ਕਾਬੂ ਪਾ ਸਕਦੇ ਹੋ। ਆਪਣੀ ਵ੍ਰਿਤੀਆਂ ਤੇ ਕਾਬੂ ਪਾ ਸਕਦੇ ਹੋ। ਜਦੋਂ ਪਹਿਲੇ ਯੋਗ ਸੂਤਰ ਵਿਚ ਕਿਹਾ ਜਾਂਦਾ ਹੈ 'ਹੁਣ' ਇਸੇ ਸਮੇਂ ਤੁਸੀਂ ਇਹ ਸੋਚੋ ਕਿ ਤੁਸੀਂ ਹੁਣੇ ਹੀ ਪੈਦਾ ਹੋਏ ਹੋ। ਹੁਣੇ ਹੀ ਤੁਹਾਡਾ ਜਨਮ ਹੋਇਆ ਹੈ, ਹੁਣ ਹੀ ਇਹ ਸਮਾਂ ਹੀ ਪ੍ਰਮਾਤਮਾ ਦਾ ਹਿੱਸਾ ਹੈ, ਜਦੋਂ ਤੁਸੀਂ ਵਰਤਮਾਨ ਵਿਚ ਹੁਣ ਵਿਚ ਇਸੇ ਸਮੇਂ ਵਿਚ ਜੀਣਾ ਸਿੱਖ ਲਵੋਗੇ, ਤੁਹਾਨੂੰ ਭੂਤ ਭਵਿੱਖ ਦਾ ਪਤਾ ਲਗ ਜਾਵੇਗਾ। ਨਹੀਂ ਤਾਂ ਤੁਸੀਂ ਸੰਸਾਰ ਦੀਆਂ ਘਟਨਾਵਾਂ ਨੂੰ, ਚੀਜ਼ਾਂ ਨੂੰ ਕਦੀ ਚੰਗੀ ਤਰ੍ਹਾਂ ਸਮਝ ਹੀ ਨਹੀਂ ਸਕੋਗੇ।

ਇਕ ਵਾਰੀ ਫੇਰ ਇਸ ਗੱਲ ਨੂੰ ਵਿਚਾਰੀਏ ਕਿ ਸਾਧਨ ਤੇ ਮਨੋਵਿਰਤੀਆਂ ਦਾ ਕੀ ਸਬੰਧ ਹੈ। ਮੈਂ ਇਸ ਗੱਲ ਦੀ ਪੜਚੋਲ ਕਰਦਾ ਰਿਹਾ ਕਿ ਵਿਗਿਆਨਕ ਸੋਚਵਾਨ ਕਿਵੇਂ ਇਕ ਪੱਧਰ ਤੇ ਹੀ ਟਿਕੇ ਰਹਿੰਦੇ ਹਨ, ਉਹ ਆਪਣਾ ਇਕ ਵਿਸ਼ੇਸ਼ ਤਰੀਕਾ ਬਣਾ ਲੈਂਦੇ ਹਨ, ਉਨ੍ਹਾਂ ਦਾ ਇਕ ਖਾਸ ਵਿਸ਼ਾ ਹੁੰਦਾ ਹੈ, ਉਸ ਵਿਚ ਉਹ ਸੰਪੂਰਨਤਾ ਪ੍ਰਾਪਤ ਕਰ ਲੈਂਦੇ ਹਨ, ਬਾਕੀ ਸਮੇਂ ਨਾਲ ਅਭਿਆਸ ਉਨ੍ਹਾਂ ਨੂੰ ਹੋਰ ਪਰਪੱਕ ਕਰ ਦਿੰਦਾ ਹੈ, ਉਹ ਬੁੱਧੀ ਪੱਧਰ ਤੇ ਬੜੇ ਹੀ ਸੂਝਵਾਨ ਕਲਾਆਤਮਕ ਹੋ ਜਾਂਦੇ ਹਨ। ਵਿਗਿਆਨ ਵਿਚ ਨਿਪੁੰਨ ਹੋ ਜਾਂਦੇ ਹਨ ਪਰ ਉਨ੍ਹਾਂ ਦੇ ਬਾਕੀ ਦੇ ਜੀਵਨ ਦਾ ਕੀ ਬਣੇਗਾ? ਬਹੁਤ ਸਾਰੇ ਸੱਜਣਾਂ ਦੀ ਫਿਲੌਸਫੀ ਦਾ ਗਿਆਨ ਨਾਲ ਕੋਈ ਸਬੰਧ ਨਹੀਂ ਰਿਹਾ, ਫਿਲੌਸਫੀ ਵੀ ਇਕ ਇਸ ਤਰ੍ਹਾਂ ਦਾ ਅਧਿਐਨ ਹੀ ਬਣ ਗਿਆ ਹੈ ਜਿਵੇਂ ਇਤਿਹਾਸ ਤੇ ਹੋਰ ਵਿਸ਼ੇ। ਵਿਦਿਆਰਥੀਆਂ ਨੂੰ ਇਹ ਹੀ ਸੰਸਕਰਣ ਇਹ ਹੀ ਪ੍ਰਭਾਵ ਮਿਲਦਾ ਹੈ ਕਿ ਫਿਲੌਸਫੀ ਵਿਗਿਆਨ ਤੋਂ ਵੱਖ ਹੈ, ਇਹ ਇਕ ਉਹ ਵਿਸ਼ਾ ਹੈ ਜਿਸ ਵਿਚ ਵੱਖ-ਵੱਖ ਵਿਚਾਰ ਇਕੱਠੇ ਕੀਤੇ ਗਏ ਹਨ। ਵੱਖ-ਵੱਖ ਫਿਲੌਸਫੀ ਦੇ ਇਹ ਵਿਚਾਰ ਵੱਖ-ਵੱਖ ਪਰਪਾਟੀਆਂ ਦੇ ਹਨ। ਇਹ ਤਾਂ ਇਕ ਬੁੱਧੀਜੀਵੀਆਂ ਦਾ ਖਿਲਵਾੜ ਹੈ, ਅਧਿਆਤਮਵਾਦ ਵਿਚ ਵੀ ਇਹੋ ਹੀ ਕਿਹਾ ਜਾਂਦਾ ਹੈ। ਇਹ ਇਕ ਉਹ ਵਿਚਾਰ ਹੈ ਜਿਸ ਨਾਲ ਲੋਕ ਖਿਚੇ ਜਾਂਦੇ ਹਨ।

ਸਵਾਮੀ ਜੀ ਕਹਿਣ ਲੱਗੇ ਕਲਪਨਾ ਨਾਲ ਫਿਲੌਸਫੀ ਕਰਕੇ ਪੜ੍ਹ ਕੇ ਤਾਂ ਜੀਵਨ ਵਿਚ ਕਿਤੇ ਨਹੀਂ ਪਹੁੰਚਿਆ ਜਾ ਸਕਦਾ। ਤੁਹਾਡਾ ਆਪਾ ਜੀਵਨ ਹੀ ਵਾਸਤਵ ਵਿਚ ਇਕ ਵਿਸ਼ਾ ਹੈ।

ਸਵਾਮੀ ਜੀ ਕਹਿਣ ਲੱਗੇ, ਯੋਗਾ ਦਾ ਵਿਸ਼ਾ ਤਾਂ ਸਾਰਾ ਜੀਵਨ ਹੀ ਹੈ। ਪੱਛਮ ਵਿਚ ਵਿਸ਼ਿਆਂ ਨੂੰ, ਚੀਜ਼ਾਂ ਨੂੰ ਵੰਡਿਆ ਜਾਂਦਾ ਹੈ, ਉਨ੍ਹਾਂ ਦੇ ਟੁਕੜੇ ਕੀਤੇ ਜਾਂਦੇ ਹਨ, ਜਿੰਨੇ ਛੋਟੇ ਤੋਂ ਛੋਟੇ ਹਿੱਸੇ ਵਿਚ ਵੰਡਿਆਂ ਜਾ ਸਕਦਾ ਹੈ ਓਨੇ ਛੋਟੇ ਟੁਕੜੇ ਕੀਤੇ ਜਾਂਦੇ ਹਨ ਤਾਂਜੋ ਤੱਤ ਨੂੰ ਸਮਝਿਆ ਜਾ ਸਕੇ, ਜੜ੍ਹ ਤਕ ਪਹੁੰਚਿਆ ਜਾ ਸਕੇ। ਤਰਤੀਬ ਵਾਰ ਸਮਝਿਆ ਜਾਏ ਤੇ ਥੋੜ੍ਹਾ-ਥੋੜ੍ਹਾ ਕਰਕੇ ਸਮਝਾਇਆ ਜਾਵੇ, ਪੂਰੀ ਚੀਜ਼ ਨੂੰ ਦੇਖਣਾ, ਪੂਰਾ ਸੋਚਣਾ, ਪੂਰੇ ਬਾਰੇ ਸੋਚਣਾ ਵਿਸ਼ਲੇਸ਼ਨ ਦੇ ਵਿਰੁੱਧ ਹੈ। ਦੇਖਿਆ ਜਾਏ ਤਾਂ ਸੰਗਠਤ ਪੂਰਨ ਫਿਲੋਸਫੀ ਤਾਂ ਸੰਪੂਰਨਤਾ ਤੇ ਪੂਰਨਤਾ ਦੇ ਬਹੁਤ ਨੇੜੇ ਹੈ, ਵਿਗਿਆਨ ਦੀ ਸੋਚ ਤਾਂ ਟੁਕੜਿਆਂ ਵਿਚ ਹੈ, ਹਿੱਸਿਆਂ ਵਿਚ ਹੈ, ਤਰੀਕੇ ਵਿਚ ਵੰਡੀ ਹੋਈ ਹੈ।

ਸਵਾਮੀ ਜੀ ਹੋਰ ਪ੍ਰੋੜਤਾ ਨਾਲ ਕਹਿਣ ਲੱਗੇ, ਸਾਂਖਿਯਾ ਫਿਲੋਸਫੀ ਯੋਗ ਦਾ ਅਧਾਰ ਹੈ। ਉਹ ਇਸ ਗੱਲ ਤੇ ਜ਼ੋਰ ਦਿੰਦੇ ਹਨ ਕਿ ਵਿਵੇਕ ਹੀ ਜੀਵਨ ਹੈ, ਵਿਵੇਕ ਹੀ ਜੀਵਨ ਸਾਥੀ ਹੈ ਯੋਗ ਨਾਲ ਵਿਵੇਕ ਦੀ ਵ੍ਰਿਧੀ ਹੁੰਦੀ ਹੈ।

ਸਵਾਮੀ ਜੀ ਕਹਿਣ ਲੱਗੇ, ਜੀਵਨ ਸ਼ਕਤੀ ਨੂੰ ਮਾਨਸਿਕ ਇਕਾਗਰਤਾ ਵਿਚ ਜੋੜਨਾ, ਕਲਪਨਾ ਨਾਲ ਜੋੜਨਾ, ਸੁਆਸਾਂ ਤੇ ਕਾਬੂ ਪਾਉਣਾ ਸਰੀਰ ਨੂੰ ਇਕ ਖਾਸ ਤਰੀਕੇ ਨਾਲ ਬੈਠਣ ਵਿਚ ਸਿੱਧ ਕਰਨਾ ਸਰੀਰ ਦੀ ਵ੍ਰਿਧੀ ਕਰਦਾ ਹੈ ਤੇ ਚੇਤਨਤਾ ਵਧਾਉਂਦਾ ਹੈ। ਵਿਵੇਕ ਜਾਗਰਣ ਹੁੰਦਾ ਹੈ, ਬਿਲਕੁਲ ਇਹ ਗੱਲ ਹੀ ਸਾਂਖਿਯਾਨ ਫਿਲੌਸਫੀ ਵਿਚ ਦਿਤੀ ਗਈ ਹੈ। ਜੀਵਨ ਵਿਚ ਵਿਵੇਕ ਲਿਆਉਣਾ ਚੰਗਾ ਮੰਦਾ ਦੇਖ ਸਕਣਾ। ਇਹ ਹੀ ਯੋਗ ਸਿਖਾਉਂਦਾ ਹੈ, ਨਕਲੀ ਅਸਲੀ ਵਿਚ ਪਛਾਣ ਕਰਨੀ, ਸੱਚ ਤੇ ਝੂਠ ਵਿਚ ਫਰਕ ਦਸਣਾ, ਧਿਆਨ ਤੇ ਨਿਸੁਆਰਥ ਵਿਚ ਭੇਦ

ਦਸਣਾ। ਸਰੀਰ ਤੇ ਮਨ ਦਾ ਭੇਦ ਕੀ ਹੈ, ਕਿਸੇ ਚੀਜ਼ ਨੂੰ ਦਬਾਣਾ ਤੇ ਨਿਅੰਤਰਣ ਵਿਚ ਰੱਖਣ ਦਾ ਕੀ ਭੇਦ ਹੈ, ਢਿੱਲੇ ਛੱਡਣ ਵਿਚ ਤੇ ਅਕੜਾ ਕੇ ਰੱਖਣ ਵਿਚ, ਖਿਚਾਅ ਵਿਚ ਕੀ ਅੰਤਰ ਹੈ, ਇਹ ਹੀ ਯੋਗ ਸਿਖਿਆ ਹੈ।

ਜਦੋਂ ਤੁਸੀਂ ਅੰਤਰ ਦੱਸਣ ਲਗ ਪੈਂਦੇ ਹੋ, ਤੁਹਾਡਾ ਵਿਵੇਕ ਜਾਗਰਣ ਹੋ ਜਾਂਦਾ ਹੈ, ਫੇਰ ਮਨ ਵਿਚ ਇਕ ਤਰ੍ਹਾਂ ਦਾ ਨਿਅੰਤਰਣ ਵਿਚ ਆ ਜਾਂਦਾ ਹੈ। ਇਹ ਕਹੋ ਕਿ ਸੰਤੁਲਨ (ਬੈਲੇਂਸ) ਆ ਜਾਂਦਾ ਹੈ, ਤੁਸੀਂ ਜੀਵਨ ਜੀਣ ਲਈ ਜੀਵਨ ਤੇ ਹਾਵੀ ਨਹੀਂ ਹੋ ਜਾਂਦੇ, ਤੁਸੀਂ ਵਾਸਤਵਿਕਤਾ ਦੇਖਦੇ ਹੋ, ਜਦੋਂ ਤੁਸੀਂ ਵਿਵੇਕ ਬੁੱਧੀ ਨਾਲ ਜੀਵਨ ਦੇਖਦੇ ਹੋ, ਤੁਸੀਂ ਸੰਸਾਰ ਨੂੰ ਉਸ ਤਰ੍ਹਾਂ ਹੀ ਦੇਖਦੇ ਹੋ ਜਿਸ ਤਰ੍ਹਾਂ ਸੰਸਾਰ ਹੈ, ਤੁਸੀਂ ਸੰਸਾਰ ਤੋਂ ਕੋਈ ਬਹੁਤੀ ਆਸ਼ਾ ਨਹੀਂ ਰਖਦੇ, ਜੋ ਮਿਲਦਾ ਹੈ ਜੋ ਦਿਖਦਾ ਹੈ, ਉਸ ਦਾ ਅਨੰਦ ਮਾਣਦੇ ਹੋ।

ਸਵਾਮੀ ਜੀ ਅੱਗੇ ਹੋਏ ਹੱਥ ਦੀ ਉਂਗਲੀ ਚੁੱਕ ਕੇ ਕਹਿਣ ਲੱਗੇ, ਕਦੀ ਵੀ ਆਪਣੇ ਆਪ ਨੂੰ ਸੰਸਾਰਕ ਚੀਜ਼ਾਂ ਨਾਲ ਨਾ ਜੋੜੋ, ਦੂਰ ਰਹੋ, ਚੀਜ਼ਾਂ ਤੋਂ ਦੂਰ ਰਹੋ, ਸੰਸਾਰ ਤੋਂ ਨਹੀਂ।

ਅਸੀਂ ਥੋੜ੍ਹੀ ਦੇਰ ਲਈ ਚੁੱਪ ਕਰ ਗਏ, ਹਵਾ ਐਨੀ ਜ਼ੋਰ ਦੀ ਚੱਲ ਰਹੀ ਸੀ, ਅਸੀਂ ਹਵਾ ਦੀ ਆਵਾਜ਼ ਸੁਣਨ ਲਗ ਪਏ, ਮੈਨੂੰ ਲੱਗਾ ਜਿਵੇਂ ਬੂਹੇ ਦੇ ਬਾਹਰ ਬਘਿਆੜ ਬੋਲ ਰਿਹਾ ਹੋਵੇ ਪਰ ਮੈਂ ਕਿਹਾ ਕੁਛ ਨਹੀਂ, ਮੈਨੂੰ ਡਰ ਵੀ ਨਹੀਂ ਲੱਗਾ।

'ਸ਼ਾਂਤੀ ਤੇ ਦਰਦ ਦੁਖ' ਸਵਾਮੀ ਜੀ ਕਹਿਣ ਲੱਗੇ ਕਦੀ ਵੀ ਇਕੱਠੇ ਨਹੀਂ ਹੁੰਦੇ, ਸ਼ਾਂਤੀ ਉਦੋਂ ਹੀ ਹੁੰਦੀ ਹੈ ਜਦੋਂ ਮਨ ਸ਼ਾਂਤ ਹੁੰਦਾ ਹੈ, ਪਹਿਲਾ ਹੁਲਾਸ ਉਠਦਾ ਹੈ, ਖੁਸ਼ੀ ਹੁੰਦੀ ਹੈ ਪੇਰ ਸਮਰਿਧੀ ਹੁੰਦੀ ਹੈ, ਅਨੰਦ ਹੁੰਦਾ ਹੈ, ਦੁਖ ਤੋਂ ਦੌੜ ਕੇ ਖੁਸ਼ੀ ਨਹੀਂ ਮਿਲਦੀ, ਦੁਖ ਤੋਂ ਛੁਟਕਾਰਾ ਉਸ ਨੂੰ ਭੋਗ ਕੇ ਹੀ ਮਿਲਦਾ ਹੈ। ਉਸ ਨੂੰ ਸਮਝ ਕੇ ਕਿਉਂ ਹੈ ਤਾਂ ਹੀ ਸੁਖ ਮਿਲਦਾ ਹੈ। ਸ਼ਾਂਖਿਯਾਨ ਫਿਲੋਸਫੀ ਪਰਮਾਤਮਾ ਦੀ ਖੋਜ ਨਹੀਂ ਕਰਦੀ ਉਹ ਤਾਂ ਪਹਿਲਾਂ ਦੁਖ ਭੋਗਣਾ ਸਿਖਾਉਂਦੇ ਹਨ। ਇਹ ਫਿਲੌਸਫੀ ਪਹਿਲਾਂ ਤੁਹਾਨੂੰ ਦਰਦ ਦੇ ਤਿੰਨ ਪਹਿਲੂ ਤਿੰਨ ਪੱਧਰ ਦਸਦੀ ਹੈ ਫੇਰ ਉਨ੍ਹਾਂ ਤੋਂ ਛੁਟਕਾਰਾ ਪਾਣਾ ਦਸਦੀ ਹੈ, ਇਕ ਗੱਲ ਯਾਦ ਰੱਖੋ ਬੁੱਧ ਨੇ ਰਾਜ ਯੋਗ ਤੋਂ ਸ਼ੁਰੂ ਕੀਤਾ ਸੀ।

ਮੈਨੂੰ ਲਗਦਾ ਸੀ ਕਿ ਯਸੂ ਮਸੀਹ ਨੇ ਕਦੀ ਵੀ ਦੁਖ ਦਾ ਸਿਧਾਂਤ ਨਹੀਂ ਦਿਤਾ, ਯਸੂ ਮਸੀਹ ਨੇ ਤਾਂ ਕੇਵਲ ਦੁਖ ਤੋਂ ਹੀ ਛੁਟਕਾਰਾ ਪਾਇਆ ਹੈ। ਮੈਂ ਸੋਚਦਾ ਸੀ ਕੀ ਯਸੂ ਮਸੀਹ ਨੇ ਵੀ ਬੁੱਧ ਦੀ ਤਰ੍ਹਾਂ ਸਾਂਖਿਯਾਨ-ਸ਼ਾਸਤਰ ਪੜ੍ਹੀ ਹੈ।

ਚੰਗੇ ਤੇ ਮੰਦੇ ਨੂੰ ਦੇਖੋ, ਬੁਰੇ ਤੇ ਭਲੇ ਨੂੰ ਜਾਣੋ, ਅੰਦਰ ਦੇਖੋ, ਸਵਾਮੀ ਜੀ ਕਹਿਣ ਲੱਗੇ, ਦੋਨਾਂ ਤੋਂ ਹੀ ਦੁਖ ਸੁਖ ਮਿਲਦਾ ਹੈ। ਮੈਂ ਚੀਜ਼ਾਂ ਦੀ ਗੱਲ ਨਹੀਂ ਕਰ ਰਿਹਾ, ਮੈਂ ਤਾਂ ਸਮਝਣ ਦੀ ਕਮੀ ਦੀ ਗੱਲ ਕਰ ਰਿਹਾ ਹਾਂ, ਕਿਉਂਕਿ ਦੁਖ ਸੁਖ ਦਾ ਅਭਾਸ ਸਮਝ ਦੀ ਕਮੀ ਨਾਲ ਹੀ ਹੁੰਦਾ ਹੈ, ਵਿਵੇਕ ਦੀ ਕਮੀ ਨਾਲ ਹੀ ਸੁਖ ਦੁਖ ਦਾ ਅਭਾਸ ਹੁੰਦਾ ਹੈ।

ਲੋਕੀ ਆਪਣੀਆਂ ਸਮੱਸਿਆਵਾਂ ਆਪ ਹੀ ਖੜ੍ਹੀਆਂ ਕਰਦੇ ਹਨ ਪਰ ਦੋਸ਼ ਦੂਸਰਿਆਂ ਨੂੰ ਦਿੰਦੇ ਹਨ। ਉਨ੍ਹਾਂ ਦੇ ਮਨ ਅਸ਼ਾਂਤ ਹਨ ਇਸ ਕਰਕੇ ਜਿਹੜੀ ਵੀ ਗੱਲ ਹੁੰਦੀ ਹੈ, ਉਹ ਉਸ ਲਈ ਉਤੇਜਿਤ ਹੋ ਜਾਂਦੇ ਹਨ। ਉਹ ਆਪਣੀਆਂ ਇੰਦਰੀਆਂ ਦੇ ਪ੍ਰਭਾਵ ਤੇ ਸਾਰਾ, ਵਿਵਹਾਰ ਕਰਦੇ ਹਨ। ਕਿਸੇ ਨੇ ਕਿਹਾ, ਤੁਸੀਂ ਸੋਹਣੇ ਲਗ ਰਹੇ ਹੋ, ਤੁਸੀਂ ਖੁਸ਼ ਹੋ ਜਾਂਦੇ ਹੋ, ਕਿਸੇ ਨੇ ਕਿਹਾ ਇਹ ਕਪੜੇ ਤੁਹਾਨੂੰ ਚੰਗੇ ਨਹੀਂ ਲਗਦੇ, ਤੁਸੀਂ ਠੀਕ ਨਹੀਂ ਲਗ ਰਹੇ, ਤੁਸੀਂ ਨਿਢਾਲ ਹੋ ਜਾਂਦੇ ਹੋ, ਤੁਹਾਨੂੰ ਗੁੱਸਾ ਲਗਦਾ ਹੈ, ਕੌਣ ਕਿਸ ਦੇ ਕਾਬੂ ਹੈ? ਸਰੀਰ ਦਾ ਬਦਲਣਾ ਤਾਂ ਸੌਖਾ ਹੈ, ਤੁਸੀਂ ਤਿਆਰ ਹੁੰਦੇ ਹੋ, ਚੰਗੇ ਕਪੜੇ ਪਾਉਂਦੇ ਹੋ। ਸੋਹਣੇ ਲਗਦੇ ਹੋ। ਮਨ ਤਾਂ ਹਰ ਘੜੀ ਬਦਲਦਾ ਰਹਿੰਦਾ ਹੈ, ਕਦੀ ਆਪਣੇ ਵਿਚਾਰਾਂ ਨੂੰ ਤਾਂ ਦੇਖੋ, ਜਾਂਚੋ। ਤੁਹਾਨੂੰ ਨਿਰਣਾ ਲੈਣਾ ਪਵੇਗਾ, ਤੁਸੀਂ ਆਪਣੇ ਜੀਵਨ ਦਾ ਕੀ ਕਰਨਾ ਚਾਹੁੰਦੇ ਹੋ। ਕੀ ਤੁਸੀਂ ਆਪਣੇ ਜੀਵਨ ਨੂੰ ਕੋਈ ਦਿਸ਼ਾ ਦੇਣਾ ਚਾਹੁੰਦੇ ਹੋ ਜਾਂ ਫੇਰ ਉਸ ਦਾ ਮਿਲਗੋਭਾ ਬਣਾਉਣਾ ਚਾਹੁੰਦੇ ਹੋ। ਇੰਦਰੀਆਂ ਦਾ ਢੇਰ ਬਣਾਉਣਾ ਚਾਹੁੰਦੇ ਹੋ ਜਿਸ ਵਿਚ ਵਿਚਾਰਾਂ ਦਾ ਕੋਈ ਅੰਤ ਨਹੀਂ। ਯੋਗ ਸੂਤਰ ਪੁਸਤਕ ਦੇ ਦੂਸਰੇ ਅਧਿਆਇ ਨੂੰ ਪੜ੍ਹੋ, ਉਥੋਂ ਤੁਹਾਨੂੰ ਪਤਾ ਲਗੇਗਾ ਤੁਸੀਂ ਸਿਖੋਗੇ ਮਨੋਵਿਰਤੀਆਂ ਕਿਵੇਂ ਬਣਦੀਆਂ ਹਨ, ਕਿਵੇਂ ਬਦਲਦੀਆਂ ਹਨ।

ਮੈਂ ਛੇਤੀ-ਛੇਤੀ ਲਿਖ ਰਿਹਾ ਸੀ। ਸਵਾਮੀ ਜੀ ਨੇ ਦੇਖਿਆ ਮੈਂ ਬਹੁਤ ਕੋਸ਼ਿਸ਼ ਕਰਕੇ ਹੀ ਸਵਾਮੀ ਜੀ ਦੇ ਸ਼ਬਦ ਪਕੜ ਰਿਹਾ ਹਾਂ। ਸਵਾਮੀ ਜੀ ਰੁਕ ਗਏ। ਉਨ੍ਹਾਂ ਨੇ ਮੇਰੇ ਖਤਮ ਕਰਨ ਤਕ ਇੰਤਜ਼ਾਰ ਕੀਤਾ। ਫੇਰ ਉਨ੍ਹਾਂ ਨੇ ਇਕ ਕਹਾਣੀ ਸੁਣਾਈ।

ਇਕ ਦਿਨ ਮੈਂ ਤੇ ਮੇਰੇ ਗੁਰੂ ਨਦੀ ਦੇ ਕੰਢੇ, ਸੈਰ ਕਰ ਰਹੇ ਸੀ। ਇਕ ਸਜਣ ਨੇ ਬੜੇ ਪਿਆਰ ਨਾਲ ਨਮਸਕਾਰ ਕੀਤੀ, ਫੇਰ ਉਸ ਨੇ ਗੁਰੂਦੇਵ ਨੂੰ ਪੁਛਿਆ ਕਿ ਉਹ ਕਿਸ ਤਰ੍ਹਾਂ ਅਭਿਆਸ ਕਰੇ ਤੇ ਕਿਸ ਇਸ਼ਟ ਦਾ ਕਰੇ ਤਾਂ ਜੋ ਉਸ ਨੂੰ ਗਿਆਨ ਪ੍ਰਾਪਤੀ ਹੋ ਜਾਏ। ਗੁਰੂਦੇਵ ਨੇ ਉਸ ਨੂੰ

ਦੱਸਿਆ ਕਿ ਤੂੰ ਤਿੰਨ ਮਹੀਨੇ ਤਕ ਝੂਠ ਨਹੀਂ ਬੋਲਣਾ, ਇਹ ਬਾਤ ਸੋਚਣ ਵਾਲੀ ਹੈ ਕਿ ਉਸ ਨੂੰ ਇਹ ਨਹੀਂ ਕਿਹਾ ਗਿਆ ਸੀ ਕਿ ਤੂੰ ਸੱਚ ਬੋਲਣਾ ਹੈ ਉਸ ਨੂੰ ਕੇਵਲ ਇਹ ਹੀ ਕਿਹਾ ਗਿਆ ਸੀ ਕਿ ਝੂਠ ਨਹੀਂ ਬੋਲਣਾ। ਸੱਜਣ ਘਰ ਮੁੜ ਗਏ ਤੇ ਉਨ੍ਹਾਂ ਨੇ ਆਪਣਾ ਅਭਿਆਸ ਸ਼ੁਰੂ ਕਰ ਦਿਤਾ।

ਉਹ ਇਕ ਸਰਕਾਰੀ ਨੌਕਰੀ ਤੇ ਸੀ। ਉਥੇ ਕੋਈ ਗੜਬੜ, ਕੋਈ ਪੈਸੇ ਦੀ ਹੇਰਾ ਫੇਰੀ ਚਲ ਰਹੀ ਸੀ, ਇਹ ਉਸ ਬਾਰੇ ਜਾਣਦਾ ਸੀ ਪਰ ਇਹ ਉਸ ਦਾ ਭਾਗੀਦਾਰ ਨਹੀਂ ਸੀ। ਅਗਲੇ ਹਫਤੇ ਉਥੇ ਅਚਾਨਕ ਛਾਨਬੀਨ ਹੋਈ, ਹਰ ਇਕ ਦੀ ਪੁਛ-ਤਾਛ ਹੋਈ, ਹਰ ਇਕ ਨੂੰ ਪੁਛਿਆ ਗਿਆ। ਜਦੋਂ ਇਸ ਨੂੰ ਪੁਛਿਆ ਗਿਆ ਇਸ ਨੂੰ ਗੁਰੂਦੇਵ ਦੇ ਸ਼ਬਦ ਯਾਦ ਰਹੇ, ਉਸ ਨੇ ਇੰਨਸਪੈਕਟਰ ਨੂੰ ਸਭ ਕੁਝ ਦਸ ਦਿਤਾ ਜੋ ਜੋ ਉਸ ਨੂੰ ਪਤਾ ਸੀ। ਜਦੋਂ ਇੰਸਪੈਕਟਰ ਨੇ ਬਾਕੀਆਂ ਨੂੰ ਦੁਬਾਰਾ ਪੁਛਿਆ, ਉਨ੍ਹਾਂ ਨੇ ਸਾਰਾ ਕਸੂਰ ਇਸ ਦਾ ਹੀ ਦਸ ਦਿਤਾ, ਉਸ ਨੂੰ ਸਜ਼ਾ ਦਿਤੀ ਗਈ।

ਉਸ ਦੀ ਪਤਨੀ ਬਹੁਤ ਦੁਖੀ ਹੋਈ ਕਿ ਉਸ ਨੇ ਇੰਸਪੈਕਟਰ ਨੂੰ ਕਿਉਂ ਸਭ ਕੁਝ ਦੱਸਿਆ। ਉਸ ਦੀ ਪਤਨੀ ਕਹਿਣ ਲੱਗੀ। ਜੇ ਉਹ ਮੂੰਹ ਬੰਦ ਰਖਦਾ ਤਾਂ ਕੁਝ ਵੀ ਬਿਪਤਾ ਨਹੀਂ ਆਉਣੀ ਸੀ। ਉਸ ਨੇ ਆਪਣੀ ਪਤਨੀ ਨੂੰ ਨਦੀ ਦੇ ਕੰਢੇ ਦੀ ਗੱਲ ਦੱਸੀ ਕਿ ਕਿਵੇਂ ਉਸ ਨੂੰ ਦੋ ਸੰਤਾਂ ਦੇ ਦਰਸ਼ਨ ਹੋਏ ਸੀ। ਤੂੰ ਤਾਂ ਮੈਨੂੰ ਬਹੁਤ ਹੀ ਸ਼ਰਮਿੰਦਾ ਕੀਤਾ ਹੈ ਤੇ ਹੁਣ ਤੂੰ ਉਨ੍ਹਾਂ ਸਾਧੂਆਂ ਕੋਲ ਹੀ ਜਾ, ਉਸ ਦੀ ਪਤਨੀ ਨੇ ਤਲਾਕ ਦੇ ਦਿਤਾ।

ਉਸ ਦੇ ਦੋਸਤ ਮਿਤਰ ਉਸ ਤੇ ਹਸਦੇ ਸੀ, ਸੋਚਦੇ ਸੀ ਉਹ ਪਾਗਲ ਹੈ, ਉਸ ਦੇ ਬੱਚੇ ਵੀ ਕਹਿਣ ਲੱਗੇ ਕਿ ਉਹ ਆਪਣੀ ਮਾਤਾ ਕੋਲ ਹੀ ਰਹਿਣਾ ਚਾਹੁਣਗੇ, ਉਸ ਦੀ ਪਤਨੀ ਨੇ ਬੈਂਕ ਵਿਚੋਂ ਸਾਰੇ ਪੈਸੇ ਕਢਾ ਲਏ ਤੇ ਉਸ ਨੂੰ ਛੱਡ ਕੇ ਚਲੀ ਗਈ। ਉਸ ਕੋਲ ਵਕੀਲ ਨੂੰ ਦੇਣ ਜੋਗੇ ਪੈਸੇ ਵੀ ਨਹੀਂ ਰਹੇ। ਉਹ ਸੋਚਣ ਲੱਗਾ, ਉਸ ਨਾਲ ਹੋਰ ਕੀ ਹੋ ਸਕਦਾ ਹੈ, ਝੂਠ ਨਾ ਬੋਲਣ ਨਾਲ ਕੀ ਹੋ ਸਕਦਾ ਹੈ।

ਉਸ ਨੂੰ ਮੈਜਿਸਟਰੇਟ ਦੇ ਅੱਗੇ ਜਦੋਂ ਪੇਸ਼ ਕੀਤਾ ਗਿਆ ਉਸ ਨੇ ਝੂਠ ਨਾ ਬੋਲਣ ਦੀ ਸਾਰੀ ਕਹਾਣੀ ਸੁਣਾਈ, ਉਸ ਨੇ ਜੋ ਕਿਹਾ ਜੱਜ ਨੂੰ ਬੜਾ ਹੀ ਵਚਿਤ੍ਰ ਲੱਗਾ। ਉਸ ਨੇ ਕਚਹਿਰੀ ਬਰਖਾਸਤ ਕਰਕੇ ਉਸ ਨੂੰ ਅੰਦਰ ਬੁਲਾਇਆ। ਜੱਜ ਨੇ ਦੋ ਸਾਧੂਆਂ ਦੇ ਬਾਰੇ ਹੋਰ ਵਿਸਤਾਰ ਨਾਲ ਪੁਛਿਆ, ਜੱਜ ਨੂੰ ਸਮਝ ਆ ਗਈ ਕਿ ਦੋ ਸਾਧੂ ਜਿਹੜੇ ਉਸ ਨੂੰ ਮਿਲੇ ਉਨ੍ਹਾਂ ਵਿਚ ਇਕ ਕੇਵਲ ਜੱਜ ਦੇ ਗੁਰੂ ਹੀ ਸੀ। ਉਸ ਨੇ ਹੋਰ ਪੁਛ ਤਾਛ ਕੀਤੀ, ਹੋਰ ਗਵਾਹੀਆਂ ਬੁਲਾਈਆਂ ਗਈਆਂ, ਬਹੁਤ ਸਾਰੇ ਵਿਰੋਧੀ ਤੱਤ ਸਾਮ੍ਹਣੇ ਆਏ।

ਇਹ ਸੱਜਣ ਹੁਣ ਵਿਹਲੇ ਸੀ ਪਰ ਇਕੱਲੇ ਸੀ। ਉਹ ਸੋਚ ਰਿਹਾ ਸੀ। ਹੁਣ ਹੋਰ ਕੀ ਹੋ ਸਕਦਾ ਹੈ। ਜਦੋਂ ਤਿੰਨ ਮਹੀਨੇ ਪੂਰੇ ਹੋ ਗਏ, ਉਸ ਨੂੰ ਇਕ ਤਾਰ ਆਈ ਕਿ ਉਸ ਨੂੰ ਤਿੰਨ ਲੱਖ ਰੁਪਏ, ਹਰਜਾਨਾ ਮਿਲੇਗਾ ਤੇ ਉਸਨੂੰ ਬਹਾਲ ਕਰ ਦਿਤਾ ਗਿਆ ਹੈ। ਉਸ ਦੀ ਪਤਨੀ ਨੇ ਛੇਤੀ ਨਾਲ ਉਸ ਨਾਲ ਸੰਪਰਕ ਪੈਦਾ ਕੀਤਾ ਤੇ ਕਹਿਣ ਲੱਗੀ ਮੈਨੂੰ ਗਲਤੀ ਲੱਗੀ ਹੈ। ਮੈਂ ਤੁਹਾਨੂੰ ਗਲਤ ਸਮਝਿਆ ਪਰ ਉਸ ਸੱਜਣ ਨੇ ਕਿਹਾ, ਮੈਂ ਮੁੜ ਕੇ ਗ੍ਰਹਿਸਤੀ ਨਹੀਂ ਬਣਾਂਗਾ। ਤਿੰਨ ਮਹੀਨੇ ਵਿਚ ਐਨਾ ਕੁਝ ਹੋ ਗਿਆ ਸੀ ਕੇਵਲ ਝੂਠ ਨਾ ਬੋਲਣ ਨਾਲ ਕਿ ਉਹ ਹੁਣ ਦੇਖਣਾ ਚਾਹੁੰਦਾ ਸੀ ਕਿ ਸਾਰੇ ਜੀਵਨ ਜਦੋਂ ਉਹ ਝੂਠ ਨਹੀਂ ਬੋਲੇਗਾ, ਫੇਰ ਕੀ ਹੋਵੇਗਾ?

ਮੇਰਾ ਮਨ ਏਧਰ ਓਧਰ ਜਾਣ ਲਗ ਪਿਆ। ਮੈਂ ਸਵਾਮੀ ਜੀ ਦੇ ਸ਼ਬਦਾਂ ਨੂੰ ਲੈ ਕੇ ਸੋਚ ਰਿਹਾ ਸੀ। ਮੈਂ ਸੋਚਣ ਲਗ ਪਿਆ ਕਿ ਯੋਗ ਇਕ ਰਸਾਇਣ ਹੈ। ਸਾਰੇ ਸੰਮਿਲਤ ਜੀਵ ਆਤਮਾ ਦਾ ਰਸਾਇਣ ਹੈ, ਸਭ ਕਾਸੀ ਦਾ ਇਕ ਮਿਸ਼ਰਣ ਹੈ। ਮੈਂ ਆਪਣੇ ਆਪ ਦਾ ਨਰੀਖਣ ਕਰਨ ਲਗ ਪਿਆ। ਮੈਂ ਕਦੀ ਵੀ ਇਹ ਨਹੀਂ ਚਾਹਿਆ ਕਿ ਮੈਂ ਆਤਮ ਅਭਿਆਸ ਆਤਮ ਮਾਰਗ ਅਨੁਭਵ ਕਰਾਂ। ਮੈਂ ਸਦਾ ਹੀ ਉਸ ਸੱਜਣ ਨੂੰ ਮਿਲਣਾ ਚਾਹਿਆ ਹੈ, ਜਿਹੜਾ ਮਾਨਵ ਅਭਿਆਸਾਂ ਨਾਲ ਉਪਰ ਉਠਿਆ ਹੋਵੇ, ਅੱਗੇ ਵਧਿਆ ਹੋਵੇ। ਸਵਾਮੀ ਜੀ ਦਾ ਪ੍ਰਵਚਨ ਅਜੇ ਚਲ ਰਿਹਾ ਸੀ।

ਸਵਾਮੀ ਜੀ ਕਹਿਣ ਲੱਗੇ, ਯੋਗ ਵਿਚ ਗਿਆਨ ਔਖੇ ਹੋ ਕੇ ਨਹੀਂ ਆਉਂਦਾ, ਬੋਝ ਪਾ ਕੇ ਨਹੀਂ ਆਉਂਦਾ। ਗਿਆਨ ਲਗਾਤਾਰ, ਪਰਸਪਰ ਅਭਿਆਸ ਨਾਲ ਆਉਂਦਾ ਹੈ, ਅਭਿਆਸ ਨਾਲ ਸਚੇਤਨਤਾ ਆਉਂਦੀ ਹੈ। ਇਕਾਗਰ ਹੋ ਕੇ ਤੁਸੀਂ ਸੰਸਾਰ ਦਾ ਅਨੰਦ ਮਾਣ ਸਕਦੇ ਹੋ। ਤੁਸੀਂ ਕੰਮ ਕਾਜ ਵਿਚ ਧਿਆਨ ਲਗਾ ਸਕਦੇ ਹੋ। ਲੋਕਾਂ ਨੂੰ ਧਿਆਨ ਦੇ ਸਕਦੇ ਹੋ। ਜੀਵਨ ਜੀਣ ਨੂੰ ਧਿਆਨ ਦੇ ਸਕਦੇ ਹੋ। ਸਰੀਰ ਤੇ ਮਨ ਨੂੰ ਇਕ ਕਰਕੇ ਇਕਾਗਰ ਹੋਣਾ ਸਿੱਖੋ। ਉਹ ਹੀ ਇਕ ਪਰੈਕਟੀਕਲ ਗੱਲ ਹੈ, ਉਹ ਹੀ ਇਕ ਤੱਤ ਹੈ। ਜਦੋਂ ਤੁਸੀਂ ਇਸ ਤਰ੍ਹਾਂ ਕਰਨ ਲਗ ਜਾਓਗੇ ਫੇਰ ਤੁਸੀਂ ਕਿਵੇਂ ਉਖੜ ਸਕਦੇ ਹੋ, ਕਿਵੇਂ ਤੁਹਾਡੇ ਅੰਦਰ ਉਥਲ-ਪੁਥਲ ਹੋ ਸਕਦੀ ਹੈ। ਆਪਣੇ ਮਨ ਨੂੰ ਨਰਾਜ਼ ਨਾ ਕਰੋ, ਲੋਕਾਂ ਨੂੰ ਨਰਾਜ਼ ਨਾ ਕਰੋ। ਕਦੀ ਵੀ ਸੁਆਰਥੀ ਨਾ ਹੋਵੋ, ਮਨ ਤੇ ਸੁਆਰਥ ਨੂੰ ਮਨ ਤੇ ਨਾ ਲਵੋ, ਹਮੇਸ਼ਾ ਜੋ ਕਰੋ ਰੁਚੀ

ਨਾਲ ਕਰੋ, ਆਪਣੀ ਰੁਚੀ ਨੂੰ ਜਗਾਓ ਉਸ ਚੀਜ਼ ਲਈ ਸ਼ੌਕ ਨੂੰ ਜਗਾਓ। ਯਤਨ ਇਹ ਕਰੋ ਕਿ ਮਨ ਵਿਚ ਕੋਈ ਦਵੰਦ ਨਾ ਰਹੇ, ਦਵੰਦ ਨਾਲ ਕਈ ਰੋਗ ਪੈਦਾ ਹੁੰਦੇ ਹਨ। ਜੇ ਦਵੰਦ ਰਖੋਗੇ ਬਿਮਾਰੀਆਂ ਲਗਣਗੀਆਂ, ਮਨ ਤੇ ਬੋਝ ਹੋ ਕੇ ਹਸਪਤਾਲਾਂ ਵਿਚ ਭਰਤੀ ਹੋਣਾ ਪਵੇਗਾ।

ਯੋਗ ਦਾ ਅਭਿਆਸ ਕਰਕੇ ਤੁਸੀਂ ਆਪਣੀਆਂ ਸ਼ਕਤੀਆਂ ਦਾ ਸੰਗਠਨ ਕਰ ਸਕਦੇ ਹੋ। ਹਰ ਪੱਧਰ ਤੇ ਤੁਸੀਂ ਆਪਣੀ ਸ਼ਕਤੀ ਨੂੰ ਸੰਗਠਨ ਕਰਕੇ, ਵਧੇਰੇ ਲਾਭ ਉਠਾ ਸਕਦੇ ਹੋ। ਜੇ ਸ਼ਕਤੀ ਨੂੰ ਸੰਗਠਨ ਨਾ ਕੀਤਾ ਜਾਵੇ ਤਾਂ ਸ਼ਕਤੀ ਖੇਰੂੰ-ਖੇਰੂੰ ਹੋ ਜਾਂਦੀ ਹੈ ਤੇ ਵਾਤਾਵਰਣ ਤੁਹਾਡੇ ਤੇ ਕਾਬੂ ਪਾ ਲੈਂਦਾ ਹੈ। ਪੁਸਤਕਾਂ ਪੜ੍ਹਨ ਨਾਲ ਕੋਈ ਲਾਭ ਨਹੀਂ ਹੁੰਦਾ ਜਦੋਂ ਤਕ ਤੁਸੀਂ ਅਭਿਆਸ ਨਹੀਂ ਕਰਦੇ, ਪ੍ਰੈਕਟੀਕਲ ਨਹੀਂ ਕਰਦੇ, ਪੁਸਤਕਾਂ ਪੜ੍ਹਨ ਨਾਲ ਤੁਸੀਂ ਕੇਵਲ ਸਿਧਾਂਤਾਂ ਦੇ ਪੱਧਰ ਤੇ ਹੀ ਰਹਿੰਦੇ ਹੋ, ਚੰਗੇ, ਠੀਕ, ਸ਼ੁਧ ਵਿਚਾਰਾਂ ਨਾਲ ਕੰਮ ਨਹੀਂ ਸਰਦਾ, ਇਨ੍ਹਾਂ ਨਾਲ ਕੁਝ ਵੀ ਨਹੀਂ ਚਲਦਾ।

ਮੈਂ ਇਸ ਤੋਂ ਵੱਧ ਕੁਝ ਨਹੀਂ ਸੀ ਜਾਣ ਸਕਦਾ। ਮੈਂ ਸੁਚੇਤ ਸੀ, ਕੇਂਦਰਤ ਸੀ, ਮੈਂ ਸਵਾਮੀ ਜੀ ਦੇ ਸਬਦਾਂ ਤੇ ਕੇਂਦਰਤ ਸੀ।

ਸਤਿ ਨੂੰ ਜਾਣ ਕੇ ਸਭ ਦੁਖ ਦਰਦ ਦੂਰ ਹੋ ਜਾਂਦੇ ਹਨ, ਸਤਿ ਨੂੰ ਜਾਣ ਕੇ ਇਕੋ ਹੀ ਦੁਖ ਰਹਿ ਜਾਂਦਾ ਹੈ। ਉਹ ਹੈ ਕਿ ਦੂਸਰੇ ਵੀ ਓਨੇ ਹੀ ਸੁਚੇਤ ਕਿਉਂ ਨਹੀਂ ਜਿੰਨੇ ਤੁਸੀਂ ਹੋ। ਕਦੀ ਵੀ ਸਤਿ ਤੋਂ ਦੂਰ ਨਹੀਂ ਦੌੜੋ। ਸਤਿ ਭਾਵੇਂ ਕਿੰਨਾ ਹੀ ਕੌੜਾ ਕਿਉਂ ਨਾ ਹੋਵੇ, ਸਤਿ ਸਤਿ ਹੀ ਹੈ। ਅੱਜ ਹੀ ਹੁਣ ਹੀ, ਸਤਿ ਦੀ ਖੋਜ ਸ਼ੁਰੂ ਕਰੋ।

ਏਸ ਸਮੇਂ ਸਵਾਮੀ ਜੀ ਦੇ ਬਚਨ ਹੁੰਦਿਆਂ ਤੇ ਸਾਨੂੰ ਸੁਣਦਿਆਂ ਸਵੇਰ ਦੇ ਤਿੰਨ ਵਜ ਗਏ ਸੀ। ਕਮਰੇ ਵਿਚ ਸ਼ਾਂਤੀ ਵਰਤੀ ਪਈ ਸੀ ਪਰ ਕਮਰਾ ਸ਼ਕਤੀ ਭਰਪੂਰ ਸੀ। ਹੁਣ ਸਵਾਮੀ ਜੀ ਦੀ ਮੈਡੀਟੇਸ਼ਨ ਦਾ ਸਮਾਂ ਹੋ ਗਿਆ ਸੀ। ਅਸੀਂ ਉਠੇ, ਉਠ ਕੇ ਬਾਹਰ ਨਿਕਲ ਗਏ, ਬਾਹਰ ਅੰਮ੍ਰਿਤ ਵੇਲੇ ਦੀ ਸ਼ਾਂਤਮਈ ਚੁੱਪ ਦਾ ਪਸਾਰਾ ਅਨੰਮਈ ਸੀ, ਮੱਸਿਆ ਦੇ ਹਨ੍ਹੇਰੇ ਵਿਚ ਠੰਢੀ ਹਵਾ ਹੀ ਉਸ ਚੁੱਪ ਨੂੰ ਅਨੰਦਮਈ ਬਣਾ ਰਹੀ ਸੀ। ਮੈਂ ਆਸ਼ਰਮ ਦੀਆਂ ਬੱਤੀਆਂ ਨੂੰ ਦੇਖ ਰਿਹਾ ਸੀ। ਮੈਨੂੰ ਇਸ ਤਰ੍ਹਾਂ ਮਹਿਸੂਸ ਹੋ ਰਿਹਾ ਸੀ ਜਿਵੇਂ ਮੈਨੂੰ ਕੋਈ ਤਾਰਿਆਂ ਦੀ ਯਾਤਰਾ ਕਰਾ ਕੇ ਲਿਆਇਆ ਹੋਵੇ।

(ਪੰਨਾ 48 ਦੀ ਬਾਕੀ)

ਤੁਸਾਂ ਸੰਗਤਾਂ ਨੂੰ ਨਾਮ ਜਪਾਉਣਾ ਹੈ, ਬਾਣੀ ਦਾ ਦਾਨ ਕਰਨਾ ਹੈ। ਗੁਰਬਾਣੀ ਇਕੱਤਰ ਕਰਨ ਦਾ ਤੇ ਸੰਗਤਾਂ ਜੋਗ ਨਾਮ ਬਖਸ਼ਣ ਦਾ ਹੁਕਮ ਆਪ ਜੋਗ ਹੋਇਆ ਸੀ। ਹੁਕਮ ਸੁਣ ਕੇ ਸ੍ਰੀ ਗੁਰੂ ਜੀ ਦੇ ਨੈਣ ਫੇਰ ਬੰਦ ਹੋ ਗਏ। ਫੇਰ ਭਰ ਕੇ ਡੁੱਲ੍ਹੇ ਤੇ ਆਵਾਜ਼ ਆਈ -

ਹੁਕਮ, ਹੁਕਮ, ਹੁਕਮ, ਹੁਕਮ ਤੇ ਸੀਸ, ਹੁਕਮ ਅੱਗੇ ਸੀਸ। ਫੇਰ ਨੈਣ ਖੋਲ੍ਹੇ ਤੇ ਬੋਲੇ, ਗੁਰ ਸੁਆਰੇ ਭਾਈ ਜੀ! ਡਾਢਾ ਤ੍ਰਿਖਾ ਕਰਕੇ ਚਲਾਇਆ ਨੇ ਗੁਰਾਂ ਦੇ ਹੁਕਮ ਦਾ ਤੀਰ। ਸਤਿਗੁਰ ਦਾ ਹੁਕਮ ਸਤਿਗੁਰੂ ਹੈ। ਚੰਗਾ, ਵਾਹ ਵਾਹ। ਪਰ ਤੁਸੀਂ ਗੁਰੂ ਕੇ ਪਿਆਰੇ ਹੋ, ਤੁਸਾਨੂੰ ਬੀ ਆਗਿਆ ਹੋਈ ਸੀ ਕੁਛ।

ਭਾਈ ਬੁੱਢਾ—ਦਾਸ ਤੇ ਸਾਰੇ ਗੁਰੂ ਦੇ ਪਿਆਰੇ ਸਿੱਖ ਸੇਵਾ ਵਿਚ ਹਾਜ਼ਰ ਰਹਿਣਗੇ। ਆਪ ਐਤਨੀ ਮਿਹਰ ਕਰੋ ਕਿ ਹੁਣ ਸੰਗਤ ਨੂੰ ਖੁਲ੍ਹੇ ਦੀਦਾਰ ਦਿਓ।

ਤਾਂ ਸ੍ਰੀ ਗੁਰੂ ਜੀ ਬਚਨ ਸੁਣ ਕੇ ਉਠੇ ਤੇ ਬਾਹਰ ਵਿਹੜੇ ਵਿਚ ਆ ਕੇ ਮਾਈ ਭਿਰਾਈ ਦੇ ਵਿਛਾਏ ਮੰਜੇ ਤੇ ਬਹਿ ਗਏ। ਡਿਠੋ ਨੇ ਕਿ ਬਾਈ ਅੰਦਰ ਮਾਨੋਂ ਸੰਨ੍ਹ ਲਾ ਕੇ ਵੜਿਆ ਹੈ। ਮਾਈ ਨੇ ਬਚਨ ਪਾਲਿਆ ਹੈ ਤੇ ਥਹੁ ਨਹੀਂ ਦਿਤਾ। ਉਸ ਵੇਲੇ ਫੇਰ ਨੈਣ ਸਰਵੇ ਹੋ ਕੇ ਭਰੇ ਗਏ ਤੇ ਬਚਨ ਹੋਇਆ -

ਧੰਨ ਸਿੱਖੀ, ਧੰਨ ਸਿੱਖੀ, ਧੰਨ ਗੁਰੂ ਕਾ ਰੂਪ ਸਿੱਖੀ।

ਸੋ ਸਾਧਸੰਗਤ ਜੀ ਐਉਂ ਸੋਹਣੇ ਗੁਰੂ ਨਾਨਕ ਦਾ ਦੂਸਰਾ ਅਵਤਾਰ, ਜੋ ਛੁਪ ਗਿਆ ਸੀ ਪ੍ਰਗਟ ਹੋਇਆ। ਭਾਈ ਬੁੱਢੇ ਨੇ ਧਰਮਸਾਲ ਦਿਨਾਂ ਵਿਚ ਬਣਾ ਲਈ। ਓਹੋ ਸਤਿਗੁਰ ਨਾਨਕ ਦੇ ਹਜ਼ੂਰੀਏ ਰਬਾਬੀ ਸੱਤਾ ਬਲਵੰਡ ਵਾਰ ਲਾਉਣ ਲਗ ਪਏ। ਮਾਤਾ ਖੀਵੀ ਜੀ, ਗੁਰੂ ਜੀ ਦੇ ਘਰੋਂ, ਬੀ ਖਡੂਰ ਆ ਗਏ, ਜੋ ਪਹਿਲੇ ਸੰਘਰ ਪਿੰਡ ਪੇਕੇ ਸਨ। ਉਨ੍ਹਾਂ ਨੇ ਲੰਗਰ ਦੀ ਸੇਵਾ ਆਪਣੇ ਤੇ ਲੈ ਲਈ। ਭਾਈ ਬੁੱਢੇ ਨੇ ਸਾਰੀ ਪ੍ਰਬੰਧਕ ਸੇਵਾ ਚਾ ਲਈ, ਸੰਗਤਾਂ ਆਉਣ ਲਗ ਪਈਆਂ। ਉਪਦੇਸ਼, ਕੀਰਤਨ, ਇਲਾਹੀ ਦਰਸ਼ਨ ਮਿਲਨ ਲੱਗ ਪਏ। ਜੋ ਰੰਗ ਕਰਤਾਰ ਪੁਰੇ ਸੀ ਖਡੂਰ ਸਾਹਿਬ ਲਗ ਗਿਆ। ਜਗਤ ਨਿਸਤਾਰਣਦੀ ਅੰਮ੍ਰਿਤ ਗੰਗਾ ਵਗ ਪਈ। ਧੰਨ ਗੁਰੂ ਨਾਨਕ!

ਇਹ ਕਹਿ ਕੇ ਸੰਤਾਂ ਨੇ ਭੋਗ ਪਾਇਆ ਤੇ ਸੰਗਤ ਗਦ ਗਦ ਹੋ ਗਈ। ਫੇਰ ਅਨੰਦ ਸਾਹਿਬ ਦਾ ਪਾਠ ਹੋ ਕੇ ਅਰਦਾਸਾ ਹੋਇਆ। ਗੁਰੂ ਜੀ ਦਾ ਹੁਕਮ ਲੀਤਾ ਗਿਆ ਤੇ ਕੜਾਹ ਪ੍ਰਸ਼ਾਦਿ ਵਰਤਾ ਕੇ ਫੇਰ ਸੰਗਤ ਲੰਗਰ ਦੀ ਸੇਵਾ ਵਲ ਗਈ।

# ਰਿਸ਼ੀਆਂ ਮੁਨੀਆਂ ਦਾ ਬ੍ਰਹਮਗਿਆਨ
# ਮੰਡੂਕ ਉਪਨਿਸ਼ਦ

*ਮੂਲ ਲੇਖਕ - ਡਾ. ਸਵਾਮੀ ਰਾਮ ਜੀ*
*ਅਨੁਵਾਦਕ - ਡਾ. ਬੀਬੀ ਤੇਜਿੰਦਰ ਮਲਹੋਤਰਾ*

**ਪਹਿਲਾ ਅਧਿਆਇ**

**ਸਲੋਕ ਦੂਸਰਾ**

**ਭਾਗ ਪਹਿਲਾ**

ਕਰਮਕਾਂਡ ਦੇ ਰੀਤੀ ਰਿਵਾਜ ਜਿਹੜੇ ਰਿਸ਼ੀਆਂ ਮੁਨੀਆਂ ਨੂੰ ਪ੍ਰਗਟ ਹੋਏ ਹਨ ਇਹ ਸਾਰੇ ਤਿੰਨਾਂ ਵੇਦਾਂ ਵਿਚ ਵੱਖ-ਵੱਖ ਤਰੀਕਿਆਂ ਨਾਲ ਦੱਸੇ ਗਏ ਹਨ - ਰਿਗਵੇਦ, ਯਜੁਰ ਵੇਦ ਤੇ ਸਾਮ ਵੇਦ ਵਿਚ। ਜਿਹੜੇ ਗੁਣਵਾਨ ਕੁਛ ਪ੍ਰਾਪਤੀ ਦੀ ਇੱਛਾ ਰਖਦੇ ਹਨ ਉਹ ਅਭਿਆਸ ਕਰਕੇ ਪ੍ਰਾਪਤ ਕਰ ਸਕਦੇ ਹਨ। ਇਹ ਹੀ ਇਕ ਮਾਰਗ ਹੈ ਜਿਸ ਤੇ ਚੱਲ ਕੇ ਨਿਸ਼ਾਨੇ ਤੇ ਪਹੁੰਚ ਸਕਦੇ ਹਨ।

ਇਹ ਬਿਲਕੁਲ ਠੀਕ ਹੈ ਕਿ ਵੇਦਾਂ ਦੇ ਪਵਿੱਤਰ ਭਜਨ ਕਰਮ ਕਾਂਡ ਨਾਲ ਹੀ ਸਬੰਧਤ ਹਨ। ਇਨ੍ਹਾਂ ਦਾ ਬਹੁਤ ਵਿਸਥਾਰ ਨਾਲ ਤਿੰਨਾਂ ਵੇਦਾਂ ਵਿਚ ਵਰਨਣ ਕੀਤਾ ਗਿਆ ਹੈ ਜਿਹੜਾ ਇਨ੍ਹਾਂ ਨਤੀਜਿਆਂ ਦੀ ਪ੍ਰਾਪਤੀ ਦੀ ਇੱਛਾ ਰਖਦੇ ਹਨ ਉਹ ਸਫਲਤਾ ਹਾਸਲ ਕਰ ਲੈਂਦੇ ਹਨ, ਸੰਸਾਰ ਵਿਚ ਤੇ ਪਰਲੋਕ ਵਿਚ ਅਨੰਦ ਮਾਣਦੇ ਹਨ।

ਰਿਗ ਵੇਦ, ਯਜੂਰ ਵੇਦ, ਸਾਮ ਵੇਦ ਵਿਚ ਜਿਹੜੇ ਪੰਡਤ ਅਗਨੀ ਦੀ ਰੀਤਿ ਪੂਜਾ ਕਰਦੇ ਹਨ ਉਨ੍ਹਾਂ ਨੂੰ 'ਹੋਤਾ, ਉਦਰਾਤਾ ਤੇ ਅਧਵਾਰਯੂ' ਕਿਹਾ ਜਾਂਦਾ ਹੈ। ਇਸ ਸਮੇਂ ਜਿਹੜਾ ਪੰਡਤ ਅਥਰਵੇਦ ਨੂੰ ਚੰਗੀ ਤਰ੍ਹਾਂ ਜਾਣਦਾ ਹੋਵੇ ਉਸ ਦਾ ਹੋਣਾ ਬਹੁਤ ਅਵਸ਼ਕ ਹੈ, ਉਹ ਉਸ ਪੂਜਾ ਦੇ ਸਮੇਂ ਉਥੇ ਹੀ ਰਹਿੰਦਾ ਹੈ।

ਅਥਰਵੇਦ ਵਿਚ ਕੋਈ ਵੀ ਅਗਨੀ ਪੂਜਾ ਜਾਂ ਅਗਨੀਹੋਤਰ ਦੇ ਨਿਯਮ ਨਹੀਂ ਦਿਤੇ ਗਏ ਹਨ, ਸਤਿ ਤੇ ਤਰੇਤਾ ਯੁੱਗ ਜਿਹੜੇ ਕਿ ਵਿਸ਼ਵ ਦੇ ਦੋ ਪਹਿਲੇ ਚੱਕਰ ਮੰਨੇ ਜਾਂਦੇ ਹਨ ਜਗਿਆਸੂ ਕੇਵਲ ਤਪ ਹੀ ਕਰਦੇ ਸੀ। ਮੈਡੀਟੇਸ਼ਨ ਕਰਦੇ ਸੀ, ਧਿਆਨ ਲਗਾਉਂਦੇ ਸੀ। ਜਦੋਂ ਸੰਸਾਰ ਦੀ ਸਿਰਜਨਾ ਹੋਈ ਸੀ, ਮਨੁੱਖਾਂ ਨੂੰ ਸੰਸਾਰਕ ਪਦਾਰਥਾਂ ਦੀ ਪ੍ਰਾਪਤੀ ਦੀ ਕੋਈ ਲੋੜ ਹੀ ਨਹੀਂ ਸੀ। ਉਸ ਸਮੇਂ ਸਾਰੇ ਪ੍ਰਾਣੀ ਸਮਾਧੀ ਸਥਿਤ ਹੀ ਰਹਿੰਦੇ ਸੀ। ਵਾਸਤਵ ਵਿਚ ਕਰਮਕਾਂਡ ਤਾਂ ਦੁਆਪਰ ਯੁੱਗ ਵਿਚ ਹੀ ਅਰੰਭ ਹੋਇਆ ਹੈ।

ਇਹ ਸਾਰੇ ਰੀਤਿ ਰਿਵਾਜ ਵੇਦਾਂ ਵਿਚ ਦਿਤੇ ਗਏ ਆਦੇਸ਼ ਤੇ ਨਿਯਮਾਂ ਅਨੁਸਾਰ ਜਦੋਂ ਕੀਤੇ ਜਾਂਦੇ ਹਨ ਤਾਂ ਇਨ੍ਹਾਂ ਦੇ ਫਲ ਵੀ ਵੇਦਾਂ ਵਿਚ ਦਿਤੇ ਗਏ, ਆਦੇਸ਼ਾਂ ਅਨੁਸਾਰ ਹੀ ਮਿਲਦੇ ਹਨ। ਵਾਸਤਵ ਵਿਚ ਇਨ੍ਹਾਂ ਰੀਤਿ ਰਿਵਾਜਾਂ ਦੀ ਵਿਆਖਿਆ ਯੋਗ ਅਨੁਸਾਰ ਹੀ ਹੈ। ਪੰਜ ਤੱਤ ਹਨ, ਪੰਜ ਸੂਖਮ ਇੰਦਰੀਆਂ ਹਨ, ਪੰਜ ਬਾਹਰ ਦੀਆਂ ਇੰਦ੍ਰੀਆਂ ਹਨ, ਦੋ ਪ੍ਰਾਣ (ਸਾਹ ਅੰਦਰ ਲੈਣਾ ਤੇ ਬਾਹਰ ਕੱਢਣਾ) 'ਪ੍ਰਾਣ ਅਪਾਨ' ਉਚ ਬੁੱਧੀ ਜਾਂ ਸ਼ੁਧ ਬੁੱਧੀ ਗਿਆਨ ਜਿਸ ਦਾ ਗੁਰੂ ਜੀਵ ਆਤਮਾ ਹੈ, ਇਹ ਬਿਲਕੁਲ ਉਸ ਤਰ੍ਹਾਂ ਹੀ ਹਨ ਜਿਵੇਂ ਅਠਾਰ੍ਹਾਂ ਰਿਸ਼ੀ ਤੇ ਇਹ ਅਠਾਰ੍ਹਾਂ ਰਿਸ਼ੀ ਜਿਵੇਂ ਯੱਗ ਕਰ ਰਹੇ ਹੋਣ, ਜੀਵਨ ਯੱਗ ਹੋ ਰਿਹਾ ਹੋਵੇ।

ਜੀਵਨ ਦੀ ਅਗਨੀ ਵਿਚ ਅਹੂਤੀਆਂ ਲਗਾਤਾਰ ਪਾਈਆਂ ਜਾਂਦੀਆਂ ਹਨ ਤੇ ਇਹ ਹੀ ਅਗਨੀਹੋਤਰ ਦਾ ਵਾਸਤਵ ਭਾਵ ਹੈ। ਇਥੇ ਇਹ ਜਾਣ ਲੈਣਾ ਜ਼ਰੂਰੀ ਹੈ ਕਿ ਅਗਨੀ ਸ਼ਬਦ ਦੇ ਅਰਥ 300 ਤੋਂ ਵੱਧ ਹਨ, ਪਰ ਇਨ੍ਹਾਂ ਵਿਚੋਂ ਚਾਲੀ ਅਰਥ ਵਧੇਰੇ ਮਹੱਤਵਪੂਰਨ ਹਨ।

ਅਗਨੀ ਦਾ ਅਰਥ ਹੈ, ਬ੍ਰਾਹਮਣ, ਗਿਆਨੀ, ਵਿਦਵਾਨ, ਅਗਨੀ ਦਾ ਅਰਥ ਹੈ ਅੱਗ, ਅਗਨੀ ਦਾ ਅਰਥ ਹੈ ਜੀਵਨ, ਅਗਨੀ ਦੇ ਅਰਥ ਹਨ ਪ੍ਰਾਣ, ਅਗਨੀ ਤੋਂ ਭਾਵ ਹੈ ਗਰਮੀ। ਅਗਨੀ ਦੇ ਅਰਤ ਆਗੂ ਲੀਡਰ ਵੀ ਹਨ। ਅਸਲੀ, ਸਹੀ ਅਰਥ ਤਾਂ ਹੀ ਪਤਾ ਲਗਦੇ ਹਨ, ਜਦੋਂ ਇਹ ਪਤਾ ਹੋਵੇ ਕਿ ਸ਼ਬਦ ਕਿਥੇ, ਕਾਹਦੇ ਲਈ ਕਿਸ ਵਿਸ਼ੇ ਲਈ ਵਰਤਿਆ ਜਾ ਰਿਹਾ ਹੈ। ਸਤਿਜੁਗ ਦੇ ਸਿਆਣਪ ਭਰਪੂਰ ਸਮੇਂ ਵਿਚ ਰਿਸ਼ੀ-ਮੁਨੀਆਂ ਵਿਚ ਸਾਰੇ ਗੁਣ ਸੀ ਤੇ ਉਹ ਪੂਰਨ ਅਰੋਗਤਾ ਸਿਹਤ ਨੂੰ ਹਰ ਪੱਖ ਤੋਂ ਜਾਣਦੇ ਹੀ ਨਹੀਂ ਸੀ, ਪੂਰੀ ਤਰ੍ਹਾਂ ਨਾਲ ਹਰ ਪੱਧਰ ਤੇ ਬਣਾ ਕੇ ਵੀ ਰਖਦੇ ਸੀ। ਸਰੀਰਕ ਪੱਧਰ ਤੇ, ਆਤਮਕ ਪੱਧਰ ਤੇ ਪੂਰਾ-ਪੂਰਾ ਧਿਆਨ ਰਖਦੇ ਸੀ। ਜਿਹੜਾ ਵੀ ਜਗ ਕੀਤਾ ਜਾਂਦਾ ਸੀ ਉਸ ਦਾ ਸਬੰਧ ਕਿਸੇ ਨਾ ਕਿਸੇ ਤਰ੍ਹਾਂ ਜੀਵਨ ਨਾਲ ਹੀ ਹੁੰਦਾ ਸੀ।

ਜਦੋਂ ਅਸੀਂ ਇਹ ਕਹਿੰਦੇ ਹਾਂ ਕਿ ਜੀਵ ਨੂੰ ਆਪਣੇ ਕਰਮ ਸੁਚੱਜੀ ਤਰ੍ਹਾਂ ਕਰਨੇ ਚਾਹੀਦੇ ਹਨ, ਅੱਜ ਦੇ ਸਮੇਂ ਇਸ ਤੋਂ ਭਾਵ ਹੈ ਕਿ ਜੋ ਵੀ ਕਰਮ ਸੁਚੱਜੀ ਤਰ੍ਹਾਂ ਕੀਤੇ ਜਾਣਗੇ, ਉਨ੍ਹਾਂ ਦੇ ਫਲ ਇੱਛਾ ਅਨੁਸਾਰ ਮਿਲਣਗੇ ਹੀ। ਇਥੇ ਜਗਿਆਸੂ ਆਪਣਾ ਪਸ਼ੂ ਰੂਪੀ ਸੁਭਾਅ, ਆਪਣਾ ਅਗਿਆਨ ਤੇ ਅਵਿਦਿਆ ਗਿਆਨ ਦੀ ਅਗਨੀ ਵਿਚ ਅਰਪਣ ਕਰਦਾ ਹੈ।

ਇਹ ਬਿਲਕੁਲ ਸੱਚ ਹੈ ਕਿ ਮਨੁੱਖ ਤਿੰਨਾਂ ਗੁਣਾਂ ਦਾ ਮਿਸ਼ਰਨ ਹੈ। ਪਸ਼ੂ ਸੁਭਾਅ, ਮਨੁੱਖ ਦਾ ਸੁਭਾਅ ਤੇ ਆਤਮਕ ਅਧਿਆਤਮ ਪਾਸਾ, ਦੈਵੀ ਪਾਸਾ ਜੋ ਵੀ ਕਹਿ ਲਵੋ। ਭਗਵਤ ਗੀਤਾ ਵਿਚ ਇਨ੍ਹਾਂ ਤਿੰਨਾਂ ਪੱਖਾਂ ਨੂੰ, ਤਮੋ ਗੁਣ,

ਰਜੋ ਗੁਣ ਤੇ ਸਾਤਵਕ ਗੁਣ ਦੱਸਿਆ ਗਿਆ ਹੈ। ਜਦੋਂ ਮਨੁੱਖਾਂ ਅੰਦਰ ਦੇ ਪਸ਼ੂ ਨੂੰ ਸਿਖਾਉਣ ਲਗਦਾ ਹੈ, ਉਸ ਨੂੰ ਸਿਰਜਣਾਤਮਕ ਬਣਾਉਣ ਲਗਦਾ ਹੈ। ਮਨੁੱਖੀ ਯੋਗਤਾ ਨੂੰ ਮਾਨਸਿਕ ਗੁਣਾਂ ਨੂੰ ਆਪਣੇ ਕਰਮਾਂ ਵਿਚ, ਕੰਮ ਕਾਜ ਕਰਨ ਵਿਚ ਲਿਆਉਣ ਲਗਦਾ ਹੈ, ਆਪਣੀ ਬੋਲੀ ਵਿਚ ਕਰਨੀ ਵਿਚ ਉਤਾਰਨ ਲਗਦਾ ਹੈ ਉਹ ਪੂਰੀ ਤਰ੍ਹਾਂ ਨਾਲ ਸਭਿਅ ਹੋ ਜਾਂਦਾ ਹੈ ਤੇ ਆਤਮਕ ਪ੍ਰਾਪਤੀ ਕਰ ਲੈਂਦਾ ਹੈ, ਰੂਹਾਨੀਅਤ ਪ੍ਰਾਪਤੀਆਂ ਕਰ ਲੈਂਦਾ ਹੈ। ਜਦੋਂ ਤਕ ਮਨੁੱਖ ਦੇ ਅੰਦਰ ਪਸ਼ੂ ਸੁਭਾਅ ਦਾ ਜ਼ੋਰ ਰਹੇਗਾ ਰੂਹਾਨੀ ਗੁਣ ਛੁਪੇ ਰਹਿਣਗੇ।

ਤਮੋ, ਰਜੋ ਤੇ ਸਤੋ ਗੁਣਾਂ ਦੀ ਧਾਰਨਾ ਨੂੰ ਤਿੰਨ ਗੁਣ ਵੀ ਕਿਹਾ ਗਿਆ ਹੈ, ਉਹ ਤਿੰਨ ਗੁਣ ਜਿਹੜੇ ਮਿਲ ਕੇ ਇਕ ਸਚਾਈ ਇਕ ਵਾਸਤਵਿਕਤਾ ਬਣਦੀ ਹੈ। ਤਮੋ ਗੁਣ, ਇਕ ਬਹੁਤ ਜਟਿਲ ਤੇ ਗੁਝਾ ਗੁਣ ਹੈ, ਇਹ ਅਗਿਆਨ ਅੰਧੇਰੇ, ਸ਼ੱਕ, ਜੜ੍ਹਤਾ, ਅਕ੍ਰਿਆਸ਼ੀਲ ਨਾਲ ਜੁੜਿਆ ਹੋਇਆ ਹੈ, ਤਮੋ ਗੁਣ ਭਾਰਾ ਹੈ, ਹੌਲੀ ਚਲਣ ਵਾਲਾ ਹੈ, ਬਹੁਤ ਗਾੜ੍ਹਾ ਹੈ, ਸੰਘਣਾ ਹੈ ਤੇ ਇਸ ਵਿਚ ਸਭ ਤੋਂ ਵੱਧ, ਵਾਸਤਵਿਕ ਗੁਣ ਹਨ, ਇਹ ਸਥਾਈ ਹੈ, ਸਭ ਤੋਂ ਵੱਧ ਤਾਮਸਿਕ ਵਸਤੂ ਮਨੁਖ ਦਾ ਸਰੀਰ ਹੈ।

ਰਜੋ ਗੁਣ ਸ਼ਕਤੀ ਦੇਣ ਦਾ ਗੁਣ ਹੈ, ਇਸ ਦਾ ਸਬੰਧ ਹਿਲਜੁਲ ਨਾਲ ਹੈ, ਇਛਾ ਨਾਲ ਹੈ ਤੇ ਕਰਮ ਕਰਨ ਨਾਲ ਹੈ। ਇਹ ਤਮੋ ਗੁਣ ਨਾਲੋਂ ਵਧੇਰੇ ਗਤਿਸ਼ੀਲ ਹੈ। ਪਰ ਇਸ ਨੂੰ ਛਿੱਥੇਪਣ ਤੇ ਬੇਚੈਨੀ ਨਾਲ ਵੀ ਜੋੜਿਆ ਜਾਂਦਾ ਹੈ। ਇਸ ਦਾ ਸਭ ਤੋਂ ਵੱਡਾ ਗੁਣ ਹੈ ਸ਼ਕਤੀ ਨੂੰ ਦਿਸ਼ਾ ਦੇਣੀ ਇਕ ਖਾਸ ਰੂਪ ਦੇਣਾ। ਮਨੁੱਖ ਦੇ ਸਾਰੇ ਕਰਮ ਇਸ ਗੁਣ ਨਾਲ ਹੀ ਸਬੰਧ ਰਖਦੇ ਹਨ, ਖਾਸ ਕਰਕੇ ਸਿਰਜਨਾਤਮਕ ਕ੍ਰਿਆਵਾਂ। ਇਸ ਗੁਣ ਨਾਲ ਤੁਸੀਂ ਕਮਾਉਂਦੇ ਹੋ, ਤੁਹਾਡੇ ਕੋਲ ਕੁਝ ਆਂਦਾ ਹੈ ਤੇ ਤੁਸੀਂ ਸੰਸਾਰ ਵਿਚ ਖੁਸ਼ੀਆਂ ਮਾਣਦੇ ਹੋ। ਜਿਨ੍ਹਾਂ ਵਿਚ ਇਹ ਗੁਣ ਪ੍ਰਧਾਨ ਹੁੰਦਾ ਹੈ, ਉਹ ਬਾਹਰੀ ਸੰਸਾਰ ਵਿਚ ਵਧੇਰੇ ਸੁਚੇਤ ਰਹਿੰਦੇ ਹਨ, ਮਨੁੱਖ ਸਭ ਤੋਂ ਵੱਡਾ ਰਾਜਸਿਕ ਗੁਣ ਹੈ।

ਸਤੋ ਗੁਣ ਦਾ ਸਬੰਧ, ਗੁਣ ਅਨੁਸਾਰ ਉਸ ਸ਼ਕਤੀ ਨਾਲ ਹੈ ਜਿਹੜੀ ਹਰ ਤਰ੍ਹਾਂ ਦਾ ਸੰਤੁਲਨ ਰਖਦੀ ਹੈ, ਸ਼ਾਂਤੀ ਅਚੰਚਲਤਾ ਤੇ ਇਕਸਾਰਤਾ ਰਖਦਾ ਹੈ, ਸਤੋ ਗੁਣ ਨੂੰ ਸਪਸ਼ਟਤਾ ਸ਼ੁਧਤਾ, ਪ੍ਰਕਾਸ਼, ਨਿਰਮਲਤਾ ਤੇ ਗਿਆਨ ਨਾਲ ਜੋੜਿਆ ਜਾਂਦਾ ਹੈ। ਮਨੁੱਖ ਦਾ ਸਾਤਵਿਕ ਪੱਖ ਉਸ ਦੀ ਆਤਮਾ ਹੈ, ਅੰਦਰ ਵਸਦੀ ਰੂਪ, ਚਿੱਤ।

ਮਨੁੱਖ ਦੇ ਪੱਧਰ ਤੇ ਜਗਿਆਸੂ ਨੂੰ ਲੋੜ ਹੈ ਕਿ ਉਹ ਤਿੰਨਾਂ ਗੁਣਾਂ ਵਿਚ ਸੰਤੁਲਨ ਲਿਆਵੇ, ਇਨ੍ਹਾਂ ਤਿੰਨਾਂ ਗੁਣਾਂ ਦੇ ਅਰਥ ਸਮਝੇ ਇਨ੍ਹਾਂ ਦੀਆਂ ਰੁਚੀਆਂ, ਪਰਵ੍ਰਿਤੀਆਂ ਸਮਝੇ, ਫੇਰ ਸੁਚੱਜੀ ਤਰ੍ਹਾਂ ਨਾਲ ਤਾਮਸਿਕ ਤੇ ਰਾਜਸਿਕ ਗੁਣਾਂ ਨੂੰ, ਇਨ੍ਹਾਂ ਪ੍ਰਵਿਰਤੀਆਂ ਨੂੰ ਸਾਧ ਕੇ ਸਾਤਵਿਕ ਪਾਸੇ ਲਾਇਆ ਜਾਵੇ ਤੇ ਸਾਤਵਿਕ ਪ੍ਰਵਿਰਤੀਆਂ ਨੂੰ ਹੀ ਵਾਧਾ ਦੇਣਾ ਚਾਹੀਦਾ ਹੈ। ਇਕ ਵਾਰੀ ਜਦੋਂ ਸਾਤਵਿਕ ਪ੍ਰਵਿਤੀ ਹੀ ਅੰਦਰ ਘਰ ਕਰ ਜਾਂਦੀਆਂ ਹਨ ਤਾਂ ਜਗਿਆਸੂ ਲਈ ਹਰ ਚੀਜ਼ ਨੂੰ ਸਹੀ ਤਰੀਕੇ ਨਾਲ ਦੇਖਣਾ ਸੌਖਾ ਹੋ ਜਾਂਦਾ ਹੈ। ਮਨ ਇਕ ਬਿੰਦੂ ਤੇ ਟਿਕ ਜਾਂਦਾ ਹੈ, ਸ਼ਾਂਤ ਹੋ ਜਾਂਦਾ ਹੈ ਤੇ ਜੀਵਨ ਦੇ ਉਤਾਰ ਚੜ੍ਹਾਅ ਨਾਲ ਮਨ ਦੁਖੀ ਨਹੀਂ ਹੁੰਦਾ।

ਜਗਿਆਸੂ ਲਈ ਸਾਤਵਿਕ ਹੋਣਾ ਬਹੁਤ ਹੀ ਅਵੱਸ਼ਕ ਹੈ, ਏਨਾ ਹੀ ਨਹੀਂ ਉਸ ਨੂੰ ਹਰ ਪੱਧਰ ਤੇ ਸਾਤਵਿਕ ਹੋਣਾ ਪੈਂਦਾ ਹੈ। ਮਿਸਾਲ ਵਜੋਂ ਖਾਣ ਪੀਣ ਵਿਚ ਸਾਤਵਿਕ ਭੋਜਨ ਖਾਣਾ, ਉਹ ਸਭ ਕੁਝ ਤੋਂ ਪਰਹੇਜ਼ ਕਰਨਾ, ਜਿਹੜਾ ਸੁਸਤੀ ਪੈਦਾ ਕਰੇ, ਸਰੀਰ ਨੂੰ ਅਕ੍ਰਿਆਸ਼ੀਲ ਬਣਾਵੇ ਜਾਂ ਸਰੀਰ ਨੂੰ ਵਧੇਰੇ ਉਤੇਜਿਤ ਕਰੇ, ਕਾਮ ਪ੍ਰਵਿਰਤੀਆਂ ਨੂੰ ਵਧੇਰੇ ਉਤੇਜਿਤ ਕਰੇ। ਇਹੋ ਜਿਹਾ ਭੋਜਨ ਸਰੀਰ ਲਈ, ਦਿਮਾਗ ਲਈ ਦੋਨਾਂ ਲਈ ਹੀ ਹਾਨੀਕਾਰਕ ਹੈ। ਇਕ ਨਾੜੀ ਯੰਤਰ ਨੂੰ Nervous system ਨੂੰ ਨੁਕਸਾਨ ਪਹੁੰਚਾਉਂਦੀ ਹੈ ਤੇ ਅੰਤ ਵਿਚ ਦਿਮਾਗ ਵੀ ਕਮਜ਼ੋਰ ਪੈ ਜਾਂਦਾ ਹੈ। ਸੰਵੇਗਕ ਅਧੋਗਤੀ, ਗਿਰਾਵਟ ਵੀ ਆ ਜਾਂਦੀ ਹੈ।

ਜੀਵਨ ਵਿਚ ਕਾਮ ਬਿਰਤੀ ਨੂੰ ਕਰਮਬੱਧ ਕਰਨਾ, ਪਰਿਵਾਰਕ ਜੀਵਨ ਲਈ ਅਤਿ ਅਵਸ਼ਕ ਹੈ। ਕਰਮਬੱਧ ਕਰਨ ਨਾਲ ਇਸ ਰੁਚੀ ਤੋਂ ਮਨ ਸ਼ਾਂਤ ਰਹੇਗਾ, ਇਸ ਤਰ੍ਹਾਂ ਕਰਨ ਨਾਲ ਮਨ ਨਿਰੰਤਰ ਕਾਮ ਵਾਸਨਾ ਵਲ ਨਹੀਂ ਜਾਏਗਾ। ਜਗਿਆਸੂ ਲਈ ਇਹ ਬਹੁਤ ਜ਼ਰੂਰੀ ਹੈ ਉਹ ਕਿਸੇ ਵੀ ਚੀਜ਼ ਲਈ ਅਤਿਵਾਦ ਨਾ ਕਰੇ ਤੇ ਨਾਲ ਹੀ ਆਪਣੇ ਆਪ ਤੇ ਕਿਸੇ ਤਰ੍ਹਾਂ ਦਾ ਕਾਬੂ ਬਾਹਰੋਂ ਨਾ ਥੋਪੇ, ਹਰ ਕਿਸਮ ਦਾ ਸੰਜਮ ਅੰਦਰੋਂ ਹੀ ਆਉਣਾ ਚਾਹੀਦਾ ਹੈ। ਕਿਸੇ ਵੀ ਪ੍ਰਵਿਰਤੀ ਨੂੰ ਬਾਹਰ ਦੇ ਦਬਾਓ ਨਾਲ ਦਬਾਣ ਨਾਲ ਅੰਦਰ ਕਿਸੇ ਕਿਸਮ ਦਾ ਡਰ ਬੈਠ ਸਕਦਾ ਹੈ, ਕੋਈ ਹੋਰ ਮਾਨਸਿਕ ਨੁਕਸ ਪੈ ਸਕਦਾ ਹੈ, ਮਨੁੱਖ ਵਿਚ ਅਕਰਮਕਤਾ ਆ ਸਕਦੀ ਹੈ। ਇਨ੍ਹਾਂ ਕਾਰਨਾਂ ਕਰਕੇ ਆਪਣੇ ਆਪ ਤੇ ਸੰਜਮ ਲਾਗੂ ਕਰਨਾ, ਆਪਣੇ ਆਪ ਤੇ ਕੰਟਰੋਲ ਕਰਨਾ ਅਤਿ ਅਵਸ਼ਕ ਹੈ, ਚਾਰ ਪ੍ਰਾਰੰਭਕ ਜੀਵਨ ਸਰੋਤਾ ਤੇ ਕਾਬੂ ਪਾਉਣਾ ਅਤਿ ਲੋੜੀਂਦਾ ਹੈ ਇਹ ਚਾਰ ਹਨ ਖਾਣਾ ਪੀਣਾ, ਕਾਮ ਵਿਰਤੀ, ਸੌਣਾ ਤੇ ਸਵੈ ਸੰਭਾਲ।

ਜੇ ਤੁਹਾਡਾ ਖਾਣਾ ਪੀਣਾ ਠੀਕ ਨਹੀਂ ਤਾਂ ਜਾਂ ਤਾਂ ਤੁਸੀਂ ਵਧੇਰੇ ਸੋਵੋਂਗੇ ਜਾਂ ਨੀਂਦ ਬਹੁਤ ਘੱਟ ਆਵੇਗੀ ਤੇ ਨਾਲ ਹੀ ਡਰਾਵਣੇ ਸੁਪਨੇ ਆ ਸਕਦੇ ਹਨ। ਜਿਹੜੇ ਕਿ ਬਹੁਤ ਦੁਖਦਾਈ ਹੁੰਦੇ ਹਨ ਤੇ ਸਹਿਤ ਨੂੰ ਵੀ ਹਾਨੀ ਪਹੁੰਚਾ ਸਕਦੇ ਹਨ। ਜੇ ਤੁਸੀਂ ਬਾਰ-ਬਾਰ ਵਧੇਰੇ ਸੌਵੋਂਗੇ ਤੇ ਨਾ ਕੇਵਲ ਤੁਹਾਡੀ ਵਧੇਰੇ ਸੌਣ ਦੀ ਆਦਤ ਬਣ ਜਾਏਗੀ ਤੁਸੀਂ ਅਕ੍ਰਿਆਸ਼ੀਲ ਵੀ ਹੋ ਜਾਵੋਗੇ। ਇਕ ਵਾਰੀ ਜੇ ਇਹ ਆਦਤ ਬਣ ਜਾਏ ਇਸ ਤੋਂ ਛੁਟਕਾਰਾ ਪਾਉਣਾ ਔਖਾ ਹੋ ਜਾਵੇਗਾ। ਮਨੁੱਖੀ ਵਿਅਕਤੀਤ੍ਵ ਸਾਡੀਆਂ ਆਦਤਾਂ ਦਾ ਹੀ

ਸੰਗ੍ਰਹਿ ਹੁੰਦਾ ਹੈ। ਇਸ ਕਾਰਨ ਕਰਕੇ ਜਗਿਆਸੂ ਨੂੰ ਚਾਹੀਦਾ ਹੈ ਕਿ ਆਪਣੀਆਂ ਪ੍ਰਵਿਰਤੀਆਂ ਨੂੰ ਕਰਮਬੱਧ ਕਰੇ, ਖਾਸ ਤੌਰ ਤੇ ਜਿਹੜੀਆਂ ਚਾਰ ਉਤੇ ਦਿਤੀਆਂ ਗਈਆਂ ਹਨ ਤੇ ਆਪਣੇ ਆਚਾਰ ਨੂੰ ਬਹੁਤ ਹੀ ਧਿਆਨ ਨਾਲ ਦੇਖੇ, ਉਸ ਦਾ ਨਰੀਖਣ ਕਰੇ ਤੇ ਆਪਣੀ ਸਮਰੱਥਾ ਵੀ ਦੇਖੇ।

ਸਾਤਵਿਕ ਬਣਨ ਤੋਂ ਭਾਵ ਹੈ ਕਿ ਹਰ ਸਮੇਂ ਜੀਵਨ ਵਿਚ ਸੰਤੁਲਨ ਪੈਦਾ ਕਰੋ, ਸੰਤੁਲਨ ਲਿਆਓ, ਨਾ ਕਿ ਅਧਿਕਤਾ ਦਾ ਆਚਰਣ ਰੱਖੋ। ਜਦੋਂ ਜਗਿਆਸੂ ਇਕ ਜਗ੍ਹਾ ਟਿਕ ਕੇ ਬੈਠਦਾ ਹੈ ਤੇ ਅਚੰਚਲਤਾ ਪੈਦਾ ਕਰਦਾ ਹੈ, ਆਪਣੇ ਸੁਾਸ ਦੇਖਦਾ ਹੈ, ਫੇਰ ਉਸ ਨੂੰ ਆਪਣੇ ਮਨ ਦਾ ਸਾਮ੍ਹਣਾ ਕਰਨਾ ਪੈਂਦਾ ਹੈ। ਜੇ ਉਸ ਨੇ ਕਿਸੇ ਵੀ ਪਰਵਿਰਤੀ ਦੀ ਵਰਤੋਂ ਅਧਿਕਤਾ ਵਿਚ ਕੀਤੀ ਹੈ ਤਾਂ ਮਨ ਬਾਰ-ਬਾਰ ਉਥੇ ਹੀ ਜਾਏਗਾ ਤੇ ਮਨ ਨੂੰ ਅਸ਼ਾਂਤ ਕਰੇਗਾ ਤੇ ਜਗਿਆਸੂ ਧਿਆਨ ਨਹੀਂ ਲਗਾ ਸਕੇਗਾ। ਸਾਡਾ ਖਾਣਾ ਪੀਣਾ, ਸਾਡਾ ਵਿਵਹਾਰ ਜੋ ਅਸੀਂ ਸੰਸਾਰ ਵਿਚ ਕਰਦੇ ਹਾਂ, ਇਹ ਸਾਡੇ ਮਨ ਤੇ ਪ੍ਰਭਾਵ ਪਾਉਂਦੇ ਹਨ, ਇਸੇ ਤਰ੍ਹਾਂ ਸਾਡੇ ਵਿਚਾਰ ਸਾਡੇ ਮਨ ਵਿਚ ਖਿਚੋਤਾਣ ਪੈਦਾ ਕਰਦੇ ਹਨ ਤੇ ਨਾਲ ਹੀ ਸਾਡੇ ਵਿਵਹਾਰ ਵਿਚ ਵੀ। ਮਨ ਤੇ ਵਿਵਹਾਰ ਦੋਨੋਂ ਹੀ ਇਕ ਦੂਸਰੇ ਤੇ ਪ੍ਰਭਾਵ ਪਾਉਂਦੇ ਹਨ, ਪਰ ਸਾਤਵਿਕ ਮਨ ਵਿਚ, ਸਦਾ ਹੀ ਨਿਰਮਲਤਾ, ਸਪਸ਼ਟਤਾ, ਨਿਸਚਿਤਤਾ ਹੋਵੇਗੀ ਤੇ ਬੁਧੀ ਸਦਾ ਹੀ ਬੜੇ ਹੀ ਠੀਕ ਢੰਗ ਨਾਲ ਕੰਮ ਕਰੇਗੀ।

ਤਿਆਗੀ ਕਦੇ ਵੀ ਆਪਣਾ ਸਮਾਂ, ਖਾਣ ਪੀਣ, ਕਾਮ ਬਿਰਤੀ ਤੇ ਸ੍ਵੈ ਸੰਭਾਲ ਵਿਚ ਨਹੀਂ ਗਵਾਉਂਦੇ ਕਿਉਂਕਿ ਉਨ੍ਹਾਂ ਜਾਂ ਤਾਂ ਇਨ੍ਹਾਂ ਪ੍ਰਵਿਰਤੀਆਂ ਤੇ ਕਾਬੂ ਪਾਉਣ ਦਾ ਰਾਹ ਲੱਭ ਲਿਆ ਹੈ ਜਾਂ ਇਨ੍ਹਾਂ ਦਾ ਉਨਤੀਕਰਣ ਕਰ ਲਿਆ ਹੈ। ਯੋਗ ਵਿਚ ਕੁਝ ਕ੍ਰਿਆਵਾਂ ਇਹੋ ਜਿਹੀਆਂ ਹਨ ਜਿਨ੍ਹਾਂ ਦੀ ਵਰਤੋਂ ਨਾਲ ਇਨ੍ਹਾਂ ਤੇ ਕਾਬੂ ਪਾਇਆ ਜਾਂਦਾ ਹੈ।

ਗ੍ਰਹਿਸਤੀਆਂ ਲਈ ਇਹ ਵਧੇਰੇ ਚੰਗਾ ਹੋਵੇਗਾ ਜੇ ਉਹ ਆਪਣੀਆਂ ਸ਼ਕਤੀਆਂ, ਸੰਤੁਲਨ ਭੋਜਨ ਖਾ ਕੇ, ਸੰਤੁਲਨ ਵਿਚ ਲਿਆ ਕੇ, ਉਨ੍ਹਾਂ ਦੀ ਵਰਤੋਂ ਕਰਨ। ਸਹਿੰਦਾ ਸਹਿੰਦਾ ਖਾਣ, ਸਹਿੰਦਾ ਹੀ ਸੌਣਾ ਤੇ ਸਹਿੰਦੀ ਹੀ ਕਾਮ ਪ੍ਰਵਿਰਤੀ ਰੱਖਣ, ਕਿਸੇ ਤਰ੍ਹਾਂ ਦਾ ਡਰ ਭੈ ਆਪਣੇ ਮਨ ਵਿਚ ਨਾ ਰੱਖਣ, ਜਿਸ ਨਾਲ ਉਨ੍ਹਾਂ ਦੇ ਅੰਤਰ ਨੂੰ ਕਿਸੇ ਕਿਸਮ ਦਾ ਨੁਕਸਾਨ ਪਹੁੰਚੇ। ਜੀਵਨ ਵਿਚ ਸਫਲਤਾ ਪ੍ਰਾਪਤ ਕਰਨ ਲਈ, ਤਾਮਸਿਕ ਪ੍ਰਵਿਰਤੀਆਂ ਤੇ ਕਾਬੂ ਪਾਉਣਾ ਬਹੁਤ ਜ਼ਰੂਰੀ ਹੈ। ਕਿਉਂ ਜੋ ਤਾਮਸਿਕ ਪ੍ਰਵਿਰਤੀਆਂ ਹੀ ਤੁਹਾਨੂੰ ਹਿੰਸਕ ਬਣਾਉਂਦੀਆਂ ਹਨ, ਭਾਵਹੀਣ ਬਣਾਉਂਦੀਆਂ ਹਨ ਤੇ ਨਿਆਏਹੀਣ ਬਣਾਉਂਦੀਆਂ ਹਨ।

ਬੇਅਰਥ ਦੇ ਕੰਮ ਨੂੰ ਘਟਾ ਕੇ ਪੂਰੀ ਤਰ੍ਹਾਂ ਨਾਲ ਛੱਡ ਕੇ ਤੁਸੀਂ ਸਾਤਵਿਕ ਬਣਦੇ ਹੋ। ਜਿਵੇਂ-ਜਿਵੇਂ ਬੇਅਰਥ ਕ੍ਰਿਆ ਘਟਾਓਗੇ, ਪਵਿਤਰਤਾ ਵਧੇਗੀ ਤੇ ਸਾਤਵਿਕਤਾ ਆਏਗੀ। ਚਰਿੱਤਰ ਹੀ ਸਾਤਵਿਕ ਹੁੰਦਾ ਚਲਾ ਜਾਏਗਾ। ਤੁਹਾਨੂੰ ਨਕਾਰਾਤਮਕ ਵਿਚਾਰ ਵੀ ਛੱਡਣੇ ਚਾਹੀਦੇ ਹਨ, ਇਨ੍ਹਾਂ ਨਾਲ ਮਨ ਦੀ ਨਿਰਮਲਤਾ, ਸਪਸ਼ਟਤਾ ਜਾਂਦੀ ਰਹਿੰਦੀ ਹੈ ਤੇ ਨਾਲ ਹੀ ਖੁਸ਼ੀ ਵੀ ਅਲੋਪ ਹੋ ਜਾਂਦੀ ਹੈ। ਉਹ ਹੀ ਸਿਆਣੇ ਹਨ ਜਿਹੜੇ ਆਪਣੇ ਆਪ ਨੂੰ ਘੋਖਦੇ ਹਨ, ਆਪਣਾ ਨਰੀਖਣ ਕਰਦੇ ਹਨ ਤੇ ਆਪਣੇ ਉਤੇ ਕਾਬੂ ਪਾਉਂਦੇ ਹਨ, ਆਪਣੀਆਂ ਅੰਦਰ ਦੀਆਂ ਪ੍ਰਵਿਰਤੀਆਂ ਤੇ, ਆਪਣੀਆਂ ਰੁਚੀਆਂ ਤੇ, ਤੇ ਇਛਾਵਾਂ ਤੇ ਕਾਬੂ ਪਾਉਂਦੇ ਹਨ ਤੇ ਆਪਣੇ ਮਨ ਨੂੰ ਕਿਸ ਤਰ੍ਹਾਂ ਦੀ ਝਰੀ ਵਿਚ ਫਸਣ ਨਹੀਂ ਦਿੰਦੇ ਤਾਂ ਜੋ ਮਨ ਨੂੰ ਕਿਸੇ ਕਿਸਮ ਦੀ ਚੋਟ ਨਾ ਪਹੁੰਚੇ।

ਤੁਸੀਂ ਥੋੜ੍ਹੀ ਦੇਰ ਲਈ ਚੁੱਪ ਕਰਕੇ ਬੈਠੋ ਤੇ ਆਪਣੇ ਵਿਵਹਾਰ ਨੂੰ ਚੰਗੀ ਤਰ੍ਹਾਂ ਪੜਚੋਲੋ। ਆਪਣੇ ਸੋਚਣ ਦੇ ਤਰੀਕੇ ਨੂੰ ਵੇਖੋ। ਜੇ ਤੁਸੀਂ ਮਨ ਵਿਚ ਗਲਤ ਵਿਚਾਰ ਨਾ ਆਉਣ ਦਿਓ, ਬਲਕਿ ਚੰਗੇ ਵਿਚਾਰ ਆਪਣੇ ਮਨ ਵਿਚ ਪੈਦਾ ਕਰੋ। ਦੂਸਰਿਆਂ ਦੀ ਸਹਾਇਤਾ ਕਰਨ ਦੇ ਵਿਚਾਰ, ਲਾਭ ਪਹੁੰਚਾਣ ਦੇ ਵਿਚਾਰ, ਮਨ ਉਸ ਤਰ੍ਹਾਂ ਦੇ ਹੀ ਵਿਚਾਰ ਪੈਦਾ ਕਰਨ ਲਗ ਪੈਂਦਾ ਹੈ। ਅੰਤ ਇਕ ਸਮਾਂ ਇਹੋ ਜਿਹਾ ਆਉਂਦਾ ਹੈ ਜਦੋਂ ਤਾਮਸਿਕ ਵਿਚਾਰ ਮਨ ਵਿਚ ਆਉਂਦੇ ਹੀ ਨਹੀਂ, ਰਾਜਸਿਕ ਵਿਚਾਰ ਵੀ ਬੜੇ ਸੀਮਤ ਤਰੀਕੇ ਦੇ ਹੀ ਆਉਂਦੇ ਹਨ ਤੇ ਸਾਤਵਿਕ ਵਿਚਾਰ ਸਦਾ ਲਈ ਬਣ ਜਾਂਦੇ ਹਨ। ਜਦੋਂ ਮਨ ਵਿਚ ਸਾਤਵਿਕ ਵਿਚਾਰ ਘਰ ਕਰ ਜਾਂਦੇ ਹਨ ਉਹ ਮਨ ਮੈਡੀਟੇਸ਼ਨ ਲਈ ਤਿਆਰ ਹੋ ਜਾਂਦਾ ਹੈ, ਧਿਆਨ ਲਗਾਉਣ ਲਈ ਤਿਆਰ ਹੋ ਜਾਂਦਾ ਹੈ ਤੇ ਤੁਸੀਂ ਚੰਗੀ ਤਰ੍ਹਾਂ ਭਗਤੀ ਕਰ ਸਕਦੇ ਹੋ।

ਇਸ ਸ਼ਲੋਕ ਵਿਚ ਇਹ ਦੱਸਿਆ ਗਿਆ ਹੈ ਕਿ ਗ੍ਰਹਿਸਤ ਜੀਵਨ, ਜੀਵਨ ਦੀ ਦੂਸਰੀ ਪੌੜੀ ਹੈ। ਇਹ ਉਹ ਪੌੜੀ ਹੈ ਜਿਥੇ ਅੱਗੇ ਪੌੜੀਆਂ ਚੜ੍ਹਨ ਦੀ ਤਿਆਰੀ ਹੋ ਸਕਦੀ ਹੈ। ਆਤਮ ਪੜਚੋਲ ਦਾ, ਰਵੱਈਆ ਬਣਾ ਕੇ, ਰੁਚੀ ਬਣਾ ਕੇ, ਆਤਮ ਸੰਜਮ, ਆਤਮ ਅਨੁਸ਼ਾਸਨ ਅਪਣਾਅ ਕੇ, ਇਹ ਕੋਈ ਔਖਾ ਨਹੀਂ ਹੈ, ਸ਼ਰਤ ਇਹ ਹੈ ਅਨੁਸਾਸ਼ਨ ਬਾਹਰੋਂ ਨਹੀਂ ਅੰਦਰੋਂ ਪੈਦਾ ਹੋਣਾ ਚਾਹੀਦਾ ਹੈ। ਬਾਹਰ ਦੀਆਂ ਕੀਮਤਾਂ ਕਦਰਾਂ ਕਰਕੇ, ਬਾਹਰੋਂ ਨਹੀਂ ਥੋਪਿਆ ਜਾਣਾ ਚਾਹੀਦਾ।

ਪਿਛਲੇ ਭਾਗ ਵਿਚ ਅਸੀਂ ਦੇਖਿਆ ਸੀ ਕਿ ਅੰਗੀਰਸ ਨੇ ਸ਼ੌਨਕ ਨੂੰ ਸੰਸਾਰਕ ਗਿਆਨ ਤੇ ਬ੍ਰਹਮ ਗਿਆਨ ਦੋਨੋਂ ਹੀ ਦਿਤੇ ਸੀ। ਸੰਸਾਰਕ ਗਿਆਨ ਨਾਲ ਤੁਸੀਂ ਸੰਸਾਰ ਵਿਚ ਵਧਦੇ-ਫੁਲਦੇ ਹੋ, ਨਾਮ ਪ੍ਰਾਪਤ ਕਰਦੇ ਹੋ, ਬ੍ਰਹਮ ਗਿਆਨ ਰਾਹੀਂ ਤੁਸੀਂ ਮੋਕਸ਼ ਪ੍ਰਾਪਤ ਕਰਦੇ ਹੋ।

ਸ਼ੌਨਕ ਨੂੰ ਪਰਾ ਵਿਦਿਆ ਦਾ ਗਿਆਨ ਦੇਣ ਤੋਂ

ਭਾਵ ਹੈ ਕਿ ਗ੍ਰਹਿਸਤੀਆਂ ਨੂੰ ਇਹ ਸਮਝ ਲੈਣਾ ਚਾਹੀਦਾ ਹੈ ਕਿ ਇਹ ਹੈ ਤਾਂ ਪਹਿਲੀ ਪੌੜੀ ਹੀ ਪਰ ਹੈ ਬਹੁਤ ਹੀ ਮਹੱਤਵਪੂਰਨ, ਇਸ ਉਤੇ ਚੜ੍ਹੇ ਬਿਨਾਂ ਉਪਰਲੇ ਡੰਡਿਆਂ ਉਤੇ ਨਹੀਂ ਚੜ੍ਹਿਆ ਜਾ ਸਕਦਾ। ਇਹ ਪੜ੍ਹ ਕੇ ਗ੍ਰਹਿਸਤੀਆਂ ਨੂੰ ਢਾਰਸ ਮਿਲਦੀ ਹੈ, ਉਹ ਇਹ ਸਮਝ ਜਾਂਦੇ ਹਨ ਕਿ ਜੋ ਕੁਝ ਵੀ ਉਹ ਜੀਵਨ ਵਿਚ ਕਰਦੇ ਹਨ, ਜਿਹੜੀ ਕਿਰਿਆਂ ਕਰਦੇ ਹਨ ਜੋ ਕਰਮ ਕਰਦੇ ਹਨ ਉਹ ਅਵੱਸ਼ਕ ਹਨ, ਇਹ ਸਭ ਕੁਝ ਕਰਨ ਨਾਲ ਬਹੁਤ ਸਾਰੀਆਂ ਰੁਕਾਵਟਾਂ ਜੋ ਇਸ ਮਾਰਗ ਤੇ ਆਉਂਦੀਆਂ ਹਨ ਉਹ ਦੂਰ ਹੋ ਜਾਂਦੀਆਂ ਹਨ। ਬਹੁਤ ਸਾਰੇ ਗ੍ਰਹਿਸਤੀ ਇਹ ਸੋਚਦੇ ਹਨ ਕਿ ਉਹ ਤਾਂ ਕੇਵਲ ਇਕ ਗ੍ਰਹਿਸਤੀ ਹੀ ਹਨ, ਉਹ ਸਤਿ ਦੀ ਪ੍ਰਾਪਤੀ ਕਿਵੇਂ ਕਰ ਸਕਦੇ ਹਨ, ਸਤਿ ਦੀ ਪ੍ਰਾਪਤੀ ਤਾਂ ਕੇਵਲ ਤਿਆਗੀ ਹੀ ਕਰ ਸਕਦੇ ਹਨ, ਇਹ ਗੱਲ ਬਿਲਕੁਲ ਗਲਤ ਹੈ।

ਕਠ ਉਪਨਿਸ਼ਦ ਵਿਚ ਲਿਖਿਆ ਹੈ, ਜਾਗੋ, ਗਿਆਨ ਪ੍ਰਾਪਤ ਕਰੋ, ਸਤਿ ਦੀ ਪ੍ਰਾਪਤੀ ਕਰੋ, ਸਤਿ ਦੀ ਪ੍ਰਾਪਤੀ ਹਰ ਇਕ ਮਨੁੱਖ ਦਾ ਅਧਿਕਾਰ ਹੈ। ਜੋ ਕੁਝ ਵੀ ਉਪਨਿਸ਼ਦ ਵਿਚ ਲਿਖਿਆ ਹੈ ਉਹ ਤਿਆਗੀ ਦੇ ਮਾਰਗ ਤੇ ਚੱਲਣ ਵਾਲਿਆਂ ਲਈ ਤਾਂ ਸੱਚ ਹੈ ਹੀ ਪਰ ਨਾਲ ਹੀ ਨਿਰ-ਸੁਆਰਥ ਕਰਮ ਕਰਨ ਵਾਲਿਆਂ ਲਈ ਵੀ ਸੱਚ ਹੈ।

ਸੰਸਾਰ ਸ਼ਬਦ ਦੇ ਅਰਥ ਹਨ ਜਿਸ ਦਾ ਨਾਂ ਕੋਈ ਆਦਿ ਹੈ ਨਾ ਕੋਈ ਅੰਤ। ਕ੍ਰਿਆ, ਸਾਧਨ, ਫਲ ਇਹ ਤਿੰਨ ਇਸ ਸੰਸਾਰ ਦੀਆਂ ਵਿਸ਼ੇਸ਼ਤਾਵਾਂ ਹਨ ਜਿਹੜੇ ਲੋਕ, ਪਦਾਰਥ ਨਾਲ ਖੁਸ਼ੀਆਂ ਨਾਲ ਜੁੜ ਜਾਂਦੇ ਹਨ, ਉਹ ਦੁਖੀ ਰਹਿੰਦੇ ਹਨ ਕਿਉਂ ਜੋ ਇਹ ਪਦਾਰਥ ਤਾਂ ਛਿਨਭੰਗਰ ਹਨ। ਜਿਹੜੇ ਜੰਮਣ ਮਰਨ ਦੇ ਬੰਧਨ ਤੋਂ ਛੁਟਕਾਰਾ ਪਾ ਜਾਂਦੇ ਹਨ ਉਹ ਮੁਕਤ ਹੋ ਜਾਂਦੇ ਹਨ। ਆਤਮ ਸਿਧੀ, ਆਤਮ ਸਾਧਨਾ, ਪ੍ਰਾਪਤ ਕਰਨ ਲਈ ਹਰ ਪੱਧਰ ਤੇ ਮੁਕਤ ਹੋਣਾ ਪੈਂਦਾ ਹੈ।

ਇਸ ਭਾਗ ਵਿਚ ਤਾਂ ਸੰਸਾਰਕ ਗਿਆਨ ਬਾਰੇ ਹੀ ਦੱਸਿਆ ਗਿਆ ਹੈ, ਕਿਵੇਂ ਗੁਣਵਾਨ ਕਰਮ ਕੀਤੇ ਜਾਣ, ਚੰਗੇ ਕੰਮ ਕੀਤੇ ਜਾਣ, ਕਿਵੇਂ ਉਨ੍ਹਾਂ ਦੇ ਫਲ ਦੀ ਪ੍ਰਾਪਤੀ ਕਰਕੇ ਉਨ੍ਹਾਂ ਦਾ ਅਨੰਦ ਮਾਣਿਆ ਜਾਵੇ। ਜਦੋਂ ਜਗਿਆਸੂ ਨੂੰ ਚੰਗੇ ਕਰਮਾਂ ਦਾ ਫਲ ਪ੍ਰਾਪਤ ਹੁੰਦਾ ਹੈ ਜਗਿਆਸੂ ਚੰਗੇ ਤੇ ਉਚੇ ਤੇ ਚੰਗੇ ਕਰਮ ਕਰਨ ਦੀ ਮਹੱਤਤਾ ਨੂੰ ਸਮਝ ਲੈਂਦਾ ਹੈ ਇਸ ਤਰ੍ਹਾਂ ਕਰਕੇ ਉਹ ਅੰਤਮ ਮੁਕਤੀ ਤੇ ਪਹੁੰਚ ਜਾਂਦਾ ਹੈ।

## ਸੁਨਾਮੀ ਪੀੜਤਾਂ ਨੂੰ ਭੇਜੀ ਰਾਹਤ ਤੋਂ ਪ੍ਰਭਾਵਿਤ ਹੋ ਕੇ ਤਾਮਿਲਨਾਡੂ ਦੇ ਪਤਵੰਤੇ ਰਤਵਾੜਾ ਸਾਹਿਬ ਦੇ ਦਰਸ਼ਨਾਂ ਨੂੰ ਆਏ

"ਸੁਨਾਮੀ ਆਫਤ ਦੌਰਾਨ ਪੰਜਾਬੀਆਂ ਵਿਸ਼ੇਸ਼ ਕਰ ਕੇ ਗੁਰਦੁਆਰਾ ਰਤਵਾੜਾ ਸਾਹਿਬ ਤੋਂ ਮਿਲੀ ਮਦਦ ਤੋਂ ਪ੍ਰਭਾਵਿਤ ਹੋ ਕੇ ਹੀ ਅਸੀਂ ਗੁਰਦੁਆਰਾ ਰਤਵਾੜਾ ਸਾਹਿਬ ਦੇ ਦਰਸ਼ਨਾਂ ਲਈ ਆਏ ਹਾਂ।" ਇਹ ਵਿਚਾਰ ਤਾਮਿਲਨਾਡੂ ਤੋਂ ਆਏ 50 ਮੈਂਬਰੀ ਟੀਮ ਦੇ ਆਗੂ ਤੇ ਕਿੰਗ ਆਫ ਸ੍ਰੀ ਕਾਲੀ ਜ਼ਿਲਾ ਨਾਗਾਪਟਨਮ (ਤਾਮਿਲਨਾਡੂ) ਨੇ ਇਥੇ ਸੁਰਗਵਾਸੀ ਬਾਬਾ ਸੰਤ ਵਰਿਆਮ ਸਿੰਘ ਦੇ ਗ੍ਰਹਿ ਵਿਖੇ ਪ੍ਰਗਟ ਕੀਤੇ। ਉਹ ਇਥੇ ਵਿਸ਼ਵ ਗੁਰਮਤਿ ਰੂਹਾਨੀ ਮਿਸ਼ਨ ਚੈਰੀਟੇਬਲ ਟਰੱਸਟ ਗੁਰਦੁਆਰਾ ਈਸ਼ਰ ਪ੍ਰਕਾਸ਼ ਰਤਵਾੜਾ ਸਾਹਿਬ ਦੇ ਦਰਸ਼ਨ ਕਰਨ ਤੋਂ ਬਾਅਦ ਪੱਤਰਕਾਰਾਂ ਨਾਲ ਰੂਬਰੂ ਹੋਏ ਸਨ। ਕਿੰਗ ਆਫ ਸ੍ਰੀ ਕਾਲੀ ਐਸ. ਬਾਬਾ ਸੁਭਰਮਨਿਯਮ ਨੇ ਕਿਹਾ ਕਿ ਸੁਨਾਮੀ ਕਹਿਰ ਦੌਰਾਨ ਰਤਵਾੜਾ ਸਾਹਿਬ ਤੋਂ ਬਾਬਾ ਹਰਪਾਲ ਸਿੰਘ ਦੀ ਅਗਵਾਈ ਵਿਚ ਇਕ ਮਹੀਨੇ ਤੱਕ ਸੁਨਾਮੀ ਪੀੜਤਾਂ ਨੂੰ ਜੋ ਰਾਹਤ ਪ੍ਰਦਾਨ ਕੀਤੀ ਗਈ ਉਹ ਬਹੁਤ ਹੀ ਸ਼ਲਾਘਾਯੋਗ ਹੈ ਤੇ ਉਸੇ ਸੇਵਾ ਭਾਵ ਤੋਂ ਪ੍ਰਭਾਵਿਤ ਹੋ ਕੇ ਉਹ ਦਾਨੀਆਂ ਦੀ ਧਰਤੀ ਪੰਜਾਬ ਨੂੰ ਸਿਜਦਾ ਕਰਨ ਆਏ ਹਨ। ਉਨ੍ਹਾਂ ਕਿਹਾ ਕਿ ਉਹ ਵੀ ਪੰਜਾਬੀਆਂ ਦੀ ਸੇਵਾ ਭਾਵਨਾ ਤੋਂ ਪ੍ਰੇਰਿਤ ਹੋ ਕੇ ਇਸ ਭਾਵਨਾ ਨੂੰ ਹੋਰ ਅੱਗੇ ਵਧਾਉਣਗੇ। ਉਨ੍ਹਾਂ ਨੇ ਬਾਬਾ ਹਰਪਾਲ ਸਿੰਘ ਨੂੰ ਬੇਨਤੀ ਕੀਤੀ ਕਿ ਉਨ੍ਹਾਂ ਦੇ ਸੂਬੇ ਵਿਚ ਗੁਰਦੁਆਰਾ ਬਣਾਉਣ ਲਈ ਜ਼ਮੀਨ ਉਨ੍ਹਾਂ ਨੂੰ ਮੁਫਤ ਮੁਹੱਈਆ ਕਰਵਾਈ ਜਾਵੇਗੀ। ਇਸ ਮੌਕੇ ਸੰਤ ਬਾਬਾ ਹਰਨੇਕ ਸਿੰਘ ਲੰਗਰਾਂ ਵਾਲੇ (ਰਤਵਾੜਾ ਸਾਹਿਬ), ਬਾਬਾ ਹਰਪਾਲ ਸਿੰਘ ਤੇ ਬਾਬਾ ਜਸਵਿੰਦਰ ਸਿੰਘ ਘੋਲਾ ਨੇ ਕਿੰਗ ਆਫ ਸ੍ਰੀ ਕਾਲੀ ਦੋਭਾਸ਼ੀਏ ਪਦਮ ਚੰਦ ਖੁਰਾਣਾ ਨੂੰ ਸਿਰੋਪਾ ਦੇ ਕੇ ਸਨਮਾਨਿਤ ਕੀਤਾ।

ਸਤਿਕਾਰਯੋਗ ਬੀਬੀ ਜੀ, ਮਾਤਾ ਰਣਜੀਤ ਕੌਰ ਜੀ ਨੇ ਸਭ ਮਹਿਮਾਨਾਂ ਨੂੰ ਅਸੀਸਾਂ ਦਿਤੀਆਂ। ਮਹਿਮਾਨਾਂ ਨੇ ਬੀਜੀ ਪ੍ਰਤੀ ਆਪਣੀ ਸਦਭਾਵਨਾ, ਸਤਿਕਾਰ ਅਤੇ ਅਕੀਦਤ ਭੇਂਟ ਕੀਤੀ। ਉਨ੍ਹਾਂ ਨੂੰ ਤਾਮਿਲਨਾਡੂ ਵਿਖੇ ਦਰਸ਼ਨ ਦੇਣ ਲਈ ਸਨਿੰਮਰ ਬੇਨਤੀ ਕੀਤੀ। ਬੜੇ ਮਿੱਠੇ ਪਿਆਰ ਭਰੇ ਮਹੌਲ ਵਿਚ ਸਭ ਮਹਿਮਾਨਾਂ ਨੂੰ ਵਿਦੈਗੀ ਦਿਤੀ ਗਈ।

*ਧੰਨਵਾਦ ਸਹਿਤ ਪੰਜਾਬੀ ਟ੍ਰਿਬਿਊਨ 2 ਸਤੰਬਰ 2005*

# ............ ਤਾ ਕੇ ਪਾਛੇ ਜੀਵਣਾ

***ਪ੍ਰਭਜੋਤ ਕੌਰ***

ਸਮਾਂ ਇਸ ਸੰਸਾਰ ਵਿਚ ਸਭ ਤੋਂ ਵੱਧ ਸ਼ਕਤੀਸ਼ਾਲੀ ਮੰਨਿਆ ਗਿਆ ਹੈ। ਸਭ ਤੋਂ ਤੇਜ਼ ਰਫਤਾਰ ਇਸ ਦੀ ਹੈ। ਕਦੋਂ ਇਨਸਾਨ ਦਾ ਜਨਮ ਹੁੰਦਾ ਹੈ, ਕਿਦਾਂ ਉਹ ਜਵਾਨ ਹੁੰਦਾ ਹੈ, ਫਿਰ ਆਰਜਾ ਬੀਤਦੀ ਚਲੀ ਜਾਂਦੀ ਹੈ ਅਤੇ ਅੰਤ ਵਿਚ ਇਸ ਜਨਮ ਦਾ ਸਿੱਟਾ ਨਿਕਲਦਾ ਹੈ-ਮੌਤ। ਜੀਵ ਆਤਮਾ ਇਸ ਹੱਡ ਮਾਸ ਦੇ ਪਿੰਜਰੇ 'ਚੋਂ ਆਜ਼ਾਦ ਹੋ ਜਾਂਦੀ ਹੈ ਤੇ ਕਰਮਾਂ ਦੀ ਬੱਝੀ ਅਗਲੇ ਸਰੀਰ ਧਾਰਨ ਕਰਦੀ ਰਹਿੰਦੀ ਹੈ। ਇਹ ਉਦੋਂ ਤੱਕ ਚਲਦਾ ਹੈ ਜਦੋਂ ਤੱਕ ਇਹ ਆਪਣੇ ਅਸਲੀ ਸਰੂਪ ਦੀ ਪਹਿਚਾਣ ਨਹੀਂ ਕਰਦੀ। ਗਹਿਰਾਈ ਨਾਲ, ਜੇ ਅਸੀਂ ਇਹਨਾਂ ਬਾਤਾਂ ਨੂੰ ਬੀਚਾਰੀਏ, ਜੀਵਨ ਵਿਚ ਕਿਤੇ ਲਿਆਉਣ ਦੀ ਕੋਸ਼ਿਸ਼ ਕਰੀਏ, ਇਹ ਸਰੀਰ ਫਿਰ ਵਾਹਿਗੁਰੂ ਜੀ ਦੀ ਅਮਾਨਤ ਲਗਣ ਲਗ ਜਾਂਦਾ ਹੈ। ਸਹਿਜ ਸੁਭਾਅ ਮਨ ਲੱਗਣ ਲਗ ਜਾਂਦਾ ਹੈ। ਪਿਤਾ ਜੀ ਫੁਰਮਾਉਂਦੇ ਹੁੰਦੇ ਕਿ ਸਾਧਸੰਗਤ ਜੀ ਜਨਮ ਤਾਂ ਐਂ ਲੰਘ ਜਾਂਦੈ, ਜਿਦਾਂ ਚੁਟਕੀ ਮਾਰਿਆ ਸਮਾਂ ਲੰਘਦੈ। ਸਚਮੁੱਚ ਉਹ ਬਚਨ ਬਹੁਤ ਹੀ ਗਹਿਰੇ ਹਨ, ਜਿਨਾਂ ਦੀ ਸਮਝ ਬਿਨਾਂ ਗੁਰੂ ਕਿਰਪਾ ਦੇ ਨਹੀਂ ਪੈ ਸਕਦੀ।

ਜਦੋਂ ਮੈਨੂੰ ਮਹਾਰਾਜ ਜੀ ਦੀ ਸੰਗਤ ਮਿਲੀ, ਮੈਂ ਕੁਝ ਕੁ ਮਹੀਨਿਆਂ ਦੀ ਸੀ। ਦੋ ਦਹਾਕੇ ਅੱਖ ਫਰਕੇ 'ਚ ਹੀ ਨਿਕਲ ਗਏ। ਪਿਤਾ ਜੀ ਦਾ ਉਹ ਪਾਵਨ ਸਰੀਰ, ਪਤਾ ਨਹੀਂ ਸਭ ਕਿਥੇ ਅਲੋਪ ਹੋ ਗਿਆ। ਉਹ ਸੱਚ ਵੀ ਬਹੁਤ ਪਿਆਰਾ ਸੀ। ਬਹੁਤ ਯਤਨ ਕਰਦੀ ਹਾਂ ਕਿ ਇਸ ਪਾਸੇ ਵਲ ਨਾਂ ਮੁੜਾਂ, ਪਰ ਖਿਆਲ ਥੰਮਦੇ ਨਹੀਂ, ਸਹਿਜ ਸੁਭਾਅ 31 ਅਕਤੂਬਰ ਵੱਲ ਨੂੰ ਵਧਦੇ ਜਾ ਰਹੇ ਹਨ। ਕਿਸੇ ਵੀ ਪ੍ਰੇਮੀ ਨੂੰ ਉਹ ਦਿਨ, ਉਹ ਘੜੀ ਨੂੰ ਭੁਲਣਾ ਅਸੰਭਵ ਹੈ। ਸ਼ਾਇਦ ਇਸ ਦਿਨ ਤੋਂ ਪਹਿਲਾਂ ਦੇ ਸਭ ਅਹਿਸਾਸ ਬਹੁਤ ਹੋਰ ਤਰ੍ਹਾਂ ਦੇ ਸਨ। ਪਰ ਸਤਿਪੁਰਸ਼ਾਂ ਦੀ ਮੌਜ, ਸਮੇਂ ਦੀ ਕਰਵਟ ਨੇ ਕੁਝ ਹੋਰ ਹੀ ਰੰਗ ਸਿਰਜ ਦਿੱਤਾ। ਜੋ ਸਰੀਰ ਹਜ਼ਾਰਾਂ ਹੀ ਪ੍ਰੇਮੀਆਂ ਦਾ ਆਤਮਿਕ ਧੇਹ ਸੀ, ਉਹ ਛਿਨ ਵਿਚ ਹੀ ਅਲੋਪ ਹੋ ਗਿਆ, ਕਿੰਨਾ ਨੁਕਸਾਨ ਹੋਇਆ ਅਧਿਆਤਮਕ ਮਾਰਗ ਦੇ ਪਾਂਧੀਆਂ ਦਾ, ਉਸ ਦਾ ਅੰਦਾਜ਼ਾ ਲਾਉਣਾ ਬਹੁਤ ਔਖਾ ਹੈ। ਇਕ ਸਦਮੇਂ ਨੇ ਸਭ ਦੀ ਆਤਮ ਝੰਜੋੜ ਦਿੱਤੀ ਤੇ ਅਜ ਤੱਕ ਵੀ ਪ੍ਰੇਮੀਆਂ ਨੂੰ ਸੰਭਾਲਣਾ ਬਹੁਤ ਔਖਾ ਹੈ। ਉਹ ਮਹਾਨ ਆਤਮਾ ਨੂੰ ਸੰਭਾਲਣ ਵਾਲਾ ਸ਼ਰੀਰ ਜਿਸ ਨੇ ਸਾਰੀ ਦੁਨੀਆਂ ਨੂੰ ਨਾਮ ਦਾ ਛਿੱਟਾ ਦਿੱਤਾ, ਆਤਮ ਮਾਰਗ ਦੇ ਪਾਂਧੀਆਂ ਦੀ ਹਰ ਸਮੱਸਿਆ ਦਾ ਸਮਾਧਾਨ ਕੀਤਾ, ਪ੍ਰੇਮ ਨੂੰ ਹਰ ਹਿਰਦੇ ਵਿਚ ਉਜਾਗਰ ਕੀਤਾ ਅਤੇ ਉਸ ਦਾ ਅਨੁਭਵ ਕਰਵਾਇਆ। ਉਸ ਮਹਾਂ ਪਵਿੱਤਰ ਆਤਮਾ ਦੇ ਸਰੀਰ ਤੋਂ ਜੁਦਾ ਹੋਣਾ ਕਿਸੇ ਮੌਤ ਤੋਂ ਘਟ ਨਹੀਂ। ਸਾਲ ਚਲਦੇ ਜਾ ਰਹੇ ਹਨ, ਪਰ ਪ੍ਰੇਮੀਆਂ ਦੇ ਦਿਲ ਹੋਰ ਪਿਛੇ ਨੂੰ ਲੋਚਦੇ ਹਨ। ਦਿਲ ਉਹਨਾਂ ਯਾਦਾਂ ਦੇ ਵਿਚ ਉਹਨਾਂ ਪੱਲਾਂ ਦੇ ਵਿਚ ਹੀ ਤਰਦੇ ਰਹਿਣਗੇ, ਜੋ ਉਸ ਪਿਆਰੇ ਦੇ ਚਰਨਾਂ ਵਿਚ ਗੁਜ਼ਰੇ। ਪਤਾ ਨਹੀਂ ਕਿੰਨੀਆਂ ਕੁ ਅੱਖਾਂ, ਕਿੰਨੇ ਕੁ ਹਿਰਦੇ ਨੇ ਜੋ ਤਰਸ ਰਹੇ ਹਨ। ਉਸ ਅਗੰਮੀ ਦਰਸ਼ਨ ਨੂੰ। ਬਹੁਤ ਮੁਸ਼ਕਿਲ ਘੜੀ ਹੈ, ਪਰ ਇਹ ਮੁੱਕ ਹੀ ਨਹੀਂ ਰਹੀ ਹਰ ਚੜਨ ਵਾਲਾ ਸੂਰਜ ਇਸ ਨੂੰ ਹੋਰ ਲੰਬਾ ਕਰਦਾ ਚਲਿਆ ਜਾ ਰਿਹਾ ਹੈ। ਸ਼ਾਇਦ ਉਹ ਅਤਿ ਪਿਆਰੇ ਪਿਤਾ ਜੀ ਸਭ ਨੂੰ ਅਜਰ ਨੂੰ ਜਰਨ ਵਾਲਾ ਸਬਕ ਦ੍ਰਿੜ ਕਰਵਾ ਰਹੇ ਹਨ। ਕੁਝ ਵੀ ਕਿਹਾ ਜਾਏ, ਧੀਰਜ ਦਾ ਅਹਿਸਾਸ ਨਹੀਂ ਹੁੰਦਾ।

ਪਿਆਰੇ ਤੋਂ ਬਿਨਾਂ ਜਿੰਦਗੀ, ਜਿੰਦਗੀ ਨਹੀਂ ਰਹਿੰਦੀ। ਜਿੰਦਗੀ ਤੋਂ ਮਹਾਂ ਅਨੰਦ ਕਿਧਰੇ ਉੱਡ ਜਾਂਦਾ ਹੈ। ਪਿਆਰੇ ਦੇ ਸੰਗ ਜੋ ਪਲ ਬੀਤ ਜਾਂਦੇ ਹਨ, ਉਹੀ ਤਾਂ ਜੀਵਣਾ ਹੈ। ਗੁਰਬਾਣੀ ਤਾਂ ਹੋਰ ਸਭ ਜੀਵਣੇ ਨੂੰ ਧਿਰਕਾਰਾ ਪਾ ਰਹੀ ਹੈ। ਮਹਾਰਾਜ ਜੀ ਫੁਰਮਾਉਂਦੇ ਹਨ –

***ਧ੍ਰਿਗੁ ਜੀਵਣੁ ਸੰਸਾਰਿ ਤਾ ਕੈ ਪਾਛੈ ਜੀਵਣਾ॥***

***ਅੰਗ - 83***

ਧਿਰਕਾਰ ਹੈ ਤੇਰਾ ਇਹੋ ਜਿਹਾ ਜੀਵਣਾ ਜੇ ਤੂੰ ਪਿਆਰੇ ਬਾਝੋਂ ਜੀ ਰਿਹਾ ਹੈ। ਇਹ ਕਿਹਾ ਜੀਵਣਾ ਹੈ। ਪਿਆਰੇ ਤੋਂ ਦੂਰ ਹੋ ਕੇ ਕਾਹਦਾ ਜੀਵਣਾ ਹੈ।

***ਧ੍ਰਿਗੁ ਧ੍ਰਿਗੁ ਖਾਇਆ ਧ੍ਰਿਗੁ ਧ੍ਰਿਗੁ ਸੋਇਆ***
***ਧ੍ਰਿਗੁ ਧ੍ਰਿਗੁ ਕਾਪੜੁ ਅੰਗਿ ਚੜਾਇਆ॥ ਅੰਗ-796***

***ਮਿਲੁ ਮੇਰੇ ਗੋਬਿੰਦ ਅਪਨਾ ਨਾਮੁ ਦੇਹੁ॥***
***ਨਾਮ ਬਿਨਾ ਧ੍ਰਿਗੁ ਧ੍ਰਿਗੁ ਅਸਨੇਹੁ॥ ਅੰਗ - 240***

ਉਸ ਹਰ ਇਕ ਕੰਮ ਨੂੰ ਮਹਾਰਾਜ ਜੀ ਨੇ ਧਿਰਕਾਰ ਪਾਈ ਹੈ, ਜੋ ਪਿਆਰੇ ਤੋਂ ਬਗੈਰ, ਉਸ ਦੇ ਨਾਮ ਤੋਂ ਬਗੈਰ ਕੀਤਾ ਗਿਆ ਹੈ। ਪਿਆਰਾ ਕਦੇ ਸਰੀਰ ਨਹੀਂ ਹੁੰਦਾ ਇਹੀ ਯਥਾਰਥ ਹੈ। ਪਰ, ਸਰੀਰ ਤੋਂ ਬਗੈਰ ਮਿਲਦਾ ਵੀ ਨਹੀਂ, ਇਹ ਵੀ ਸੱਚ ਹੈ। ਮਾਤ ਲੋਕ ਵਿਚ ਸੰਸਾਰ ਕਲਿਆਣ ਲਈ ਜੋ ਵੀ ਪ੍ਰਾਣੀ ਵਾਹਿਗੁਰੂ ਦਾ ਭੇਜਿਆ ਆਉਂਦਾ ਹੈ, ਉਸ ਨੂੰ ਇਸ ਪੰਜ ਤੱਤ ਦੇ ਸਰੀਰ ਵਿਚ ਹੋ ਕੇ ਹੀ ਵਿਚਰਨਾ ਪੈਂਦਾ ਹੈ। ਇਹੋ ਜਿਹੇ ਮਹਾਂ ਪਵਿੱਤਰ ਸਰੀਰ ਹੁੰਦੇ ਹਨ ਪੂਰੇ ਸਤਿਪੁਰਖ ਦੇ। ਉਸ ਸਰੀਰ ਦੀ ਗੈਰਮੌਜੂਦਗੀ ਵਿਚ, ਸਾਰੇ ਪ੍ਰੇਮੀ ਆਪਣੀ ਜਿੰਦਗੀ ਦਾ ਸਫਰ ਉਹਨਾਂ ਦੀ ਯਾਦ ਵਿਚ ਬਿਤਾ ਰਹੇ ਹਨ। ਸਭ ਦੀ ਪੀੜ ਸਾਂਝੀ ਹੈ, ਸਭ ਦੇ ਧੇਅ ਸਾਂਝੇ ਹਨ। ਅਰ ਪ੍ਰੇਮੀ ਆਪਣੇ ਪਿਆਰੇ ਦੇ ਹੁਕਮ ਦੇ ਅਨੁਸਾਰ ਜੀਉਣ ਦੀ ਕੋਸ਼ਿਸ਼ ਕਰ ਰਿਹਾ ਹੈ। ਪਰ ਕੋਈ ਵੀ ਉਹ ਸਮਾਂ ਸਾਨੂੰ ਮੋੜ ਕੇ ਨਹੀਂ ਦੇ ਸਕਦਾ, ਜੋ ਪਿਤਾ ਜੀ ਦੇ ਸੰਗ ਗੁਜ਼ਰਿਆ।

ਕੀਰਤਨ ਕਰਨ ਸੁਣਨ ਵਾਲਿਆਂ ਦੀ ਕੋਈ ਕਮੀ ਨਹੀਂ ਹੈ। ਪਰ ਕੌਣ ਦੇਵੇ ਉਹੋ ਜਿਹਾ ਆਤਮਿਕ ਹਲੂਣਾ, ਜੋ ਆਪਜੀ ਦੇ ਪਿਆਰੇ ਬੋਲ ਦੇ ਕੇ ਜਾਂਦੇ ਰਹੇ। ਕਿਸ ਸਰੀਰ 'ਚ ਐਨਾ ਬਲ ਹੈ ਕਿ ਜਿਧਰ ਨਿਗਾਹ ਪਾਏ, ਸਭ ਸ਼ਾਂਤ ਅਤੇ ਅਰੋਗ ਹੋ ਜਾਣ। ਕੋਈ ਵਿਰਲਾ ਹੀ ਹੁੰਦਾ ਹੈ। ਐਸੇ ਅਭੇਦ ਅਵਸਥਾ ਦੇ ਮਹਾਂਪੁਰਖ ਵਿਰਲੇ ਵਿਰਲੇ ਹਨ। ਪਰ ਫਿਰ ਵੀ ਗੁਰੂ ਨਾਨਕ ਸਾਹਿਬ ਦਾ ਪਿਆਰ ਦਾ ਭੰਡਾਰਾ ਕੋਈ ਐਂ ਨਹੀਂ ਵਰਤਾ ਸਕਿਆ, ਜਿਦਾਂ ਆਪ ਜੀ ਨੇ

ਵਰਤਾਇਆ। ਸੋ ਐਨਾ ਪਿਆਰ ਜਿਸ ਨੇ ਵੀ ਮਾਣਿਆ ਹੈ, ਉਹ ਕੀ ਕਰੇ। ਫਿਰ ਉਸ ਪਿਆਰ ਦਾ ਨਾ ਮਿਲਣਾ, ਐਸੀ ਦਮਾਂ ਬਾਰੇ ਆਪ ਜੀ ਬਿਹਤਰ ਜਾਣਦੇ ਹੋ। ਜਿਸ ਨੂੰ ਲਗਦੀ ਹੈ ਸੋਈ ਜਾਣਦਾ ਹੈ। ਬਾਕੀ ਜਿਸਨੇ ਆਪਣੇ ਜੀਵਨ ਵਿਚ ਕਦੇ ਕਿਸੇ ਪੂਰੇ ਦਾ ਪਿਆਰ ਨਹੀਂ ਮਾਣਿਆ, ਉਹ ਕੀ ਜਾਨਣ, ਪਿਆਰ ਕਿਸ ਸ਼ੈਅ ਦਾ ਨਾਮ ਹੈ। ਉਹ ਅਗੰਮੀ ਰੰਗ ਜਿੰਨਾ ਨੇ ਮਾਣਿਆ ਹੈ, ਦੇਖਿਆ ਹੈ, ਇਹ ਤਾਂ ਉਹਨਾਂ ਨੂੰ ਹੀ ਪਤਾ ਹੈ। ਯੂ.ਪੀ. ਵਾਲੇ ਪ੍ਰੇਮੀ ਸਮਾਗਮਾਂ 'ਚ ਆਪ ਜੀ ਦੇ ਸਰੀਰ ਹੁੰਦੀਆਂ, ਇਕ ਧਾਰਨਾ ਪੜਦੇ ਹੁੰਦੇ -

***ਗੁਰਾਂ ਦੀ ਪ੍ਰੀਤ ਸਾਰੇ ਜਗ ਨਾਲੋਂ ਮਿੱਠੀ ਹੈ,***
***ਉਹਨਾਂ ਨੂੰ ਕੀ ਪਤਾ ਜਿੰਨਾ ਲਾ ਕੇ ਨਾ ਡਿੱਠੀ ਹੈ।***

ਇਹ ਗੱਲ ਐਵੇਂ ਜਿਵੇਂ ਹੀ ਹੈ। ਲਗੀਆਂ ਵਾਲਿਆਂ ਨੂੰ ਹੀ ਪਤਾ ਹੁੰਦਾ ਹੈ। ਆਪ ਜੀ ਦਾ ਪਵਿੱਤਰ ਸਮਾਧੀ ਲੀਨ ਦਿਹਾੜਾ ਹਰ ਸਾਲ ਦੀ ਤਰ੍ਹਾਂ, ਪਰਮ ਪੂਜਨੀਯ ਬੀਜੀ ਦੀ ਸਰਪ੍ਰਸਤੀ ਹੇਠ, ਬਾਬਾ ਹਰਪਾਲ ਸਿੰਘ ਜੀ ਦੀ ਦੇਖ ਰੇਖ ਹੇਠ ਸਰਬੱਤ ਸੰਗਤਾਂ ਵਲੋਂ 28,29,30,31 ਅਕਤੂਬਰ ਨੂੰ ਰਤਵਾੜਾ ਸਾਹਿਬ ਵਿਖੇ ਮਨਾਇਆ ਜਾ ਰਿਹਾ ਹੈ। ਜਿੰਨਾਂ ਦਾ ਨਾਓ ਲਿਆ ਤੋਂ ਮੁੱਖ ਪਵਿੱਤਰ ਹੁੰਦਾ ਹੈ, ਆਤਮਾ ਤ੍ਰਿਪਤ ਹੁੰਦੀ ਹੈ, ਹਿਰਦਾ ਠਰਦਾ ਹੈ - ਐਸੇ ਯੁੱਗ ਪੁਰਖਾਂ ਦੀ ਯਾਦ ਮਨਾਉਣ ਲਈ ਆਪ ਜੀ ਜਰੂਰ ਸਥਾਨ ਵਿਖੇ ਦਰਸ਼ਨ ਦੇਵੋ।

ਆਪ ਜੀ ਬਚਨ ਕਰਿਆ ਕਰਦੇ ਸਨ, ਹੁਣ ਮੈਂ ਐਥੇ ਬੈਠਾ ਤੁਹਾਨੂੰ ਦੇਖ ਰਿਹਾ ਹਾਂ, ਫਿਰ ਬਾਅਦ ਵਿਚ ਉਪਰ ਬੈਠ ਕੇ ਦੇਖੂਗਾਂ। ਸੋ ਭਾਵ ਹੈ ਕਿ ਉਹ ਅੱਜ ਵੀ ਸਾਡੇ ਨਾਲ ਹਨ। ਸਾਨੂੰ ਦੇਖ ਰਹੇ ਹਨ। ਸਰੀਰ ਤਾਂ ਥਿਰ ਰਹਿਣ ਵਾਲੀ ਵਸਤੂ ਨਹੀਂ ਹੈ। ਪਰ ਐਸੀਆਂ ਮਹਾਨ ਆਤਮਾਵਾਂ ਦੀ ਬਾਬਤ ਨੌਵੇਂ ਗੁਰੂ ਨਾਨਕ ਆਪਣੇ ਸਲੋਕਾਂ ਅੰਦਰ ਫੁਰਮਾਉਂਦੇ ਹਨ।

***ਨਾਮੁ ਰਹਿਓ ਸਾਧੂ ਰਹਿਓ ਰਹਿਓ ਗੁਰੁ ਗੋਬਿੰਦੁ॥***
***ਕਹੁ ਨਾਨਕ ਇਹ ਜਗਤ ਮੈ ਕਿਨ ਜਪਿਓ ਗੁਰ ਮੰਤੁ॥***
***ਅੰਗ - 1429***

ਮੇਰਾ ਤਾਂ ਇਹ ਵਿਸ਼ਵਾਸ਼ ਹੈ ਕਿ ਜਿੰਨਾ ਦੇ ਅੰਦਰ ਲਗਨ ਹੁੰਦੀ ਹੈ, ਪਿਆਰੇ ਦੀ ਯਾਦ 'ਚ ਜੁੜ ਬੈਠਣ ਦੀ, ਉਸਨੂੰ ਤਾਂ ਪਿਆਰਾ ਆਪ ਬਾਂਹ ਫੜ ਕੇ ਲਿਆਉਂਦਾ ਹੈ। ਕੋਈ ਬਿਘਨ, ਕੋਈ ਦੁਖ ਉਸਦਾ ਰਾਹ ਨਹੀਂ ਰੋਕ ਸਕਦੇ। ਕੋਈ ਸੰਕਟ ਉਸਨੂੰ ਪੋਹ ਨਹੀਂ ਸਕਦਾ। ਸੋ ਆਪ ਜੀ ਨੇ ਇਹਨਾਂ ਚਾਰ ਦਿਨਾਂ 'ਚ ਜਰੂਰ ਹੀ ਦਰਸ਼ਨ ਦੇਣ ਦੀ ਕ੍ਰਿਪਾਲਤਾ ਕਰਨੀ। ਬਾਕੀ ਅਜਿਹੀਆਂ ਮਹਾਨ ਅਮਰ ਆਤਮਾਵਾਂ ਦੇ ਚਰਨਾਂ ਵਿਚ ਮੇਰੀ ਤਾਂ ਬਾਰ ਬਾਰ ਬੰਦਨਾਂ ਹੈ, ਸਤਿਗੁਰੂ ਕਿਰਪਾ ਕਰਨ ਜਿਸ ਰਾਹੇ ਸਾਨੂੰ ਤੋਰਿਆ ਗਿਆ ਹੈ, ਉਸੇ ਤੇ ਹੀ ਲਾ ਕੇ ਰੱਖਣ। ਅੰਤ ਵਿਚ ਆਪ ਜੀ ਦੇ ਮਹਾਂ ਸਮਾਧੀ ਦਿਹਾੜੇ ਤੇ ਆਪ ਜੀ ਦੇ ਚਰਨਾਂ ਵਿਚ ਨਮਸ਼ਕਾਰ ਕਰਦੀ ਹੋਈ ਇਹੀ ਅਰਦਾਸ ਕਰਦੀ ਹਾਂ ਕਿ ਸਾਡੇ ਸਭ ਦੇ ਹਿਰਦਿਆਂ ਵਿਚ ਆਪ ਦਾ ਲਾਇਆ ਹੋਇਆ ਉਹ ਪਿਆਰ ਦਾ ਬੂਟਾ, ਹੋਰ ਵਧੇ, ਹੋਰ ਫਲੀਭੂਤ ਹੋਏ ਤਾਂ ਕਿ ਸਾਡਾ ਵੀ ਕਲਿਆਣ ਹੋ ਸਕੇ।


(ਇਥੋਂ ਕੱਟ ਕੇ ਭੇਜੋ ਜੀ)

**MEMBERSHIP FORM** ✓ ☐ ਨਵੀਂ ਮੈਂਬਰਸ਼ਿੱਪ ☐ ਰਿਨੀਊਵਲ ☐ ਲਾਈਫ ਮੈਂਬਰਸ਼ਿਪ

ਆਤਮ ਮਾਰਗ
Monthly Magazine ਮਾਸਿਕ ਪਤ੍ਰਿਕਾ

**SUBSCRIPTION (ਦੇਸ਼)**

| ਸਾਲਾਨਾ | ਜੀਵਨ ਕਾਲ | ਫੀ ਕਾਪੀ |
|---|---|---|
| 200/- | 2000/- | 20/- |
| 220/- | 2020/- | |

**SUBSCRIPTION ਵਿਦੇਸ਼**

| | Annual | Life |
|---|---|---|
| U.S.A. | 50 US$ | 500 US$ |
| U.K. | 30 £ | 300 £ |
| Aus. | 80 $ | 800 $ |
| Europ | 50 Euro | 500 Euro |

ਨਾਮ/Name ..........

ਪਤਾ/Address ..........

..........

..........

.......... Pin Code ..........

Phone .......... Email : ..........

ਮੈਂ.......... ਰੁਪਏ ਮਨੀਆਰਡਰ/ਬੈਂਕ ਡਰਾਫਟ/ਚੈਕ ਨੰ.......... ਮਿਤੀ.......... ਰਾਹੀਂ ਭੇਜ ਰਿਹਾ ਹਾਂ।

ਦਸਖਤ..........

**ATAM MARG MONTHLY MAGAZINE**
Gurdwara Ratwara Sahib, P.o. Mullanpur Garibdas, Distt. Ropar (Pb.) Pin - 140901
Phone : 0160-2255002, Fax : 0160-2255009, Email : atammarg@glide.net.in, www.ratwarasahib.org

## ਰਤਵਾੜਾ ਸਾਹਿਬ ਵਿਖੇ ਮਹਾਂਪੁਰਸ਼ਾਂ ਦੇ ਦੀਵਾਨਾਂ ਦਾ ਪ੍ਰੋਗਰਾਮ

**ਐਤਵਾਰ** – 02, 09, 16, 23, 30 ਅਕਤੂਬਰ।

**ਸੰਗਰਾਂਦ** - 15 ਅਕਤੂਬਰ, ਦਿਨ ਸ਼ਨਿੱਚਰਵਾਰ।

**ਪੂਰਨਮਾਸ਼ੀ** - 17 ਅਕਤੂਬਰ, ਦਿਨ ਸੋਮਵਾਰ
(ਸਮਾਂ ਦੁਪਹਿਰ 12 ਵਜੇ ਤੋਂ ਸ਼ਾਮ 3.30 ਵਜੇ ਤੱਕ)

**ਅੰਮ੍ਰਿਤ ਸੰਚਾਰ** - ਹਰੇਕ ਪੂਰਨਮਾਸ਼ੀ ਨੂੰ ਗੁਰਦਵਾਰਾ ਈਸ਼ਰ ਪ੍ਰਕਾਸ਼, ਰਤਵਾੜਾ ਸਾਹਿਬ ਵਿਖੇ ਦਿਨ ਦੇ 12.00 ਵਜੇ ਹੁੰਦਾ ਹੈ।

**ਨਿਰਮਲ ਡੇਰਾ ਹਿਰਦਾਪੁਰ ਖੇੜੀ** – ਮਹੀਨੇ ਦੇ ਆਖਰੀ ਸ਼ਨਿੱਚਰਵਾਰ 29 ਅਕਤੂਬਰ 2005, ਸਮਾਂ ਦਿਨ ਦੇ – 11.00 ਵਜੇ ਤੋਂ 1.00 ਵਜੇ ਤੱਕ ਦੀਵਾਨ ਸਜਦਾ ਹੈ।

## ਸੂਚਨਾ

ਸੰਤ ਮਹਾਰਾਜ 'ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ' ਮੈਮੋਰੀਅਲ ਹਸਪਤਾਲ ਰਤਵਾੜਾ ਸਾਹਿਬ ਦੀ ਕਾਰ ਸੇਵਾ ਚਲ ਰਹੀ ਹੈ। ਜਿਨ੍ਹਾਂ ਵੀ ਪ੍ਰੇਮੀਆਂ ਨੇ ਹਸਪਤਾਲ ਵਾਸਤੇ ਮਾਇਆ ਭੇਜਣੀ ਹੋਵੇ ਉਹ ਹਸਪਤਾਲ ਅਕਾਊਂਟ ਨੰਬਰ SB-18177 A/C ਵਿਚ ਚੈਕ, ਮਨੀਆਰਡਰ, ਡਰਾਫਟ ਆਦਿ ਰਾਹੀਂ ਮਾਇਆ ਭੇਜਣ ਦੀ ਕ੍ਰਿਪਾਲਤਾ ਕਰਨ –

**Postal Address**

**Vishav Gurmat Roohani Mission Charitable Trust, (Hospital A/c)**
**Gurdwara Ishar Parkash**
Ratwara Sahib
P.O. Mullanpur Garibdass
Teh. Kharar, Via : Chandigarh.
Distt. Ropar (Pb)-140901 (India)

## ਵਿਸ਼ਵ ਗੁਰਮਤਿ ਰੂਹਾਨੀ ਮਿਸ਼ਨ ਚੈਰੀਟੇਬਲ ਟਰੱਸਟ

ਦੇ ਬਾਨੀ ਸੰਤ ਬਾਬਾ ਵਰਿਆਮ ਸਿੰਘ ਜੀ ਵੱਲੋਂ ਲਿਖਤ ਅਤੇ ਪ੍ਰਕਾਸ਼ਿਤ ਪੁਸਤਕਾਂ

ਇਹ ਪੁਸਤਕਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਗੂੜ੍ਹ ਸਿਧਾਂਤਾਂ ਨੂੰ ਭਲੀਭਾਂਤ ਨਿਖਾਰ ਕੇ ਪੇਸ਼ ਕਰਦੀਆਂ ਹਨ। ਇਨ੍ਹਾਂ ਵਿਚ ਨਾਮ, ਸੇਵਾ ਤੇ ਸਿਮਰਨ ਦੀਆਂ ਜੁਗਤੀਆਂ ਨੂੰ ਜਨ ਸਾਧਾਰਣ ਦੀ ਬੋਲੀ ਵਿਚ ਅੰਕਿਤ ਕੀਤਾ ਗਿਆ ਹੈ ਜੋ ਹਰ ਗੁਰਸਿੱਖ ਜਗਿਆਸੂ ਲਈ ਅਮੋਲਕ ਖਜ਼ਾਨਾ ਹੈ। ਆਤਮਿਕ ਸੁੱਖ-ਸ਼ਾਂਤੀ ਲਈ ਇਨ੍ਹਾਂ ਨੂੰ ਪ੍ਰਾਪਤ ਕਰਕੇ ਆਪ ਪੜ੍ਹੋ ਅਤੇ ਹੋਰਨਾਂ ਨੂੰ ਪੜ੍ਹਾਓ। ਜੋ ਕਿ ਗੁਰਦੁਆਰਾ ਈਸ਼ਰ ਪ੍ਰਕਾਸ਼ ਰਤਵਾੜਾ ਸਾਹਿਬ ਵਿਖੇ ਉਪਲਬਧ ਹਨ।

| | | ਪੰਜਾਬੀ | ਹਿੰਦੀ |
|---|---|---|---|
| 1. | ਸੁਰਤਿ ਸਬਦਿ ਮਾਰਗ | 50/ | 70/- |
| 2. | ਕਿਵ ਕੂੜੈ ਤੁਟੈ ਪਾਲਿ | 40/- | 35/- |
| 3. | ਬਾਤ ਅਗੰਮ ਕੀ - ਸੱਤ ਭਾਗਾਂ ਵਿਚ | 155/- | 235/- |
| 4. | ਕਿਵ ਸਚਿਆਰਾ ਹੋਈਐ - ਭਾਗ ਪਹਿਲਾ | 30/- | 35/- |
| 5. | ਕਿਵ ਸਚਿਆਰਾ ਹੋਈਐ - ਭਾਗ ਦੂਜਾ | 60/- | 65/- |
| 6. | ਕਿਵ ਸਚਿਆਰਾ ਹੋਈਐ - ਭਾਗ ਤੀਜਾ | 80/- | 100/- |
| 7. | ਹੋਵੈ ਅਨੰਦੁ ਘਣਾ | 25/- | 30/- |
| 8. | ਚਉਥੈ ਪਹਰਿ ਸਬਾਹ ਕੈ | 55/- | 60/- |
| 9. | ਸੁਰਤਿਆਂ ਉਪਜੈ ਚਾਉ | 40/- | 40/- |
| 10. | ਬਾਬਾਣੀਆਂ ਕਹਾਣੀਆਂ | 50/- | 50/- |
| 11. | ਸਰਬ ਪ੍ਰਿਅ ਗੁਰੂ ਗੋਬਿੰਦ ਸਿੰਘ | 10/- | 10/- |
| 12. | ਅੰਮ੍ਰਿਤ ਫੁਹਾਰ | 10/- | 10/- |
| 13. | ਅਗੰਮ ਅਗੋਚਰ ਦਾ ਮਾਰਗ | 60/- | 70/- |
| 14. | ਪੁਰਾਤਨ ਟੀਕਾ - ਜਪੁਜੀ ਸਾਹਿਬ | 10/- | 15/- |
| 15. | ਅਮਰ ਜੋਤਾਂ | 15/- | 15/- |
| 16. | ਗੁਰਮਤਿ ਪ੍ਰਚਾਰ ਦਾ ਸਰੋਤ-ਰਤਵਾੜਾ ਸਾਹਿਬ | 5/- | 5/- |
| 17. | ਹਿਮਾਲੀਆ ਦੇ ਸੰਤਾਂ ਦੇ ਸੰਗ ਨਿਵਾਸ | 70/- | |
| 18. | ਅਮਰ ਗਾਥਾ | 100/- | 100/- |
| 19. | ਧਰਮ ਯੁਧ ਕੇ ਚਾਇ | 50/- | |
| 20. | ਪਵਿਤਰ ਪੈਂਡਾ | 25/- | |
| 21. | ਭਗਤ ਪ੍ਰਹਿਲਾਦ | 10/- | 10/- |
| 22. | ਵੈਸਾਖੀ | 10/- | |
| 23. | ਰਾਜ ਯੋਗ | 40/- | |
| 24. | ਸਾਜਨ ਚਲੇ ਪਿਆਰਿਆ | 10/- | 10/- |
| 25. | ਅਬਿਨਾਸੀ ਜੋਤ ਭਾਗ-1 | 90/- | |
| 26. | ਅਬਿਨਾਸੀ ਜੋਤ ਭਾਗ-2 | 90/- | |
| 27. | ਰੂਹਾਨੀ ਗੁਲਦਸਤਾ -1 | 60/- | |
| 28. | ਰੂਹਾਨੀ ਗੁਲਦਸਤਾ - 2 | 60/- | |
| 29. | ਸੰਤ ਤੁਮਾਰੇ ਤੁਮਰੇ ਪ੍ਰੀਤਮ | 50/- | |
| 30. | ਅੰਮ੍ਰਿਤ ਬਚਨ ਸਾਧ ਕੀ ਬਾਣੀ | 80/- | |
| 31. | ਗੁਰੂ ਅਮਰਦਾਸ ਪਰਸੀਐ | 50/- | |

| | English Version | Price |
|---|---|---|
| 1. | Baisakhi | Rs. 5/- |
| 2. | How Rend The Veil of Untruth | Rs. 70/- |
| C. | Discourses on the Beyond-1 | Rs 50/- |
| 4. | Discourses on the Beyond -2 | Rs. 50/- |
| 5. | Discourses on the Beyond -3 | Rs. 50/- |
| 6. | Discourses on the Beyond -4 | Rs. 60/- |
| 7. | Discourses on the Beyond -5 | Rs. 60/- |
| 8. | The way to the imperceptible | Rs. 80/- |
| 9. | The Lights Immortal | Rs. 20/- |
| 10. | Transcendental Bliss | Rs. 70/- |
| 11. | How to Know Thy Real Self-(Vol-1) | Rs. 80/- |
| 12. | How to Know Thy Real Self-(Vol-2) | Rs. 80/- |
| 13. | How to Know Thy Real Self-(Vol-3) | Rs. 110/- |
| 14. | The Dawn of Khalsa Ideals | Rs. 10/- |
| 15. | A Glimpse of His Holiness - Baba ji | Rs. 5/- |